ੴ ਸਤਿਗੁਰ ਪ੍ਰਸਾਦਿ ॥

# ਨਿੱਤਨੇਮ
# ਸਟੀਕ

ਪ੍ਰਕਾਸ਼ਕ -

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਅੰਮ੍ਰਿਤਸਰ।

ਭੇਟਾ 17 ਰੁਪਏ

੧ ਓ ਵਾਹਿਗੁਰੂ ਜੀ ਕੀ ਫ਼ਤਹ॥

# ਨਿੱਤਨੇਮ ਸਟੀਕ

ਪ੍ਰੋ: ਪ੍ਰਕਾਸ਼ ਸਿੰਘ, ਟੀਕਾਕਾਰ

ਪ੍ਰਕਾਸ਼ਕ :

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ :
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ।

ਜੁਲਾਈ ੨੦੦੯ ੧੫,੦੦੦

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ,
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

# ਤਤਕਰਾ


* ਜਪੁ ਜੀ ਸਾਹਿਬ — ੫
* ਜਾਪੁ ਸਾਹਿਬ — ੭੭
* ਸਵੱਯੇ (ਸ੍ਰਾਵਗ ਸੁੱਧ ਸਮੂਹ) — ੧੪੮
* ਅਨੰਦੁ ਸਾਹਿਬ — ੧੫੯
* ਰਹਰਾਸਿ — ੨੦੮
* ਅਰਦਾਸ — ੨੬੧
* ਸੋਹਿਲਾ — ੨੬੫

# ਜਪੁ ਜੀ ਸਾਹਿਬ

**ੴ**

ਇਕ ਪ੍ਰਮਾਤਮਾ ਜੋ ਸਾਰੇ ਪਸਰਿਆ ਹੈ।

**ਸਤਿ ਨਾਮੁ**

ਉਸ ਦਾ ਨਾਂ ਸੱਚਾ ਹੈ।

**ਕਰਤਾ ਪੁਰਖੁ**

ਉਹ ਰਚਨਹਾਰ ਸਰਬ-ਵਿਆਪਕ ਹੈ।

**ਨਿਰਭਉ ਨਿਰਵੈਰੁ**

ਉਹ ਭੈ ਰਹਿਤ, ਵੈਰ ਰਹਿਤ ਹੈ।

**ਅਕਾਲ ਮੂਰਤਿ**

ਉਹ ਅਮਰ ਸਰੂਪ ਹੈ।

**ਅਜੂਨੀ**

ਉਹ ਜੂਨਾਂ ਵਿੱਚ ਨਹੀ ਆਉਂਦਾ।

**ਸੈਭੰ**

ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।

**ਗੁਰ ਪ੍ਰਸਾਦਿ ।।**

ਉਹ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

**ਜਪੁ ।।**

ਇਸ ਬਾਣੀ ਦਾ ਨਾਂ 'ਜਪੁ' ਹੈ।

**ਆਦਿ ਸਚੁ ਜੁਗਾਦਿ ਸਚੁ ।।**

ਰਚਨਾ ਤੋਂ ਪਹਿਲਾਂ ਵੀ ਸੱਚਾ ਸੀ, ਜੁਗਾਂ ਦੇ ਸ਼ੁਰੂ ਵਿੱਚ ਵੀ ਸੱਚਾ ਸੀ।

**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।। ੧ ।।**

ਹੁਣ ਭੀ ਸੱਚਾ ਹੈ, ਹੇ ਨਾਨਕ! ਅਗਾਂਹ ਭੀ ਸੱਚਾ ਰਹੇਗਾ।

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ।।**

ਵਿਚਾਰ ਕਰਨ ਨਾਲ ਉਸ ਦੀ ਗਿਆਤ ਨਹੀਂ ਆ ਸਕਦੀ, ਭਾਵੇਂ ਲੱਖਾਂ ਵਾਰੀ ਵਿਚਾਰ ਪਏ ਕਰੀਏ।

**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ।।**

ਭਾਵੇਂ ਅਖੰਡ ਸਮਾਧੀ ਲਾ ਕੇ ਚੁੱਪ ਸਾਧੀ ਰੱਖੀਏ ਤਾਂ ਵੀ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥**

ਭੁੱਖਿਆਂ ਦੀ ਭੁੱਖ ਨਹੀਂ ਲਹਿੰਦੀ, ਭਾਵੇਂ ਕਈ ਪੁਰੀਆਂ ਦੇ ਪਦਾਰਥ ਜੋੜ ਲਈਏ।

**ਸਹਸ ਸਿਆਣਪਾ ਲਖ ਹੋਹਿ**
**ਤ ਇਕ ਨ ਚਲੈ ਨਾਲਿ ॥**

ਹਜ਼ਾਰਾਂ ਲੱਖਾਂ ਚਤੁਰਾਈਆਂ ਹੋਣ ਤਾਂ ਉਹਨਾਂ ਵਿੱਚੋਂ ਇਕ ਵੀ, ਸੱਚ ਤੱਕ ਪਹੁੰਚਣ ਲਈ, ਸਾਥ ਨਹੀਂ ਦੇਂਦੀ।

**ਕਿਵ ਸਚਿਆਰਾ ਹੋਈਐ**
**ਕਿਵ ਕੂੜੈ ਤੁਟੈ ਪਾਲਿ ॥**

ਅਸੀਂ ਕਿਸ ਤਰ੍ਹਾਂ ਸੱਚ ਵਾਲੇ ਹੋਈਏ? ਸਾਡੇ ਤੇ ਰੱਬ ਵਿਚਕਾਰ ਜੋ ਝੂਠ ਦੀ ਕੰਧ ਹੈ, ਉਹ ਕਿਵੇਂ ਟੁੱਟੇ?

**ਹੁਕਮਿ ਰਜਾਈ ਚਲਣਾ**
**ਨਾਨਕ ਲਿਖਿਆ ਨਾਲਿ ॥ ੧ ॥**

ਹੇ ਨਾਨਕ! ਮਰਜ਼ੀ ਦੇ ਮਾਲਕ ਦੇ ਧੁਰ ਲਿਖੇ ਹੋਏ ਹੁਕਮ ਨੂੰ ਮੰਨਣ ਦੁਆਰਾ।

**ਹੁਕਮੀ ਹੋਵਨਿ ਆਕਾਰ**
**ਹੁਕਮੁ ਨ ਕਹਿਆ ਜਾਈ ॥**

ਉਸ ਦੇ ਹੁਕਮ ਤੋਂ ਸਾਰੇ ਸਰੀਰ ਬਣਦੇ ਹਨ, ਇਹ ਹੁਕਮ ਕਥਨ ਨਹੀ ਕੀਤਾ ਜਾ ਸਕਦਾ।

**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥**

ਉਸ ਦੇ ਹੁਕਮ ਨਾਲ ਜੀਵ ਹੋਂਦ ਵਿੱਚ ਆਉਂਦੇ ਹਨ ਅਤੇ ਹੁਕਮ ਨਾਲ ਹੀ ਮਾਨ ਪ੍ਰਾਪਤ ਹੁੰਦਾ ਹੈ।

**ਹੁਕਮੀ ਉਤਮੁ ਨੀਚੁ**
**ਹੁਕਮਿ ਲਿਖਿ ਦੁਖ ਸੁਖ ਪਾਈਅਹਿ॥**

ਉਸ ਦੇ ਹੁਕਮ ਨਾਲ ਜੀਵ ਚੰਗੇ ਤੇ ਮੰਦੇ ਹੁੰਦੇ ਹਨ ਅਤੇ ਉਸ ਦੇ ਲਿਖੇ ਫੁਰਮਾਨ ਦੁਆਰਾ ਹੀ ਦੁੱਖ ਤੇ ਸੁਖ ਭੋਗੀਦੇ ਹਨ।

**ਇਕਨਾ ਹੁਕਮੀ ਬਖਸੀਸ**
**ਇਕਿ ਹੁਕਮੀ ਸਦਾ ਭਵਾਈਅਹਿ॥**

ਕਈਆਂ ਨੂੰ ਉਸ ਦੀ ਆਗਿਆ ਰਾਹੀਂ ਮੁਕਤੀ ਦੀ ਬਖਸ਼ਿਸ਼ ਹੁੰਦੀ ਹੈ। ਕਈ ਉਸ ਦੇ ਹੁਕਮ ਅੰਦਰ ਆਵਾਗਉਣ ਵਿੱਚ ਹਮੇਸ਼ਾ ਹੀ ਭੁਆਈਦੇ ਹਨ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**

ਸਾਰੇ ਹੀ ਉਸ ਦੇ ਹੁਕਮ ਵਿੱਚ ਹਨ, ਹੁਕਮ ਤੋਂ ਬਾਹਰ

ਕੋਈ ਵੀ ਨਹੀਂ।

**ਨਾਨਕ ਹੁਕਮੈ ਜੇ ਬੁਝੈ**
**ਤ ਹਉਮੈ ਕਹੈ ਨ ਕੋਇ॥੨॥**

ਹੇ ਨਾਨਕ! ਜੇ ਕੋਈ ਰੱਬੀ-ਹੁਕਮ ਨੂੰ ਸਮਝ ਲਵੇ ਤਾਂ ਉਹ ਮੈਂ-ਮੈਂ ਨਹੀ ਆਖਦਾ।

**ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥**

ਕੋਈ ਪ੍ਰਭੂ ਦੇ ਬਲ ਨੂੰ ਪਿਆ ਗਾਂਵਦਾ ਹੈ, ਪਰ ਇੰਜ ਕਰਨ ਦਾ ਬਲ ਕਿਸੇ ਵਿਰਲੇ ਨੂੰ ਪ੍ਰਾਪਤ ਹੈ।

**ਗਾਵੈ ਕੋ ਦਾਤਿ ਜਾਣੈ ਨੀਸਾਣੁ॥**

ਕੋਈ ਉਸ ਦੀ ਬਖਸ਼ਿਸ਼ ਨੂੰ, ਨਿਸ਼ਾਨ ਸਮਝ ਕੇ, ਗਾਉਂਦਾ ਹੈ।

**ਗਾਵੈ ਕੋ ਗੁਣ ਵਡਿਆਈਆ ਚਾਰ॥**

ਕੋਈ ਉਸ ਦੇ ਸੁੰਦਰ ਗੁਣ ਤੇ ਵਡਿਆਈਆਂ ਕਥਨ ਕਰਦਾ ਹੈ।

**ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥**

ਕੋਈ ਵਿਦਿਆ ਦੁਆਰਾ ਉਸ ਦੇ ਔਖੇ ਗਿਆਨ ਨੂੰ ਗਾਉਂਦਾ ਹੈ।

**ਗਾਵੈ ਕੋ ਸਾਜਿ ਕਰੇ ਤਨੁ ਖੇਹ ॥**

ਕੋਈ ਗਾਉਂਦਾ ਹੈ ਕਿ ਸਰੀਰ ਨੂੰ ਰਚ ਕੇ, ਫਿਰ ਉਹ ਮਿੱਟੀ ਕਰ ਦੇਂਦਾ ਹੈ।

**ਗਾਵੈ ਕੋ ਜੀਅ ਲੈ ਫਿਰਿ ਦੇਹ ॥**

ਕੋਈ ਗਾਉਂਦਾ ਹੈ ਕਿ ਉਹ ਰੂਹ ਨੂੰ ਇਕ ਜੂਨ ਤੋਂ ਦੂਜੀ ਵਿੱਚ ਲੈ ਜਾਂਦਾ ਹੈ।

**ਗਾਵੈ ਕੋ ਜਾਪੈ ਦਿਸੈ ਦੂਰਿ ॥**
**ਗਾਵੈ ਕੋ ਵੇਖੈ ਹਾਦਰਾ ਹਦੂਰਿ ॥**

ਕੋਈ ਇੰਜ ਗਾ ਰਿਹਾ ਹੈ ਕਿ ਰੱਬ ਬਹੁਤ ਪਰ੍ਹੇ ਮਲੂਮ ਹੁੰਦਾ, ਜਾਂ ਦਿਸਦਾ ਹੈ ਅਤੇ ਕੋਈ ਗਾਉਂਦਾ ਹੈ ਕਿ ਉਹ ਹਾਜ਼ਰ-ਨਾਜ਼ਰ ਵੇਖਦਾ ਹੈ।

**ਕਥਨਾ ਕਥੀ ਨ ਆਵੈ ਤੋਟਿ ॥**
**ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥**

ਉਸ ਦੇ ਗੁਣਾਂ ਦਾ ਬਿਆਨ ਆਖਦਿਆਂ ਮੁੱਕਦਾ ਨਹੀਂ, ਭਾਵੇਂ ਕਰੋੜਾਂ ਲੋਕਾਂ ਨੇ ਆਖ-ਆਖ ਕੇ ਫਿਰ ਆਖਿਆ ਹੈ।

**ਦੇਦਾ ਦੇ ਲੈਦੇ ਥਕਿ ਪਾਹਿ ॥**

ਦੇਣ ਵਾਲਾ ਤਾਂ ਦੇਈ ਜਾਂਦਾ ਹੈ, ਲੈਣ ਵਾਲੇ ਹੀ ਹਾਰ-ਹੁੱਟ ਜਾਂਦੇ ਹਨ।

**ਜੁਗਾ ਜੁਗੰਤਰਿ ਖਾਹੀ ਖਾਹਿ ॥**

ਸਮੂੰਹ ਜੁਗਾਂ ਅੰਦਰ ਖਾਣ ਵਾਲੇ ਉਸ ਦਾ ਦਿੱਤਾ ਖਾਂਦੇ ਆ ਰਹੇ ਹਨ।

**ਹੁਕਮੀ ਹੁਕਮੁ ਚਲਾਏ ਰਾਹੁ ॥**
**ਨਾਨਕ ਵਿਗਸੈ ਵੇਪਰਵਾਹੁ ॥ ੩ ॥**

ਹੁਕਮ ਵਾਲੇ ਦਾ ਹੁਕਮ ਇਹ ਕਰਵਾਈ ਚਲਾ ਰਿਹਾ ਹੈ। ਹੇ ਨਾਨਕ! ਉਹ ਬੇ-ਪ੍ਰਵਾਹ ਸਦਾ ਅਨੰਦ ਵਿੱਚ ਰਹਿੰਦਾ ਹੈ।

**ਸਾਚਾ ਸਾਹਿਬੁ ਸਾਚੁ ਨਾਇ**
**ਭਾਖਿਆ ਭਾਉ ਅਪਾਰੁ ॥**

ਸੱਚਾ ਹੈ ਮਾਲਕ ਤੇ ਸੱਚਾ ਹੈ ਉਸ ਦਾ ਨਾਮ, ਜਿਸ ਨੂੰ ਬੇਅੰਤ ਪਿਆਰ ਨਾਲ ਉਚਾਰਨ ਕੀਤਾ ਹੈ।

**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥**

ਜੀਵ ਪ੍ਰਾਰਥਨਾ ਕਰਦੇ ਤੇ ਮੰਗਦੇ ਹਨ ਕਿ ਦੇਹਿ, ਜ਼ਰੂਰ ਦੇਹਿ ਅਤੇ ਦਾਤਾ ਬਖਸ਼ਿਸ਼ਾਂ ਕਰਦਾ ਹੈ।

**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥**

ਤਾਂ ਉਸ ਅੱਗੇ ਕੀ ਧਰਿਆ ਜਾਵੇ, ਜਿਸ ਨਾਲ ਉਸ ਦੀ ਦਰਗਾਹ ਦਾ ਦਰਸ਼ਨ ਹੋ ਜਾਵੇ?

**ਮੁਹੌ ਕਿ ਬੋਲਣੁ ਬੋਲੀਐ**
**ਜਿਤੁ ਸੁਣਿ ਧਰੇ ਪਿਆਰੁ ॥**

ਮੂੰਹ ਤੋਂ ਕਿਹੜਾ ਬੋਲ ਬੋਲੀਏ, ਜਿਸ ਨੂੰ ਸੁਣ ਕੇ ਉਹ ਸਾਡੇ ਨਾਲ ਪਿਆਰ ਕਰੇ?

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

ਅੰਮ੍ਰਿਤ ਵੇਲੇ 'ਸਤਿ ਨਾਮੁ' ਤੇ ਉਸ ਦੇ ਉੱਚੇ ਗੁਣਾਂ ਦਾ ਧਿਆਨ ਧਰੋ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**

ਕਰਮਾਂ ਕਰ ਕੇ ਸਰੀਰ ਦਾ ਜਾਮਾ ਮਿਲਦਾ ਹੈ, ਪਰ ਮੁਕਤੀ ਦਾ ਦਰ ਰੱਬ ਦੀ ਬਖਸ਼ਿਸ਼ ਦੀ ਨਜ਼ਰ ਨਾਲ ਹੀ ਮਿਲਦਾ ਹੈ।

**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥**

ਹੇ ਨਾਨਕ! ਇੰਜ ਸਮਝ ਲਈਏ ਕਿ ਸਤਿ ਪੁਰਖ ਆਪੇ ਆਪ ਹੀ ਸਭ ਕੁਝ ਹੈ।

**ਥਾਪਿਆ ਨ ਜਾਇ ਕੀਤਾ ਨ ਹੋਇ ॥**
**ਆਪੇ ਆਪਿ ਨਿਰੰਜਨੁ ਸੋਇ ॥**

ਉਹ ਕਿਸੇ ਤੋਂ ਬਣਾਇਆ ਨਹੀਂ ਜਾਂਦਾ ਅਤੇ ਨਾ ਹੀ ਕਿਧਰੇ ਟਿਕਾਇਆ ਜਾ ਸਕਦਾ ਹੈ। ਉਹ ਮਾਇਆ ਤੋਂ ਬੇ-ਲਾਗ ਆਪਣੇ ਆਪ ਤੋਂ ਹੀ ਹੈ।

**ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**

ਜਿਸ ਕਿਸੇ ਨੇ ਉਸ ਦੀ ਸੇਵਾ (ਪੂਜਾ) ਕੀਤੀ, ਉਸੇ ਨੂੰ ਵਡਿਆਈ ਮਿਲ ਗਈ।

**ਨਾਨਕ ਗਾਵੀਐ ਗੁਣੀ ਨਿਧਾਨੁ ॥**

ਹੇ ਨਾਨਕ! ਉਸ ਸਿਫ਼ਤਾਂ ਦੇ ਖਜ਼ਾਨੇ ਦੇ ਗੁਣ ਗਾਈਏ।

**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

ਦਿਲ ਵਿੱਚ ਉਸ ਲਈ ਪਿਆਰ ਰੱਖ ਕੇ, ਉਸ ਦੇ ਗੁਣਾਂ ਨੂੰ ਗਾਈਏ ਤੇ ਸੁਣੀਏ।

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥**

ਜੋ ਇੰਜ ਕਰਦਾ ਹੈ, ਉਹ ਆਪਣਾ ਦੁੱਖ ਦੂਰ ਕਰ ਕੇ, ਸੁਖ ਨੂੰ ਆਪਣੇ ਹਿਰਦੇ ਵਿੱਚ ਵਸਾ ਲੈਂਦਾ ਹੈ।

**ਗੁਰਮੁਖਿ ਨਾਦੰ ਗੁਰਮੁਖਿ ਵੇਦੰ**
**ਗੁਰਮੁਖਿ ਰਹਿਆ ਸਮਾਈ ।।**

ਗੁਰੂ ਦੁਆਰਾ ਨਾਮ ਤੇ ਗੁਰੂ ਰਾਹੀਂ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੁਆਰਾ ਯਕੀਨ ਆਉਂਦਾ ਹੈ ਕਿ ਉਹ ਪ੍ਰਮਾਤਮਾ ਸਭ ਥਾਈਂ ਵਿਆਪਕ ਹੈ।

**ਗੁਰੁ ਈਸਰੁ ਗੁਰੁ ਗੋਰਖੁ ਬਰਮਾ**
**ਗੁਰੁ ਪਾਰਬਤੀ ਮਾਈ ।।**

ਗੁਰੂ ਹੀ ਸ਼ਿਵ ਜੀ ਹੈ, ਗੁਰੂ ਹੀ ਵਿਸ਼ਨੂੰ ਹੈ, ਗੁਰੂ ਹੀ ਬ੍ਰਹਮਾ ਹੈ, ਗੁਰੂ ਹੀ ਪਾਰਬਤੀ ਅਤੇ ਗੁਰੂ ਹੀ ਲੱਛਮੀ ਹੈ।

**ਜੇ ਹਉ ਜਾਣਾ ਆਖਾ ਨਾਹੀ**
**ਕਹਣਾ ਕਥਨੁ ਨ ਜਾਈ ।।**

ਜੇ ਮੈਂ ਰੱਬ ਨੂੰ ਜਾਣ ਲਵਾਂ ਤਾਂ ਦੱਸ ਨਹੀਂ ਸਕਦਾ, ਕਿਉਂਕਿ ਉਸ ਦਾ ਕਥਨ ਨਹੀਂ ਕੀਤਾ ਜਾ ਸਕਦਾ।

**ਗੁਰਾ ਇਕ ਦੇਹਿ ਬੁਝਾਈ ।।**
**ਸਭਨਾ ਜੀਆ ਕਾ ਇਕੁ ਦਾਤਾ**
**ਸੋ ਮੈ ਵਿਸਰਿ ਨ ਜਾਈ ।। ੫ ।।**

ਸਤਿਗੁਰੂ ਨੇ ਮੈਨੂੰ ਇਕ ਗੱਲ ਸਮਝਾ ਦਿੱਤੀ ਹੈ ਕਿ

ਸਾਰੇ ਜੀਵਾਂ ਦਾ ਕੇਵਲ ਇਕ ਹੀ ਦਾਤਾਰ ਹੈ, ਉਹ ਮੈਨੂੰ ਕਦੇ ਵੀ ਨਾ ਭੁੱਲੇ।

**ਤੀਰਥਿ ਨਾਵਾ ਜੇ ਤਿਸੁ ਭਾਵਾ**
**ਵਿਣੁ ਭਾਣੇ ਕਿ ਨਾਇ ਕਰੀ॥**

ਜੇ ਕਰ ਮੈਂ ਉਸ ਨੂੰ ਚੰਗਾ ਲੱਗ ਜਾਵਾਂ ਤਾਂ ਮੇਰੇ ਲਈ ਏਹੋ ਹੀ ਤੀਰਥ ਇਸ਼ਨਾਨ ਹੈ; ਉਸ ਨੂੰ ਚੰਗਾ ਲੱਗਣ ਤੋਂ ਬਿਨਾਂ ਇਸ਼ਨਾਨ ਕਰਨਾ ਕੀ ਹੋਇਆ?

**ਜੇਤੀ ਸਿਰਠਿ ਉਪਾਈ ਵੇਖਾ**
**ਵਿਣੁ ਕਰਮਾ ਕਿ ਮਿਲੈ ਲਈ॥**

ਉਸ ਦੀ ਰਚੀ ਹੋਈ ਜਿਤਨੀ ਸ੍ਰਿਸ਼ਟੀ ਮੈਂ ਦੇਖਦਾ ਹਾਂ, ਉਸ ਵਿੱਚ ਵਾਹਿਗੁਰੂ ਦੀ ਕਿਰਪਾ ਤੋਂ ਬਿਨਾਂ ਕਿਸੇ ਨੂੰ ਕੀ ਮਿਲਦਾ ਹੈ?

**ਮਤਿ ਵਿਚਿ ਰਤਨ ਜਵਾਹਰ ਮਾਣਿਕ**
**ਜੇ ਇਕ ਗੁਰ ਕੀ ਸਿਖ ਸੁਣੀ॥**

ਜੇ ਗੁਰੂ ਦੀ ਇਕ ਸਿੱਖਿਆ ਸੁਣ ਲਈ ਜਾਵੇ ਤਾਂ ਮਨੁੱਖ ਦੀ ਬੁੱਧੀ ਵਿੱਚ ਹੀ ਹੀਰਿਆਂ-ਮੋਤੀਆਂ ਵਰਗੇ ਬਹੁ-ਮੁੱਲੇ ਗੁਣ ਆ ਜਾਂਦੇ ਹਨ।

**ਗੁਰਾ ਇਕ ਦੇਹਿ ਬੁਝਾਈ॥**
**ਸਭਨਾ ਜੀਆ ਕਾ ਇਕੁ ਦਾਤਾ**
**ਸੋ ਮੈ ਵਿਸਰਿ ਨ ਜਾਈ॥੬॥**

ਸਤਿਗੁਰੂ ਨੇ ਮੈਨੂੰ ਇਕ ਗੱਲ ਸਮਝਾ ਦਿੱਤੀ ਹੈ ਕਿ ਸਾਰੇ ਜੀਵਾਂ ਦਾ ਇਕ ਹੀ ਦਾਤਾਰ ਹੈ, ਉਹ ਮੈਨੂੰ ਕਦੇ ਵੀ ਨਾ ਭੁੱਲੇ।

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥**

ਜੇ ਕਿਸੇ ਦੀ ਉਮਰ ਚਹੁੰ ਜੁਗਾਂ ਜਿੰਨੀ ਹੋ ਜਾਵੇ, ਬਲਕਿ ਉਸ ਤੋਂ ਵੀ ਦਸ ਗੁਣਾਂ ਹੋਰ ਹੋ ਜਾਵੇ।

**ਨਵਾ ਖੰਡਾ ਵਿਚਿ ਜਾਣੀਐ**
**ਨਾਲਿ ਚਲੈ ਸਭੁ ਕੋਇ॥**

ਉਸ ਨੂੰ ਪ੍ਰਿਥਵੀ ਦੇ ਨੌਆਂ ਹਿੱਸਿਆਂ ਵਿੱਚ ਹਰ ਕੋਈ ਜਾਣਦਾ ਹੋਵੇ ਅਤੇ ਹਰੇਕ ਉਸ ਦੇ ਮਗਰ ਵੀ ਲੱਗ ਤੁਰੇ।

**ਚੰਗਾ ਨਾਉ ਰਖਾਇ ਕੈ**
**ਜਸੁ ਕੀਰਤਿ ਜਗਿ ਲੇਇ॥**

ਉਹ ਚੰਗਾ ਨਾਮਨਾ ਖੱਟ ਕੇ ਸੰਸਾਰ ਵਿੱਚ ਸੋਭਾ ਤੇ ਵਡਿਆਈ ਪ੍ਰਾਪਤ ਕਰ ਲਵੇ।

**ਜੇ ਤਿਸੁ ਨਦਰਿ ਨ ਆਵਈ**
**ਤ ਵਾਤ ਨ ਪੁਛੈ ਕੇ ॥**

ਪਰ ਜੇ ਉਹ ਉਸ (ਵਾਹਿਗੁਰੂ) ਦੀ ਦਇਆ ਦ੍ਰਿਸ਼ਟੀ ਦਾ ਪਾਤਰ ਨਹੀਂ ਤਾਂ ਉਸ ਦੀ ਕੋਈ ਪ੍ਰਵਾਹ ਨਹੀਂ ਕਰੇਗਾ।

**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥**

ਐਸੇ ਮਨੁੱਖ ਉੱਪਰ ਨਾਮ ਨੂੰ ਭੁੱਲਣ ਦਾ ਜੁਰਮ ਲਾ ਕੇ ਦੋਸ਼ੀ ਠਹਿਰਾਇਆ ਜਾਵੇਗਾ ਤੇ ਉਸ ਨੂੰ ਕੀੜਿਆਂ ਵਿੱਚੋਂ ਵੀ ਮਾਮੂਲੀ ਕੀੜੇ ਦੀ ਜੂਨ ਮਿਲੇਗੀ।

**ਨਾਨਕ ਨਿਰਗੁਣਿ ਗੁਣੁ ਕਰੇ**
**ਗੁਣਵੰਤਿਆ ਗੁਣੁ ਦੇ ॥**

ਹੇ ਨਾਨਕ! ਵਾਹਿਗੁਰੂ ਗੁਣ-ਵਿਹੂਣਿਆਂ ਨੂੰ ਬਲਵਾਨ ਬਣਾਂਦਾ ਹੈ ਅਤੇ ਗੁਣਵਾਨਾਂ ਨੂੰ ਭੀ ਗੁਣ ਉਹ ਹੀ ਬਖ਼ਸ਼ਦਾ ਹੈ।

**ਤੇਹਾ ਕੋਇ ਨ ਸੁਝਈ**
**ਜਿ ਤਿਸੁ ਗੁਣੁ ਕੋਇ ਕਰੇ ॥੭॥**

ਪਰ ਇਹੋ ਜਿਹਾ ਹੋਰ ਕੋਈ ਨਹੀਂ ਦਿਸਦਾ, ਜੋ ਰੱਬ ਨੂੰ ਕੋਈ ਗੁਣ ਦੇ ਸਕੇ।

**ਸੁਣਿਐ ਸਿਧ ਪੀਰ ਸੁਰਿ ਨਾਥ॥**

ਵਾਹਿਗੁਰੂ ਦੇ ਨਾਮ ਨੂੰ ਸੁਣਨ ਨਾਲ ਉੱਤਮ ਪੁਰਸ਼, ਧਾਰਮਕ ਆਗੂ, ਆਤਮਕ ਯੋਧਾ ਤੇ ਵੱਡਾ ਯੋਗੀ ਬਣ ਜਾਈਦਾ ਹੈ।

**ਸੁਣਿਐ ਧਰਤਿ ਧਵਲ ਆਕਾਸ॥**

ਉਸ ਦਾ ਨਾਮ ਸੁਣਨ ਨਾਲ ਧਰਤੀ, ਉਸ ਦੀ ਧਾਰਨ ਸ਼ਕਤੀ ਤੇ ਆਸਮਾਨ ਆਦਿ ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ।

**ਸੁਣਿਐ ਦੀਪ ਲੋਅ ਪਾਤਾਲ॥**

ਨਾਮ ਸੁਣਨ ਨਾਲ ਧਰਤੀ ਦੇ ਵੱਖ-ਵੱਖ ਹਿੱਸਿਆਂ, ਆਕਾਸ਼ ਦੇ ਮੰਡਲਾਂ ਅਤੇ ਧਰਤੀ ਦੇ ਹੇਠਾਂ ਦੀ ਸ੍ਰਿਸ਼ਟੀ-ਵੰਡ ਦੇ ਪਾਤਾਲਾਂ ਦੀ ਪੂਰੀ ਸੂਝ ਹੋ ਜਾਂਦੀ ਹੈ।

**ਸੁਣਿਐ ਪੋਹਿ ਨ ਸਕੈ ਕਾਲੁ॥**

ਨਾਮ ਸੁਣਨ ਨਾਲ ਮੌਤ ਅਸਰ ਨਹੀਂ ਕਰ ਸਕਦੀ।

**ਨਾਨਕ ਭਗਤਾ ਸਦਾ ਵਿਗਾਸੁ॥**

**ਸੁਣਿਐ ਦੂਖ ਪਾਪ ਕਾ ਨਾਸੁ॥੮॥**

ਹੇ ਨਾਨਕ! ਨਾਮ ਵਿੱਚ ਜੁੜਨ ਵਾਲੇ ਭਗਤਾਂ ਨੂੰ

ਹਮੇਸ਼ਾ ਖੇੜਾ ਰਹਿੰਦਾ ਹੈ, ਕਿਉਂਕਿ ਨਾਮ ਸੁਣਨ ਨਾਲ ਦੁੱਖਾਂ ਤੇ ਪਾਪਾਂ ਦਾ ਖ਼ਾਤਮਾ ਹੋ ਜਾਂਦਾ ਹੈ।

**ਸੁਣਿਐ ਈਸਰੁ ਬਰਮਾ ਇੰਦੁ ॥**

ਨਾਮ ਸੁਣਨ ਕਰ ਕੇ ਸ਼ਿਵ, ਬ੍ਰਹਮਾ ਤੇ ਇੰਦਰ ਦੀ ਸੋਝੀ ਮਿਲਦੀ ਹੈ।

**ਸੁਣਿਐ ਮੁਖਿ ਸਾਲਾਹਣ ਮੰਦੁ ॥**

ਨਾਮ ਸੁਣਨ ਨਾਲ ਮੰਦਾ ਮਨੁੱਖ ਵੀ ਮੂੰਹੋਂ ਰੱਬ ਨੂੰ ਸਲਾਹੁਣ ਲੱਗ ਪੈਂਦਾ ਹੈ।

**ਸੁਣਿਐ ਜੋਗ ਜੁਗਤਿ ਤਨਿ ਭੇਦ ॥**

ਨਾਮ ਸੁਣਨ ਨਾਲ ਰੱਬ ਨੂੰ ਮਿਲਣ ਦੀ ਜੁਗਤੀ ਆ ਜਾਂਦੀ ਹੈ।

**ਸੁਣਿਐ ਸਾਸਤ ਸਿਮ੍ਰਿਤਿ ਵੇਦ ॥**

ਨਾਮ ਸੁਣਨ ਨਾਲ ਸ਼ਾਸਤਰਾਂ, ਸਿਮ੍ਰਤੀਆਂ, ਵੇਦਾਂ ਵਿਚਲੇ ਗਿਆਨ ਦਾ ਪਤਾ ਲੱਗ ਜਾਂਦਾ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**
**ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥**

ਹੇ ਨਾਨਕ! ਨਾਮ ਵਿੱਚ ਜੁੜਨ ਵਾਲੇ ਭਗਤਾਂ ਨੂੰ

ਹਮੇਸ਼ਾ ਖੇੜਾ ਰਹਿੰਦਾ ਹੈ, ਕਿਉਂਕਿ ਨਾਮ ਸੁਣਨ ਨਾਲ ਦੁੱਖਾਂ ਤੇ ਪਾਪਾਂ ਦਾ ਖ਼ਾਤਮਾ ਹੋ ਜਾਂਦਾ ਹੈ।

**ਸੁਣਿਐ ਸਤੁ ਸੰਤੋਖੁ ਗਿਆਨੁ ॥**

ਨਾਮ ਸੁਣਨ ਦੁਆਰਾ ਸੱਚ, ਸਿਦਕ-ਸਬੂਰੀ ਤੇ ਬ੍ਰਹਮ ਵਿਚਾਰ ਪਰਾਪਤ ਹੋ ਜਾਂਦੇ ਹਨ।

**ਸੁਣਿਐ ਅਠਸਠਿ ਕਾ ਇਸਨਾਨੁ ॥**

ਨਾਮ ਸੁਣਨ ਨਾਲ ਅਠਾਹਠ ਤੀਰਥਾਂ ਉੱਪਰ ਨ੍ਹਾਉਣ ਦਾ ਫਲ ਪਰਾਪਤ ਹੋ ਜਾਂਦਾ ਹੈ।

**ਸੁਣਿਐ ਪੜਿ ਪੜਿ ਪਾਵਹਿ ਮਾਨੁ ॥**

ਨਾਮ ਸੁਣਨ ਤੇ ਇਕ-ਰਸ ਵਾਚਣ ਨਾਲ ਇੱਜ਼ਤ ਹਾਸਲ ਕਰਦਾ ਹੈ।

**ਸੁਣਿਐ ਲਾਗੈ ਸਹਜਿ ਧਿਆਨੁ ॥**

ਨਾਮ ਸੁਣਨ ਨਾਲ ਮਨ ਪੂਰਨ ਅਡੋਲਤਾ ਵਿੱਚ ਟਿਕ ਜਾਂਦਾ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**

**ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥**

ਹੇ ਨਾਨਕ! ਨਾਮ ਵਿੱਚ ਜੁੜਨ ਵਾਲੇ ਭਗਤਾਂ ਨੂੰ

ਹਮੇਸ਼ਾ ਖੇੜਾ ਰਹਿੰਦਾ ਹੈ, ਕਿਉਂਕਿ ਨਾਮ ਸੁਣਨ ਨਾਲ ਦੁੱਖਾਂ ਤੇ ਪਾਪਾਂ ਦਾ ਖ਼ਾਤਮਾ ਹੋ ਜਾਂਦਾ ਹੈ।

**ਸੁਣਿਐ ਸਰਾ ਗੁਣਾ ਕੇ ਗਾਹ ।।**

ਨਾਮ ਸੁਣਨ ਨਾਲ ਮਨੁੱਖ ਬੇਅੰਤ ਗੁਣਾਂ ਦੀ ਸੂਝ ਵਾਲਾ ਹੋ ਜਾਂਦਾ ਹੈ।

**ਸੁਣਿਐ ਸੇਖ ਪੀਰ ਪਾਤਿਸਾਹ ।।**

ਨਾਮ ਸੁਣਨ ਨਾਲ ਮਨੁੱਖ ਨੂੰ ਸ਼ੇਖ, ਪੀਰ ਤੇ ਬਾਦਸ਼ਾਹ ਵਰਗੀ ਉਚੱਤਾ ਮਿਲ ਜਾਂਦੀ ਹੈ।

**ਸੁਣਿਐ ਅੰਧੇ ਪਾਵਹਿ ਰਾਹੁ ।।**

ਨਾਮ ਸੁਣਨ ਨਾਲ ਅੰਨ੍ਹੇ (ਅਗਿਆਨੀ) ਸਹੀ ਰਸਤਾ ਪ੍ਰਾਪਤ ਕਰ ਲੈਂਦੇ ਹਨ।

**ਸੁਣਿਐ ਹਾਥ ਹੋਵੈ ਅਸਗਾਹੁ ।।**

ਨਾਮ ਸੁਣਨ ਨਾਲ ਅਥਾਹ ਦੀ ਥਾਹ ਆ ਜਾਂਦੀ ਹੈ।

**ਨਾਨਕ ਭਗਤਾ ਸਦਾ ਵਿਗਾਸੁ ।।**
**ਸੁਣਿਐ ਦੂਖ ਪਾਪ ਕਾ ਨਾਸੁ ।। ੧੧ ।।**

ਹੇ ਨਾਨਕ! ਨਾਮ ਵਿੱਚ ਜੁੜਨ ਵਾਲੇ ਭਗਤਾਂ ਨੂੰ ਹਮੇਸ਼ਾ ਖੇੜਾ ਰਹਿੰਦਾ ਹੈ, ਕਿਉਂਕਿ ਨਾਮ ਸੁਣਨ ਨਾਲ ਦੁੱਖਾਂ

ਤੇ ਪਾਪਾਂ ਦਾ ਖ਼ਾਤਮਾ ਹੋ ਜਾਂਦਾ ਹੈ।

**ਮੰਨੇ ਕੀ ਗਤਿ ਕਹੀ ਨ ਜਾਇ॥**

ਨਾਮ ਮੰਨਣ ਨਾਲ ਜੋ ਹਾਲਤ ਹੁੰਦੀ ਹੈ, ਉਹ ਬਿਆਨ ਨਹੀਂ ਕਰ ਸਕਦੇ।

**ਜੇ ਕੋ ਕਹੈ ਪਿਛੈ ਪਛੁਤਾਇ॥**

ਜੇ ਕੋਈ ਕਹਿੰਦਾ ਹੈ ਤਾਂ ਪਿਛੋਂ ਪਛਤਾਂਦਾ ਹੈ।

**ਕਾਗਦਿ ਕਲਮ ਨ ਲਿਖਣਹਾਰੁ॥**
**ਮੰਨੇ ਕਾ ਬਹਿ ਕਰਨਿ ਵੀਚਾਰੁ॥**

ਐਸਾ ਕਾਗਜ਼, ਐਸੀ ਕਲਮ ਤੇ ਅਜੇਹਾ ਕੋਈ ਲਿਖਾਰੀ ਨਹੀਂ, ਜੋ ਕਿ ਨਾਮ ਮੰਨਣ ਵਾਲੇ ਦੀ ਬੈਠ ਕੇ ਵੀਚਾਰ ਅੰਕਿਤ ਕਰ ਸਕੇ।

**ਐਸਾ ਨਾਮੁ ਨਿਰੰਜਨੁ ਹੋਇ॥**
**ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥**

ਐਸਾ ਹੈ ਪ੍ਰਭੂ ਦਾ ਨਾਮ। ਜੇ ਕੋਈ ਦਿਲੋਂ ਮਨੋਂ ਇਸ ਨੂੰ ਮੰਨ ਲਵੇ ਤਾਂ ਉਹ ਮਾਇਆ-ਰਹਿਤ ਹੋ ਜਾਂਦਾ ਹੈ।

**ਮੰਨੈ ਸੁਰਤਿ ਹੋਵੈ ਮਨਿ ਬੁਧਿ॥**

ਨਾਮ ਨੂੰ ਮੰਨਣ ਨਾਲ ਚਿਤ ਤੇ ਬੁੱਧੀ ਵਿੱਚ ਈਸ਼ਵਰੀ

ਸੂਝ ਜਾਗ ਉਠਦੀ ਹੈ।

**ਮੰਨੈ ਸਗਲ ਭਵਣ ਕੀ ਸੁਧਿ॥**

ਨਾਮ ਨੂੰ ਮੰਨਣ ਨਾਲ ਸਾਰੇ ਮੰਡਲਾਂ ਦੀ ਪਛਾਣ ਹੋ ਜਾਂਦੀ ਹੈ।

**ਮੰਨੈ ਮੁਹਿ ਚੋਟਾ ਨਾ ਖਾਇ॥**

ਨਾਮ ਨੂੰ ਮੰਨਣ ਨਾਲ ਮਨੁੱਖ ਮੂੰਹ ਉਤੇ ਸੱਟਾਂ ਨਹੀਂ ਖਾਂਦਾ।

**ਮੰਨੈ ਜਮ ਕੈ ਸਾਥਿ ਨ ਜਾਇ॥**

ਨਾਮ ਨੂੰ ਮੰਨਣ ਵਾਲਾ ਜਮਾਂ ਦੇ ਨਾਲ ਨਹੀਂ ਜਾਂਦਾ।

**ਐਸਾ ਨਾਮੁ ਨਿਰੰਜਨੁ ਹੋਇ॥**
**ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥**

ਐਸਾ ਹੈ ਪ੍ਰਭੂ ਦਾ ਨਾਮ। ਜੇ ਕੋਈ ਦਿਲੋਂ ਮਨੋਂ ਇਸ ਨੂੰ ਮੰਨ ਲਵੇ ਤਾਂ ਉਹ ਮਾਇਆ-ਰਹਿਤ ਹੋ ਜਾਂਦਾ ਹੈ।

**ਮੰਨੈ ਮਾਰਗਿ ਠਾਕ ਨ ਪਾਇ॥**

ਨਾਮ ਨੂੰ ਮੰਨਣ ਵਾਲੇ ਨੂੰ ਰਾਹ ਵਿੱਚ ਰੁਕਾਵਟ ਨਹੀਂ ਵਾਪਰਦੀ।

**ਮੰਨੈ ਪਤਿ ਸਿਉ ਪਰਗਟੁ ਜਾਇ॥**

ਨਾਮ ਨੂੰ ਮੰਨਣ ਵਾਲਾ ਇੱਜ਼ਤ ਤੇ ਪਰਸਿੱਧਤਾ ਨਾਲ ਜਾਂਦਾ ਹੈ।

**ਮੰਨੈ ਮਗੁ ਨ ਚਲੈ ਪੰਥੁ॥**

ਨਾਮ ਮੰਨਣ ਵਾਲਾ ਸੰਸਾਰੀ ਰਾਹ ਅਤੇ ਕਰਮ ਕਾਂਡੀ ਰਸਤੇ ਉਤੇ ਨਹੀਂ ਤੁਰਦਾ।

**ਮੰਨੈ ਧਰਮ ਸੇਤੀ ਸਨਬੰਧੁ॥**

ਨਾਮ ਮੰਨਣ ਵਾਲੇ ਦਾ ਧਰਮ ਨਾਲ ਪੱਕਾ ਜੋੜ ਹੋ ਜਾਂਦਾ ਹੈ।

**ਐਸਾ ਨਾਮੁ ਨਿਰੰਜਨੁ ਹੋਇ॥**
**ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥**

ਐਸਾ ਹੈ ਪ੍ਰਭੂ ਦਾ ਨਾਮ। ਜੇ ਕੋਈ ਦਿਲੋਂ ਮਨੋਂ ਇਸ ਨੂੰ ਮੰਨ ਲਵੇ ਤਾਂ ਉਹ ਮਾਇਆ-ਰਹਿਤ ਹੋ ਜਾਂਦਾ ਹੈ।

**ਮੰਨੈ ਪਾਵਹਿ ਮੋਖੁ ਦੁਆਰੁ॥**

ਨਾਮ ਨੂੰ ਮੰਨਣ ਵਾਲਾ ਮੁਕਤੀ ਦਾ ਦਰਵਾਜ਼ਾ ਪਾ ਲੈਂਦਾ ਹੈ।

**ਮੰਨੈ ਪਰਵਾਰੈ ਸਾਧਾਰੁ॥**

ਨਾਮ ਨੂੰ ਮੰਨਣ ਵਾਲਾ ਸਾਕ-ਸਬੰਧੀਆਂ ਦਾ ਆਸਰਾ

ਹੁੰਦਾ ਹੈ।

**ਮੰਨੈ ਤਰੈ ਤਾਰੇ ਗੁਰੁ ਸਿਖ।।**

ਨਾਮ ਨੂੰ ਮੰਨਣ ਵਾਲਾ ਆਪ ਤਰਦਾ ਹੈ ਅਤੇ ਹੋਰਾਂ ਨੂੰ ਵੀ ਤਾਰਦਾ ਹੈ।

**ਮੰਨੈ ਨਾਨਕ ਭਵਹਿ ਨ ਭਿਖ।।**

ਹੇ ਨਾਨਕ! ਨਾਮ ਨੂੰ ਮੰਨਣ ਵਾਲਾ ਮੰਗਦਾ ਨਹੀਂ ਫਿਰਦਾ।

**ਐਸਾ ਨਾਮੁ ਨਿਰੰਜਨੁ ਹੋਇ।।**
**ਜੇ ਕੋ ਮੰਨਿ ਜਾਣੈ ਮਨਿ ਕੋਇ।। ੧੫।।**

ਐਸਾ ਹੈ ਪ੍ਰਭੂ ਦਾ ਨਾਮ। ਜੇ ਕੋਈ ਦਿਲੋਂ ਮਨੋਂ ਇਸ ਨੂੰ ਮੰਨ ਲਵੇ ਤਾਂ ਉਹ ਮਾਇਆ-ਰਹਿਤ ਹੋ ਜਾਂਦਾ ਹੈ।

**ਪੰਚ ਪਰਵਾਣ ਪੰਚ ਪਰਧਾਨੁ।।**

(ਨਾਮ ਨੂੰ ਸੁਣਨ-ਮੰਨਣ ਵਾਲੇ) ਉਤਮ ਜਨ ਮਕਬੂਲ ਹਨ ਤੇ ਉੱਤਮ ਜਨ ਹੀ ਮਹਾਨ।

**ਪੰਚੇ ਪਾਵਹਿ ਦਰਗਹਿ ਮਾਨੁ।।**

ਉੱਤਮ ਜਨ ਦਰਬਾਰ ਅੰਦਰ ਆਦਰ ਪਾਉਂਦੇ ਹਨ।

**ਪੰਚੇ ਸੋਹਹਿ ਦਰਿ ਰਾਜਾਨੁ।।**

ਉਤਮ ਜਨ ਸ਼ਾਹੀ-ਦਰਬਾਰਾਂ ਅੰਦਰ ਸੁੰਦਰ ਲੱਗਦੇ ਹਨ।

**ਪੰਚਾ ਕਾ ਗੁਰੁ ਏਕੁ ਧਿਆਨੁ ॥**

ਉਤਮ-ਜਨਾਂ ਦੀ ਬਿਰਤੀ ਕੇਵਲ ਗੁਰੂ ਨਾਲ ਹੀ ਜੁੜਦੀ ਹੈ।

**ਜੇ ਕੋ ਕਹੈ ਕਰੈ ਵੀਚਾਰੁ ॥**

ਜੇ ਕੋਈ, ਕਿਤਨਾ ਹੀ ਵੀਚਾਰ ਕਰਕੇ, ਕਹਿਣ ਦਾ ਯਤਨ ਕਰੇ।

**ਕਰਤੇ ਕੈ ਕਰਣੈ ਨਾਹੀ ਸੁਮਾਰੁ ॥**

ਸਿਰਜਨਹਾਰ ਦੀਆਂ ਕਰਨੀਆਂ ਦੀ ਗਿਣਤੀ ਨਹੀਂ ਹੋ ਸਕਦੀ।

**ਧੌਲੁ ਧਰਮੁ ਦਇਆ ਕਾ ਪੂਤੁ ॥**

ਬੈਲ (ਸੰਸਾਰ ਦਾ ਸਹਾਰਾ) ਧਰਮ ਹੀ ਹੈ, ਜੋ ਕਿ ਦਇਆ ਦਾ ਪੁੱਤਰ ਹੈ।

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**

ਜਿਸ ਨੇ ਆਪਣੇ ਧਾਰਮਿਕ ਸੂਤ (ਮਰਯਾਦਾ) ਨਾਲ, ਸੰਤੋਖ ਨੂੰ ਕਾਇਮ ਕੀਤਾ ਹੋਇਆ ਹੈ।

**ਜੇ ਕੋ ਬੁਝੈ ਹੋਵੈ ਸਚਿਆਰੁ ।।**

ਜੇ ਕੋਈ ਇਸ ਨੂੰ ਸਮਝ ਲਵੇ ਤਾਂ ਸੱਚਾ ਹੋ ਸਕਦਾ ਹੈ।

**ਧਵਲੈ ਉਪਰਿ ਕੇਤਾ ਭਾਰੁ ।।**

ਉਸ ਬਲਦ ਉਤੇ ਕਿਤਨਾ ਬੋਝ ਹੋਏਗਾ ?

**ਧਰਤੀ ਹੋਰੁ ਪਰੈ ਹੋਰੁ ਹੋਰੁ ।।**

ਇਸ ਧਰਤੀ ਤੋਂ ਪਰੇ ਹੋਰ ਧਰਤੀ ਹੈ ਤੇ ਇੰਜ ਹੋਰ ਹੋਰ ਕਈ ਧਰਤੀਆਂ ਹਨ।

**ਤਿਸ ਤੇ ਭਾਰੁ ਤਲੈ ਕਵਣੁ ਜੋਰੁ ।।**

ਉਨ੍ਹਾਂ ਦੇ ਬੋਝ ਹੇਠਾਂ ਫਿਰ ਕਿਹੜੀ ਸ਼ਕਤੀ ਹੈ ?

**ਜੀਅ ਜਾਤਿ ਰੰਗਾ ਕੇ ਨਾਵ ।।**
**ਸਭਨਾ ਲਿਖਿਆ ਵੁੜੀ ਕਲਾਮ ।।**

ਜੀਵ ਜੋ ਕਈ ਜ਼ਾਤਾਂ, ਰੰਗਾਂ ਤੇ ਨਾਵਾਂ ਦੇ ਹੰਨ, ਉਨ੍ਹਾਂ ਸਭਨਾਂ ਦੇ ਮੱਥੇ ਉਤੇ ਲੇਖਾ ਇਕ ਵੱਗਦੀ ਕਲਮ ਨੇ ਲਿਖਿਆ ਹੈ।

**ਏਹੁ ਲੇਖਾ ਲਿਖਿ ਜਾਣੈ ਕੋਇ ।।**
**ਲੇਖਾ ਲਿਖਿਆ ਕੇਤਾ ਹੋਇ ।।**

ਇਹ ਲੇਖਾ ਲਿਖਣਾ ਕੌਣ ਜਾਣਦਾ ਹੈ? ਇਹ ਲੇਖਾ ਲਿਖਿਆ ਕਿਤਨਾ ਵੱਡਾ ਹੋਵੇਗਾ?

**ਕੇਤਾ ਤਾਣੁ ਸੁਆਲਿਹੁ ਰੂਪੁ॥**
**ਕੇਤੀ ਦਾਤਿ ਜਾਣੈ ਕੌਣੁ ਕੂਤੁ॥**

ਰੱਬ ਦਾ ਕਿਤਨਾ ਬਲ, ਸੁੰਦਰ ਰੂਪ ਅਤੇ ਕਿਤਨੀਆਂ ਉਸ ਦੀਆਂ ਦਾਤਾਂ ਹਨ; ਇਨ੍ਹਾਂ ਦਾ ਅੰਦਾਜ਼ਾ ਕੌਣ ਲਾ ਸਕਦਾ ਹੈ?

**ਕੀਤਾ ਪਸਾਉ ਏਕੋ ਕਵਾਉ॥**
**ਤਿਸ ਤੇ ਹੋਏ ਲਖ ਦਰੀਆਉ॥**

ਇਕੋ ਸ਼ਬਦ ਨਾਲ ਪ੍ਰਭੂ ਨੇ ਸ੍ਰਿਸ਼ਟੀ ਦਾ ਵਿਸਥਾਰ ਕਰ ਦਿੱਤਾ। ਇਸ ਦੁਆਰਾ ਰਚਨਾ ਦੇ ਲਖੂਖਾਂ ਦਰਿਆ ਵਹਿਣੇ ਸ਼ੁਰੂ ਹੋਏ।

**ਕੁਦਰਤਿ ਕਵਣ ਕਹਾ ਵੀਚਾਰੁ॥**

ਮੇਰੀ ਕੀ ਤਾਕਤ ਹੈ ਕਿ ਮੈਂ ਤੇਰੀ ਸ਼ਕਤੀ ਦਾਂ ਵਿਚਾਰ ਕਰ ਸਕਾਂ।

**ਵਾਰਿਆ ਨ ਜਾਵਾ ਏਕ ਵਾਰ॥**

ਮੈਂ ਤਾਂ ਇਕ ਵਾਰੀ ਵੀ ਤੇਰੇ ਉਤੋਂ ਕੁਰਬਾਨ ਨਹੀਂ ਹੋ

ਸਕਦਾ।

**ਜੇ ਤੁਧੁ ਭਾਵੈ ਸਾਈ ਭਲੀ ਕਾਰ ॥**

ਜੋ ਤੈਨੂੰ ਚੰਗਾ ਲਗਦੈ, ਉਹੀ ਚੰਗਾ ਕੰਮ ਹੈ।

**ਤੂ ਸਦਾ ਸਲਾਮਤਿ ਨਿਰੰਕਾਰ ॥ ੧੬ ॥**

ਹੇ ਰੂਪ ਰੇਖ ਤੋਂ ਨਿਆਰੇ ਵਾਹਿਗੁਰੂ! ਤੂੰ ਹਮੇਸ਼ਾ ਕਾਇਮ ਰਹਿੰਦਾ ਹੈਂ।

**ਅਸੰਖ ਜਪ ਅਸੰਖ ਭਾਉ ॥**
**ਅਸੰਖ ਪੂਜਾ ਅਸੰਖ ਤਪ ਤਾਉ ॥**

ਬੇਸ਼ੁਮਾਰ ਮੰਤ੍ਰ-ਪਾਠ ਕਰਦੇ ਹਨ, ਬੇਸ਼ੁਮਾਰ ਸ਼ਰਧਾ ਨਾਲ ਧਿਆਂਦੇ ਹਨ। ਬੇਸ਼ੁਮਾਰ ਉਪਾਸ਼ਨਾ ਅਤੇ ਬੇਸ਼ੁਮਾਰ ਤਪੱਸਿਆ ਸਾਧਦੇ ਹਨ।

**ਅਸੰਖ ਗਰੰਥ ਮੁਖਿ ਵੇਦ ਪਾਠ ॥**

ਬੇਸ਼ੁਮਾਰ ਧਾਰਮਕ ਪੁਸਤਕਾਂ ਅਤੇ ਵੇਦਾਂ ਦਾ ਮੂੰਹ-ਜ਼ਬਾਨੀ ਪਾਠ ਕਰਨ ਵਾਲੇ ਹਨ।

**ਅਸੰਖ ਜੋਗ ਮਨਿ ਰਹਹਿ ਉਦਾਸ ॥**

ਬੇਸ਼ੁਮਾਰ ਯੋਗ ਧਾਰਨ ਕਰਕੇ ਚਿੱਤ ਵਿੱਚ ਉਪਰਾਮ ਰਹਿੰਦੇ ਹਨ।

**ਅਸੰਖ ਭਗਤ ਗੁਣ ਗਿਆਨ ਵੀਚਾਰ ॥**

ਬੇਸ਼ੁਮਾਰ ਹੀ ਭਗਤ ਹਨ, ਜੋ ਪ੍ਰਭੂ ਦੇ ਗੁਣਾਂ ਤੇ ਫ਼ਲਸਫ਼ੇ ਦੀ ਵਿਚਾਰ ਕਰ ਰਹੇ ਹਨ।

**ਅਸੰਖ ਸਤੀ ਅਸੰਖ ਦਾਤਾਰ ॥**

ਬੇਸ਼ੁਮਾਰ ਸਤਯਵਾਦੀ ਹਨ ਤੇ ਬੇਸ਼ੁਮਾਰ ਦਾਨੀ ਹਨ।

**ਅਸੰਖ ਸੂਰ ਮੁਹ ਭਖ ਸਾਰ ॥**

ਬੇਸ਼ੁਮਾਰ ਯੋਧੇ ਹਨ, ਜੋ ਮੂੰਹ ਉਪਰ ਲੋਹੇ ਦੀਆਂ ਸੱਟਾਂ ਸਹਾਰਦੇ ਹਨ।

**ਅਸੰਖ ਮੋਨਿ ਲਿਵ ਲਾਇ ਤਾਰ ॥**

ਬੇਸ਼ੁਮਾਰ ਚੁੱਪ ਸਾਧ ਕੇ ਇਕ ਟਿਕ ਬ੍ਰਿਤੀ ਜੋੜੀ ਬੈਠੇ ਹਨ।

**ਕੁਦਰਤਿ ਕਵਣ ਕਹਾ ਵੀਚਾਰੁ ॥**

ਮੇਰੀ ਕੀ ਤਾਕਤ ਹੈ ਕਿ ਮੈਂ ਤੇਰੀ ਸ਼ਕਤੀ ਦਾ ਵਿਚਾਰ ਕਰ ਸਕਾਂ।

**ਵਾਰਿਆ ਨ ਜਾਵਾ ਏਕ ਵਾਰ ॥**

ਮੈਂ ਤਾਂ ਇਕ ਵਾਰੀ ਵੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ।

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

ਜੋ ਤੈਨੂੰ ਚੰਗਾ ਲਗਦੈ, ਉਹੀ ਚੰਗਾ ਕੰਮ ਹੈ।

**ਤੂ ਸਦਾ ਸਲਾਮਤਿ ਨਿਰੰਕਾਰ॥ ੧੭॥**

ਹੇ ਰੂਪ ਰੇਖ ਤੋਂ ਨਿਆਰੇ ਵਾਹਿਗੁਰੂ! ਤੂੰ ਹਮੇਸ਼ਾ ਕਾਇਮ ਰਹਿੰਦਾ ਹੈਂ।

**ਅਸੰਖ ਮੂਰਖ ਅੰਧ ਘੋਰ॥**

ਬੇਸ਼ੁਮਾਰ ਮਹਾਂ ਅੰਨ੍ਹੇ ਬੇਸਮਝ ਹਨ।

**ਅਸੰਖ ਚੋਰ ਹਰਾਮਖੋਰ॥**

ਬੇਸ਼ੁਮਾਰ ਚੋਰ ਪਰਾਇਆ ਹੱਕ ਹੜਪ ਕਰਨ ਵਾਲੇ ਹਨ।

**ਅਸੰਖ ਅਮਰ ਕਰਿ ਜਾਹਿ ਜੋਰ॥**

ਬੇਸ਼ੁਮਾਰ ਹਾਕਮ ਜ਼ੋਰ-ਧੱਕਾ ਕਰਕੇ ਟੁਰ ਜਾਂਦੇ ਹਨ।

**ਅਸੰਖ ਗਲਵਢ ਹਤਿਆ ਕਮਾਹਿ॥**

ਬੇਸ਼ੁਮਾਰ ਗਲ ਵੱਢਣ ਵਾਲੇ, ਜੀਵਾਂ ਨੂੰ ਮਾਰ ਕੇ ਜ਼ੁਲਮ ਕਰਦੇ ਹਨ।

**ਅਸੰਖ ਪਾਪੀ ਪਾਪੁ ਕਰਿ ਜਾਹਿ॥**

ਬੇਸ਼ੁਮਾਰ ਅਪਰਾਧੀ ਹਨ, ਜੋ ਗੁਨਾਹ ਹੀ ਕਰੀ

ਜਾਂਦੇ ਹਨ।

**ਅਸੰਖ ਕੂੜਿਆਰ ਕੂੜੇ ਫਿਰਾਹਿ ॥**

ਬੇਸ਼ੁਮਾਰ ਝੂਠੇ ਹਨ, ਜੋ ਝੂਠ ਵਿੱਚ ਹੀ ਭਟਕਦੇ ਫਿਰਦੇ ਹਨ।

**ਅਸੰਖ ਮਲੇਛ ਮਲੁ ਭਖਿ ਖਾਹਿ ॥**

ਬੇਸ਼ੁਮਾਰ ਮੰਦੀ ਇੱਛਾ ਵਾਲੇ ਹਨ, ਜੋ ਗੰਦਗੀ ਨੂੰ ਆਪਣੇ ਅਹਾਰ ਵਜੋਂ ਖਾਂਦੇ ਹਨ।

**ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥**

ਬੇਸ਼ੁਮਾਰ ਨਿੰਦਿਆ ਕਰਨ ਵਾਲੇ ਆਪਣੇ ਸਿਰ 'ਤੇ ਪਾਪਾਂ ਦਾ ਬੋਝ ਲੈ ਲੈਂਦੇ ਹਨ।

**ਨਾਨਕੁ ਨੀਚੁ ਕਹੈ ਵੀਚਾਰੁ ॥**

ਨੀਵਾਂ ਨਾਨਕ ਇਹ ਵਿਚਾਰ ਕਹਿੰਦਾ ਹੈ।

**ਵਾਰਿਆ ਨ ਜਾਵਾ ਏਕ ਵਾਰ ॥**

ਮੈਂ ਤਾਂ ਇਕ ਵਾਰੀ ਵੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ।

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

ਜੋ ਤੈਨੂੰ ਚੰਗਾ ਲਗਦੈ, ਉਹੀ ਚੰਗਾ ਕੰਮ ਹੈ।

**ਤੂ ਸਦਾ ਸਲਾਮਤਿ ਨਿਰੰਕਾਰ ॥੧੯॥**

ਹੇ ਰੂਪ ਰੇਖ ਤੋਂ ਨਿਆਰੇ ਵਾਹਿਗੁਰੂ! ਤੂੰ ਹਮੇਸ਼ਾ ਕਾਇਮ ਰਹਿੰਦਾ ਹੈਂ।

**ਅਸੰਖ ਨਾਵ ਅਸੰਖ ਥਾਵ ॥**

ਬੇਸ਼ੁਮਾਰ ਹਨ ਤੇਰੇ ਨਾਮ ਅਤੇ ਬੇਸ਼ੁਮਾਰ ਹਨ ਤੇਰੇ ਠਿਕਾਣੇ।

**ਅਗੰਮ ਅਗੰਮ ਅਸੰਖ ਲੋਅ ॥**

ਪਰਿਓਂ-ਪਰੇ ਅਪਹੁੰਚ ਤੇ ਬੇਸ਼ੁਮਾਰ ਹਨ ਤੇਰੇ ਮੰਡਲ।

**ਅਸੰਖ ਕਹਹਿ ਸਿਰਿ ਭਾਰੁ ਹੋਇ ॥**

ਬੇਸ਼ੁਮਾਰ ਆਖਦਿਆਂ ਵੀ ਸਿਰ 'ਤੇ ਭਾਰ ਹੁੰਦਾ ਹੈ।

**ਅਖਰੀ ਨਾਮੁ ਅਖਰੀ ਸਾਲਾਹ ॥**

ਅੱਖਰਾਂ ਨਾਲ ਰੱਬ ਦਾ ਨਾਮ ਹੈ ਤੇ ਅੱਖਰਾਂ ਨਾਲ ਉਸ ਦੀ ਸਿਫਤ-ਸਲਾਹ।

**ਅਖਰੀ ਗਿਆਨੁ ਗੀਤ ਗੁਣ ਗਾਹ ॥**

ਅੱਖਰਾਂ ਦੁਆਰਾ ਵਿਚਾਰ ਹੁੰਦੀ ਹੈ ਅਤੇ ਰੱਬ ਦੇ ਗੁਣਾਂ ਦੇ ਗੀਤ ਗਾਏ ਜਾਂਦੇ ਹਨ।

**ਅਖਰੀ ਲਿਖਣੁ ਬੋਲਣੁ ਬਾਣਿ ॥**

ਬਾਣੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਦੁਆਰਾ ਹੈ।

**ਅਖਰਾ ਸਿਰਿ ਸੰਜੋਗੁ ਵਖਾਣਿ॥**

ਅੱਖਰਾਂ ਦੇ ਆਸਰੇ ਰੱਬ ਨਾਲ ਸੰਬੰਧ ਬਿਆਨ ਹੁੰਦਾ ਹੈ।

**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥**

ਜਿਸ ਨੇ ਸੰਜੋਗ ਦੇ ਅੱਖਰ ਲਿਖੇ ਹਨ, ਉਸ ਦੇ ਸਿਰ ਇਹ ਅੱਖਰ ਨਹੀਂ ਹਨ।

**ਜਿਵ ਫੁਰਮਾਏ ਤਿਵ ਤਿਵ ਪਾਹਿ॥**

ਜਿਵੇਂ ਉਹ ਹੁਕਮ ਕਰਦਾ ਹੈ; ਤਿਵੇਂ ਤਿਵੇਂ ਜੀਵ ਪ੍ਰਾਪਤ ਕਰਦੇ ਹਨ।

**ਜੇਤਾ ਕੀਤਾ ਤੇਤਾ ਨਾਉ॥**

ਜਿਤਨਾ ਪਰਪੰਚ ਉਸ ਨੇ ਕੀਤਾ ਹੈ, ਉਤਨਾ ਹੀ ਨਾਮ ਹੈ।

**ਵਿਣੁ ਨਾਵੈ ਨਾਹੀ ਕੋ ਥਾਉ॥**

ਨਾਮ ਤੋਂ ਬਿਨਾਂ ਕੋਈ ਥਾਂ ਨਹੀਂ ਹੈ।

**ਕੁਦਰਤਿ ਕਵਣ ਕਹਾ ਵੀਚਾਰੁ॥**

ਮੇਰੀ ਕੀ ਤਾਕਤ ਹੈ ਕਿ ਮੈਂ ਤੇਰੀ ਸ਼ਕਤੀ ਦਾ ਵਿਚਾਰ ਕਰ ਸਕਾਂ।

**ਵਾਰਿਆ ਨ ਜਾਵਾ ਏਕ ਵਾਰ॥**

ਮੈਂ ਤਾਂ ਇਕ ਵਾਰੀ ਵੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ।

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

ਜੋ ਤੈਨੂੰ ਚੰਗਾ ਲਗਦੈ, ਉਹੀ ਚੰਗਾ ਕੰਮ ਹੈ।

**ਤੂ ਸਦਾ ਸਲਾਮਤਿ ਨਿਰੰਕਾਰ॥੧੯॥**

ਹੇ ਰੂਪ ਰੇਖ ਤੋਂ ਨਿਆਰੇ ਵਾਹਿਗੁਰੂ! ਤੂੰ ਹਮੇਸ਼ਾ ਕਾਇਮ ਰਹਿੰਦਾ ਹੈਂ।

**ਭਰੀਐ ਹਥੁ ਪੈਰੁ ਤਨੁ ਦੇਹ॥**
**ਪਾਣੀ ਧੋਤੈ ਉਤਰਸੁ ਖੇਹ॥**

ਹੱਥ, ਪੈਰ, ਸਰੀਰ-ਪਿੰਡਾ ਲਿਬੱੜ ਜਾਣ ਤਾਂ ਪਾਣੀ ਨਾਲ ਧੋਤਿਆਂ ਮਿੱਟੀ ਲਹਿ ਜਾਂਦੀ ਹੈ।

**ਮੂਤ ਪਲੀਤੀ ਕਪੜੁ ਹੋਇ॥**
**ਦੇ ਸਾਬੂਣੁ ਲਈਐ ਓਹੁ ਧੋਇ॥**

ਕਪੜਾ ਪੇਸ਼ਾਬ ਨਾਲ ਗੰਦਾ ਕੀਤਾ ਹੋਵੇ ਤਾਂ ਸਾਬਣ

ਲਾ ਕੇ ਉਸ ਨੂੰ ਧੋ ਲਈਦਾ ਹੈ।

**ਭਰੀਐ ਮਤਿ ਪਾਪਾ ਕੈ ਸੰਗਿ ।।**

**ਓਹੁ ਧੋਪੈ ਨਾਵੈ ਕੈ ਰੰਗਿ ।।**

ਜੇਕਰ ਅੰਤਹਕਰਣ ਪਾਪਾਂ ਨਾਲ ਮੈਲਾ ਹੋ ਜਾਏ ਤਾਂ ਉਹ ਹਰੀ ਦੇ ਨਾਮ ਦੀ ਪ੍ਰੀਤ ਨਾਲ ਧੋਤਾ ਜਾ ਸਕਦਾ ਹੈ।

**ਪੁੰਨੀ ਪਾਪੀ ਆਖਣੁ ਨਾਹਿ ।।**

ਪੁੰਨੀ ਤੇ ਪਾਪੀ ਕੇਵਲ ਕਹਿਣ ਮਾਤਰ ਨਹੀਂ।

**ਕਰਿ ਕਰਿ ਕਰਣਾ ਲਿਖਿ ਲੈ ਜਾਹੁ ।।**

ਕਰਮ ਕਰ-ਕਰ ਕੇ, ਤੁਸੀਂ ਆਪਣੇ ਨਾਲ, ਲਿਖ ਕੇ ਲੈ ਜਾਂਦੇ ਹੋ।

**ਆਪੇ ਬੀਜਿ ਆਪੇ ਹੀ ਖਾਹੁ ।।**

ਜੋ ਆਪ ਬੀਜਦੇ ਹੋ, ਉਹ ਆਪ ਹੀ ਖਾਂਦੇ ਹੋ।

**ਨਾਨਕ ਹੁਕਮੀ ਆਵਹੁ ਜਾਹੁ ।। ੨੦ ।।**

ਹੇ ਨਾਨਕ! ਜੀਵ ਰੱਬ ਦੇ ਹੁਕਮ ਵਿੱਚ ਆਉਂਦੇ ਜਾਂਦੇ ਹਨ।

**ਤੀਰਥੁ ਤਪੁ ਦਇਆ ਦਤੁ ਦਾਨੁ ।।**

**ਜੇ ਕੋ ਪਾਵੈ ਤਿਲ ਕਾ ਮਾਨੁ ।।**

ਜੇ ਕਿਸੇ ਨੂੰ ਪ੍ਰਭੂ ਦੇ ਨਾਮ ਦਾ ਜ਼ਰਾ ਭਰ ਵੀ ਮਾਣ ਮਿਲ ਜਾਏ ਤਾਂ ਸਮਝੋ ਕਿ ਉਸ ਨੇ ਤੀਰਥਾਂ ਦਾ ਇਸ਼ਨਾਨ, ਤਪ ਦੀ ਸਾਧਨਾ, ਜੀਆਂ ਉੱਪਰ ਦਇਆ ਅਤੇ ਪੁੰਨ ਦਾਨ ਕਰ ਲਏ।

**ਸੁਣਿਆ ਮੰਨਿਆ ਮਨਿ ਕੀਤਾ ਭਾਉ ।।**
**ਅੰਤਰਗਤਿ ਤੀਰਥਿ ਮਲਿ ਨਾਉ ।।**

ਜਿਸ ਨੇ ਇਹ ਨਾਮ ਸੁਣਿਆ, ਮੰਨਿਆ ਅਤੇ ਜਿਸ ਨੇ ਮਨ ਵਿੱਚ ਪਿਆਰ ਕੀਤਾ ਤਾਂ ਉਸ ਦਾ ਇਹ ਵਰਤਣ, ਅੰਤਰ ਆਤਮੇ, ਤੀਰਥ ਵਿੱਚ ਮਲ-ਮਲ ਕੇ ਨ੍ਹਾਉਣ ਦੇ ਬਰਾਬਰ ਹੈ।

**ਸਭਿ ਗੁਣ ਤੇਰੇ ਮੈ ਨਾਹੀ ਕੋਇ ।।**

(ਹੇ ਅਕਾਲ ਪੁਰਖ !) ਸਭ ਚੰਗਿਆਈਆਂ ਤੇਰੀਆਂ ਹੀ ਹਨ, ਮੇਰੇ ਵਿੱਚ ਕੋਈ ਗੁਣ ਨਹੀਂ।

**ਵਿਣੁ ਗੁਣ ਕੀਤੇ ਭਗਤਿ ਨ ਹੋਇ ।।**

ਚੰਗਿਆਈਆਂ ਗ੍ਰਹਿਣ ਕੀਤੇ ਬਿਨਾਂ ਸੱਚੀ ਭਗਤੀ ਨਹੀਂ ਹੋ ਸਕਦੀ।

**ਸੁਅਸਤਿ ਆਥਿ ਬਾਣੀ ਬਰਮਾਉ ।।**

ਜੈ ਹੋਵੇ ਉਸ ਦੀ, ਜੋ ਆਪੇ ਮਾਇਆ, ਆਪੇ ਬਾਣੀ ਤੇ ਆਪ ਹੀ ਬ੍ਰਹਮਾ ਹੈ।

**ਸਤਿ ਸੁਹਾਣੁ ਸਦਾ ਮਨਿ ਚਾਉ ॥**

ਉਹ ਸਦਾ ਥਿਰ ਰਹਿਣ ਵਾਲਾ, ਸੋਹਣਾ ਹੈ, ਉਸ ਦੇ ਚਿਤ ਅੰਦਰ ਸਦਾ ਖੇੜਾ ਹੈ।

**ਕਵਣੁ ਸੁ ਵੇਲਾ ਵਖਤੁ ਕਵਣੁ**
**ਕਵਣ ਥਿਤਿ ਕਵਣੁ ਵਾਰੁ ॥**
**ਕਵਣਿ ਸਿ ਰੁਤੀ ਮਾਹੁ ਕਵਣੁ**
**ਜਿਤੁ ਹੋਆ ਆਕਾਰੁ ॥**

ਜਦੋਂ ਸ੍ਰਿਸ਼ਟੀ ਦੀ ਰਚਨਾ ਹੋਈ ਤਦੋਂ ਕੀ ਵੇਲਾ ਵਕਤ ਸੀ, ਕਿਹੜੀ ਥਿਤ ਅਤੇ ਕਿਹੜਾ ਦਿਹਾੜਾ ਸੀ? ਤਦੋਂ ਕਿਹੜੀ ਰੁੱਤ ਤੇ ਕਿਹੜਾ ਮਹੀਨਾ ਸੀ?

**ਵੇਲ ਨ ਪਾਈਆ ਪੰਡਤੀ**
**ਜਿ ਹੋਵੈ ਲੇਖੁ ਪੁਰਾਣੁ ॥**

ਪੰਡਤਾਂ ਨੇ ਉਸ ਵੇਲੇ ਨੂੰ ਨਹੀਂ ਜਾਣਿਆਂ ਭਾਵੇਂ ਇਸ ਬਾਰੇ ਕੋਈ ਪੁਰਾਣਿਕ ਲੇਖ ਭੀ ਹੋਵੇ।

**ਵਖਤੁ ਨ ਪਾਇਓ ਕਾਦੀਆ**
**ਜਿ ਲਿਖਨਿ ਲੇਖੁ ਕੁਰਾਣੁ ॥**

ਨਾ ਹੀ ਕਾਜ਼ੀਆਂ ਨੇ ਇਹ ਸਮਾਂ ਪਾਇਆ ਹੈ, ਜੋ ਕਿ ਕੁਰਾਨ ਦੀ ਲਿਖਤ ਲਿਖਦੇ ਹਨ।

**ਥਿਤਿ ਵਾਰੁ ਨਾ ਜੋਗੀ ਜਾਣੈ**
**ਰੁਤਿ ਮਾਹੁ ਨਾ ਕੋਈ ॥**

ਕੋਈ ਜੋਗੀ ਭੀ ਐਸੀ ਥਿਤ ਤੇ ਵਾਰ ਨਹੀਂ ਜਾਣਦਾ ਅਤੇ ਨਾ ਕੋਈ ਰੁੱਤ ਤੇ ਮਹੀਨਾ ਹੀ ਜਾਣਦਾ ਹੈ।

**ਜਾ ਕਰਤਾ ਸਿਰਠੀ ਕਉ ਸਾਜੇ**
**ਆਪੇ ਜਾਣੈ ਸੋਈ ॥**

ਉਹ ਵੇਲਾ ਜਦੋਂ ਸਿਰਜਣਹਾਰ ਸ੍ਰਿਸ਼ਟੀ ਨੂੰ ਰਚਦਾ ਹੈ, ਉਹ ਆਪ ਹੀ ਜਾਣਦਾ ਹੈ।

**ਕਿਵ ਕਰਿ ਆਖਾ ਕਿਵ ਸਾਲਾਹੀ**
**ਕਿਉ ਵਰਨੀ ਕਿਵ ਜਾਣਾ ॥**

ਮੈਂ ਕਰਤਾਰ ਨੂੰ ਕਿੰਜ ਆਖਾਂ, ਉਸ ਦੀ ਕਿਵੇਂ ਸਿਫਤ ਕਰਾਂ, ਉਸ ਨੂੰ ਕਿਦਾਂ ਬਿਆਨ ਕਰਾਂ ਤੇ ਕਿਵੇਂ ਸਮਝਾਂ?

**ਨਾਨਕ ਆਖਣਿ ਸਭੁ ਕੋ ਆਖੈ**
**ਇਕ ਦੂ ਇਕੁ ਸਿਆਣਾ ॥**

ਹੇ ਨਾਨਕ! ਕਹਿਣ ਨੂੰ ਤਾਂ ਹਰ ਕੋਈ ਆਖਦਾ ਹੈ ਤੇ ਇਕ ਤੋਂ ਇਕ ਵੱਧ ਸਿਆਣਾ ਹੈ।

**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥**

ਉਹ ਮਾਲਿਕ ਵੱਡਾ ਹੈ, ਉਸ ਦੀ ਵਡਿਆਈ ਵੀ ਵੱਡੀ ਹੈ, ਜਿਸ ਦਾ ਕੀਤਾ ਸਭ ਕੁਛ ਹੁੰਦਾ ਹੈ।

**ਨਾਨਕ ਜੇ ਕੋ ਆਪੌ ਜਾਣੈ**
**ਅਗੈ ਗਇਆ ਨ ਸੋਹੈ ॥ ੨੧ ॥**

ਹੇ ਨਾਨਕ! ਜੇਕਰ ਕੋਈ ਆਪਣੇ ਆਪ ਨੂੰ ਕਰਨ ਯੋਗ ਸਮਝਦਾ ਹੈ ਤਾਂ ਉਹ ਰੱਬ ਦੀ ਦਰਗਾਹ ਵਿੱਚ ਚੰਗਾ ਨਹੀਂ ਲੱਗੇਗਾ।

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**

ਪਾਤਾਲ ਦੇ ਹੇਠਾਂ ਲੱਖਾਂ ਪਾਤਾਲ ਹਨ ਤੇ ਆਕਾਸ਼ ਦੇ ਉਪਰ ਲੱਖਾਂ ਆਕਾਸ਼ ਹਨ।

**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**

ਉਨ੍ਹਾਂ ਦਾ ਹੱਦ ਬੰਨਾ ਲੱਭਣ ਲਈ ਢੂੰਡ-ਢੂੰਡ ਕੇ ਵੇਦ

ਕੇਵਲ ਇਕੋ ਗੱਲ ਆਖਦੇ ਹਨ ਕਿ ਅਸੀਂ ਹਫ਼ ਗਏ ਹਾਂ।

**ਸਹਸ ਅਠਾਰਹ ਕਹਨਿ ਕਤੇਬਾ**
**ਅਸੁਲੂ ਇਕੁ ਧਾਤੁ ॥**

ਪੱਛਮੀ ਕਿਤਾਬਾਂ ਆਖਦੀਆਂ ਹਨ ਕਿ ਕੁਲ ਅਠਾਰਾਂ ਹਜ਼ਾਰ ਆਲਮ ਹਨ, ਜਿਨ੍ਹਾਂ ਦਾ ਮੁੱਢ ਇਕ ਪਰਮਾਤਮਾ ਹੈ।

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**

ਸ੍ਰਿਸ਼ਟੀ ਦੀ ਰਚਨਾ ਦਾ ਜੇ ਕੋਈ ਲੇਖਾ ਹੋ ਸਕਦਾ ਹੋਵੇ ਤਾਂ ਇਹ ਲੇਖਾ ਲਿਖੀਏ।

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥**

ਹੇ ਨਾਨਕ! ਰੱਬ ਨੂੰ ਵੱਡਾ ਹੀ ਆਖਣਾ ਬਣਦਾ ਹੈ, ਉਹ ਆਪ ਹੀ ਆਪਣੇ ਆਪ ਨੂੰ ਜਾਣਦਾ ਹੈ।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥**

ਸਲਾਹੁਣ ਵਾਲੇ, ਸਾਹਿਬ ਦੀ ਸ਼ਲਾਘਾ ਕਰਦੇ ਹਨ ਪਰ ਉਨ੍ਹਾਂ ਇਤਨੀ ਸੋਝੀ ਪ੍ਰਾਪਤ ਨਹੀਂ ਕੀਤੀ (ਕਿ ਉਹ ਕਿਤਨਾ ਵੱਡਾ ਹੈ)।

**ਨਦੀਆ ਅਤੈ ਵਾਹ**
**ਪਵਹਿ ਸਮੁੰਦਿ ਨ ਜਾਣੀਅਹਿ ॥**

ਜਿਵੇਂ ਨਦੀਆਂ ਤੇ ਨਾਲੇ ਸਮੁੰਦਰ ਵਿੱਚ ਜਾ ਪੈਂਦੇ ਹਨ, ਪਰ ਉਸ ਦਾ ਥਹੁ ਨਹੀਂ ਸਮਝਦੇ।

**ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥**

ਸਮੁੰਦਰ ਵਰਗੇ ਵੱਡੇ ਸ਼ਾਹ ਪਾਤਸ਼ਾਹ, ਜਿਨ੍ਹਾਂ ਦੀ ਸੰਪੱਤੀ ਦੇ ਖਜ਼ਾਨੇ ਪਹਾੜਾਂ ਜਿਤਨੇ ਹਨ।

**ਕੀੜੀ ਤੁਲਿ ਨ ਹੋਵਨੀ**
**ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥**

ਐਸੇ ਉਸ ਕੀੜੀ ਦੇ ਬਰਾਬਰ ਵੀ ਨਹੀਂ, ਜਿਸ ਨੂੰ ਹੇ ਪ੍ਰਭੂ! ਤੂੰ ਦਿਲੋਂ ਨਹੀਂ ਵਿਸਰਦਾ।

**ਅੰਤੁ ਨ ਸਿਫਤੀ ਕਹਣਿ ਨ ਅੰਤੁ ॥**

ਉਸ ਦੇ ਗੁਣਾਂ ਦਾ ਕੋਈ ਅੰਤ ਨਹੀਂ, ਕਹਿਣ ਨਾਲ ਅੰਤ ਨਹੀਂ ਪੈ ਸਕਦਾ।

**ਅੰਤੁ ਨ ਕਰਣੈ ਦੇਣਿ ਨ ਅੰਤੁ ॥**

ਉਸ ਦੇ ਕੰਮਾਂ ਦਾ ਕੋਈ ਓੜਕ ਨਹੀਂ, ਨਾ ਕੋਈ ਓੜਕ ਹੈ ਦੇਣ ਦਾ।

**ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥**

ਉਸ ਦਾ ਵੇਖਣ ਦਾ ਕੋਈ ਓੜਕ ਨਹੀਂ, ਨਾ ਹੀ

ਓੜਕ ਹੈ ਸੁਣਨ ਦਾ ।

**ਅੰਤੁ ਨ ਜਾਪੈ ਕਿਆ ਮਨਿ ਮੰਤੁ ।।**

ਉਸ ਦੇ ਮਨ ਦਾ ਕੀ ਮਨੋਰਥ ਹੈ, ਇਸ ਦਾ ਓੜਕ ਜਾਣਿਆ ਨਹੀਂ ਜਾ ਸਕਦਾ।

**ਅੰਤੁ ਨ ਜਾਪੈ ਕੀਤਾ ਆਕਾਰੁ ।।**
**ਅੰਤੁ ਨ ਜਾਪੈ ਪਾਰਾਵਾਰੁ ।।**

ਉਸ ਦੀ ਬਣਾਈ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ ਜਾਪਦਾ, ਨਾ ਹੀ ਉਸ ਦੇ ਉਰਾਰ-ਪਾਰ ਦਾ ਕੋਈ ਥਹੁ ਲੱਭਦਾ ਹੈ।

**ਅੰਤ ਕਾਰਣਿ ਕੇਤੇ ਬਿਲਲਾਹਿ ।।**
**ਤਾ ਕੇ ਅੰਤ ਨ ਪਾਏ ਜਾਹਿ ।।**

ਇਹ ਸਾਰੇ ਜਾਣਨ ਲਈ ਕਈ ਵਿਲ੍ਹਕਦੇ ਹਨ, ਪਰ ਉਸ ਦੇ ਹੱਦ-ਬੰਨੇ ਪਾ ਨਹੀਂ ਸਕਦੇ।

**ਏਹੁ ਅੰਤੁ ਨ ਜਾਣੈ ਕੋਇ ।।**
**ਬਹੁਤਾ ਕਹੀਐ ਬਹੁਤਾ ਹੋਇ ।।**

ਇਹ ਪਾਰਾਵਾਰ ਕੋਈ ਨਹੀਂ ਜਾਣ ਸਕਦਾ। ਬਹੁਤ ਕਹਿੰਦੇ ਹਾਂ, ਤਾਂ ਵੀ ਕਹਿਣ ਨੂੰ ਬਹੁਤ ਜ਼ਿਆਦਾ ਰਹਿ

ਜਾਂਦਾ ਹੈ।

**ਵਡਾ ਸਾਹਿਬੁ ਊਚਾ ਥਾਉ ॥**
**ਊਚੇ ਉਪਰਿ ਊਚਾ ਨਾਉ ॥**

ਉਹ ਵੱਡਾ ਮਾਲਕ ਹੈ, ਉਸ ਦਾ ਉਚਾ ਅਸਥਾਨ ਹੈ। ਉਸ ਉੱਚੇ ਥਾਂ ਤੋਂ ਵੀ ਉਸ ਦਾ ਨਾਮ ਹੋਰ ਉੱਚਾ ਹੈ।

**ਏਵਡੁ ਊਚਾ ਹੋਵੈ ਕੋਇ ॥**
**ਤਿਸੁ ਊਚੇ ਕਉ ਜਾਣੈ ਸੋਇ ॥**

ਜੇ ਕੋਈ ਉਸ ਜਿਤਨਾ ਵੱਡਾ ਹੋਵੇ ਤਾਂ ਉਹ ਉਸ ਉੱਚੇ ਨੂੰ ਸਮਝ ਸਕਦਾ ਹੈ।

**ਜੇਵਡੁ ਆਪਿ ਜਾਣੈ ਆਪਿ ਆਪਿ ॥**

ਜਿਤਨਾ ਵੱਡਾ ਉਹ ਹੈ, ਉਹ ਆਪ ਹੀ ਜਾਣਦਾ ਹੈ।

**ਨਾਨਕ ਨਦਰੀ ਕਰਮੀ ਦਾਤਿ ॥ ੨੪ ॥**

ਹੇ ਨਾਨਕ! ਪ੍ਰਭੂ ਦੀ ਕਿਰਪਾ ਤੇ ਉਦਾਰਤਾ ਨਾਲ ਉਸ ਦੀ ਬਖਸ਼ਿਸ਼ ਹੁੰਦੀ ਹੈ।

**ਬਹੁਤਾ ਕਰਮੁ ਲਿਖਿਆ ਨਾ ਜਾਇ ॥**

ਰੱਬੀ-ਬਖਸ਼ਿਸ਼ ਬਹੁਤ ਹੈ, ਲਿਖੀ ਨਹੀਂ ਜਾ ਸਕਦੀ।

**ਵਡਾ ਦਾਤਾ ਤਿਲੁ ਨ ਤਮਾਇ ॥**

ਵੱਡਾ ਦਾਤਾ ਹੈ, ਉਸ ਨੂੰ ਭੋਰਾ ਜਿੰਨਾ ਵੀ ਲਾਲਚ ਨਹੀਂ।

**ਕੇਤੇ ਮੰਗਹਿ ਜੋਧ ਅਪਾਰ ॥**

ਕਿਤਨੇ ਹੀ ਜੋਧੇ ਉਸ ਕੋਲੋਂ ਮੰਗਦੇ ਹਨ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ।

**ਕੇਤਿਆ ਗਣਤ ਨਹੀ ਵੀਚਾਰੁ ॥**

ਐਸੇ ਜਾਚਕਾਂ ਦੀ ਕਿਤਨੀ ਗਿਣਤੀ ਹੈ? ਇਸ ਦਾ ਵਿਚਾਰ ਨਹੀਂ ਹੋ ਸਕਦਾ।

**ਕੇਤੇ ਖਪਿ ਤੁਟਹਿ ਵੇਕਾਰ ॥**

ਕਿਤਨੇ ਹੀ (ਉਸ ਦੀਆਂ ਦਾਤਾਂ ਭੋਗ ਕੇ) ਵਿਕਾਰਾਂ ਵਿੱਚ ਹੀ ਖੱਪ-ਖੱਪ ਕੇ ਨਾਸ ਹੁੰਦੇ ਹਨ।

**ਕੇਤੇ ਲੈ ਲੈ ਮੁਕਰੁ ਪਾਹਿ ॥**

ਕਿਤਨੇ ਲਗਾਤਾਰ ਦਾਤਾਂ ਲੈਂਦੇ ਹਨ ਅਤੇ ਤਾਂ ਭੀ ਉਨ੍ਹਾਂ ਤੋਂ ਮੁਨਕਰ ਹੋ ਜਾਂਦੇ ਹਨ।

**ਕੇਤੇ ਮੂਰਖ ਖਾਹੀ ਖਾਹਿ ॥**

ਕਿੰਨੇ ਹੀ ਮੂਰਖ ਐਸੇ ਹਨ ਕਿ ਖਾਂਦੇ ਹੀ ਚਲੇ ਜਾਂਦੇ ਹਨ।

**ਕੇਤਿਆ ਦੂਖ ਭੂਖ ਸਦ ਮਾਰ ॥**
**ਏਹਿ ਭਿ ਦਾਤਿ ਤੇਰੀ ਦਾਤਾਰ ॥**

ਕਈਆਂ ਨੂੰ ਦੁੱਖ ਤੇ ਭੁੱਖ ਦੀ ਸਦਾ ਮਾਰ ਵਗੀ ਰਹਿੰਦੀ ਹੈ। ਪਰ ਹੇ ਦਾਤਾਰ! ਇਹ ਵੀ ਤੇਰੀ ਦਾਤ ਹੀ ਹੈ।

**ਬੰਦਿ ਖਲਾਸੀ ਭਾਣੈ ਹੋਇ ॥**

ਹੇ ਪ੍ਰਭੂ! ਤੇਰੇ ਭਾਣੇ ਨਾਲ ਹੀ ਬੰਧਨ ਤੋਂ ਛੁਟਕਾਰਾ ਮਿਲਦਾ ਹੈ।

**ਹੋਰੁ ਆਖਿ ਨ ਸਕੈ ਕੋਇ ॥**

ਹੋਰ ਕਿਸੇ ਦਾ ਇਸ ਵਿੱਚ ਕੋਈ ਦਖ਼ਲ ਨਹੀਂ।

**ਜੇ ਕੋ ਖਾਇਕੁ ਆਖਣਿ ਪਾਇ ॥**
**ਓਹੁ ਜਾਣੈ ਜੇਤੀਆ ਮੁਹਿ ਖਾਇ ॥**

ਜੇ ਕੋਈ ਮੂਰਖ ਦਖ਼ਲ ਦੇਣ ਦਾ ਹੀਆ ਕਰੇ ਉਹੀ ਜਾਣੇਗਾ ਕਿ ਉਸ ਨੂੰ ਮੂੰਹ ਉਪਰ ਕਿੰਨੀਆਂ ਸੱਟਾਂ ਪੈਂਦੀਆਂ ਹਨ।

**ਆਪੇ ਜਾਣੈ ਆਪੇ ਦੇਇ ॥**
**ਆਖਹਿ ਸਿ ਭਿ ਕੇਈ ਕੇਇ ॥**

ਮਾਲਕ ਸਾਰਾ ਕੁਝ ਆਪ ਜਾਣਦਾ ਹੈ ਤੇ ਆਪ ਹੀ ਦੇਂਦਾ ਹੈ। ਇੰਜ ਭੀ ਕੋਈ ਵਿਰਲੇ ਹੀ ਕਹਿੰਦੇ ਹਨ।

**ਜਿਸ ਨੋ ਬਖਸੇ ਸਿਫਤਿ ਸਾਲਾਹ ॥**
**ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥**

ਜਿਸ ਨੂੰ ਉਹ ਆਪਣੀ ਕੀਰਤੀ ਤੇ ਸ਼ਲਾਘਾ ਕਰਨੀ ਪਰਦਾਨ ਕਰਦਾ ਹੈ, ਹੇ ਨਾਨਕ! ਉਹ ਮਹਾਰਾਜਿਆਂ ਦਾ ਭੀ ਮਹਾਰਾਜਾ ਹੈ।

**ਅਮੁਲ ਗੁਣ ਅਮੁਲ ਵਾਪਾਰ ॥**

ਅਕਾਲ ਪੁਰਖ ਦੇ ਗੁਣ ਅਮੋਲਕ ਹਨ ਤੇ ਉਨ੍ਹਾਂ ਦਾ ਵਾਪਾਰ ਵੀ ਅਮੋਲਕ ਹੈ।

**ਅਮੁਲ ਵਾਪਾਰੀਏ ਅਮੁਲ ਭੰਡਾਰ ॥**

ਇਨ੍ਹਾਂ ਗੁਣਾਂ ਦੇ ਵਣਜਾਰੇ ਅਮੋਲਕ ਹਨ ਤੇ ਗੁਣਾਂ ਦੇ ਖ਼ਜ਼ਾਨੇ ਵੀ ਅਮੋਲਕ ਹਨ।

**ਅਮੁਲ ਆਵਹਿ ਅਮੁਲ ਲੈ ਜਾਹਿ ॥**

ਅਮੋਲਕ ਹਨ ਉਹ, ਜੋ ਇਸ ਵਾਪਾਰ ਲਈ ਆਂਦੇ ਹਨ ਤੇ ਅਮੋਲਕ ਹਨ ਉਹ, ਜੋ ਇਹ ਸੌਦਾ ਲੈ ਕੇ ਜਾਂਦੇ ਹਨ।

**ਅਮੁਲ ਭਾਇ ਅਮੁਲਾ ਸਮਾਹਿ॥**

ਅਮੋਲਕ ਹਨ ਜੋ ਕਿ ਉਸ ਦੇ ਪਿਆਰ ਵਿੱਚ ਹਨ ਤੇ ਅਮੋਲਕ ਹਨ ਉਹ, ਜੋ ਉਸ ਵਿੱਚ ਲੀਨ ਹੋਏ ਹਨ।

**ਅਮੁਲੁ ਧਰਮੁ ਅਮੁਲੁ ਦੀਬਾਣੁ॥**

ਈਸ਼ਰੀ ਕਾਨੂੰਨ ਅਮੋਲਕ ਹੈ ਤੇ ਉਸ ਦਾ ਦਰਬਾਰ ਵੀ ਅਮੋਲਕ ਹੈ।

**ਅਮੁਲੁ ਤੁਲੁ ਅਮੁਲੁ ਪਰਵਾਣੁ॥**

ਉਸ ਦਾ ਤੋਲ ਅਮੋਲਕ ਹੈ ਤੇ ਪੈਮਾਨਾ ਵੀ ਅਮੋਲਕ ਹੈ।

**ਅਮੁਲੁ ਬਖਸੀਸ ਅਮੁਲੁ ਨੀਸਾਣੁ॥**

ਉਸ ਦੀਆਂ ਦਾਤਾਂ ਅਮੋਲਕ ਹਨ ਤੇ ਅਮੋਲਕ ਹੈ ਉਸ ਦੀ ਪਰਵਾਨਗੀ ਦਾ ਚਿੰਨ੍ਹ।

**ਅਮੁਲੁ ਕਰਮੁ ਅਮੁਲੁ ਫੁਰਮਾਣੁ॥**

ਅਮੋਲਕ ਹੈ ਉਸ ਦੀ ਰਹਿਮਤ ਤੇ ਅਮੋਲਕ ਹੈ ਉਸ ਦਾ ਹੁਕਮ।

**ਅਮੁਲੋ ਅਮੁਲੁ ਆਖਿਆ ਨ ਜਾਇ॥**

ਉਹ ਅਮੋਲਕ ਹੀ ਅਮੋਲਕ ਹੈ, ਉਸ ਦਾ ਬਿਆਨ

ਨਹੀਂ ਕੀਤਾ ਜਾ ਸਕਦਾ।

**ਆਖਿ ਆਖਿ ਰਹੇ ਲਿਵ ਲਾਇ।।**

ਜੋ ਧਿਆਨ ਜੋੜ ਕੇ ਬਿਆਨ ਕਰਦੇ ਹਨ, ਉਹ ਆਖ-ਆਖ ਕੇ ਰਹਿ ਜਾਂਦੇ ਹਨ।

**ਆਖਹਿ ਵੇਦ ਪਾਠ ਪੁਰਾਣ।।**
**ਆਖਹਿ ਪੜੇ ਕਰਹਿ ਵਖਿਆਣ।।**

ਉਸ ਨੂੰ ਵੇਦ-ਪਾਠ, ਪੁਰਾਣ ਬਿਆਨ ਕਰਦੇ ਹਨ। ਪੜ੍ਹੇ-ਲਿਖੇ ਵਿਦਵਾਨ ਵੀ ਉਸ ਦਾ ਵਰਣਨ ਕਰਦੇ ਹੋਏ ਵਿਆਖਿਆਨ ਦਿੰਦੇ ਹਨ।

**ਆਖਹਿ ਬਰਮੇ ਆਖਹਿ ਇੰਦ।।**
**ਆਖਹਿ ਗੋਪੀ ਤੈ ਗੋਵਿੰਦ।।**

ਕਈ ਬ੍ਰਹਮੇ ਅਤੇ ਇੰਦ੍ਰ ਉਸ ਦਾ ਬਿਆਨ ਕਰਦੇ ਹਨ। ਅਨੇਕਾਂ ਗੋਪੀਆਂ ਤੇ ਕਾਨ੍ਹ ਉਸ ਦਾ ਵਰਣਨ ਕਰਦੇ ਹਨ।

**ਆਖਹਿ ਈਸਰ ਆਖਹਿ ਸਿਧ।।**
**ਆਖਹਿ ਕੇਤੇ ਕੀਤੇ ਬੁਧ।।**

ਕਈ ਸ਼ਿਵ ਜੀ ਤੇ ਕਈ ਸਿਧ ਬਿਆਨ ਕਰਦੇ ਹਨ

ਅਤੇ ਕਰਤਾ ਪੁਰਖ ਦੇ ਸਾਜੇ ਹੋਏ ਬੇਅੰਤ ਬੁੱਧ ਵਰਣਨ ਕਰਦੇ ਹਨ।

**ਆਖਹਿ ਦਾਨਵ ਆਖਹਿ ਦੇਵ॥**

ਦੈਂਤ ਬਿਆਨ ਕਰਦੇ ਹਨ ਤੇ ਦੇਵਤੇ ਵੀ ਵਰਣਨ ਕਰਦੇ ਹਨ।

**ਆਖਹਿ ਸੁਰਿ ਨਰ ਮੁਨਿ ਜਨ ਸੇਵ॥**

ਦੇਵ ਸੁਭਾ ਵਾਲੇ ਮਨੁੱਖ, ਰਿਖੀ-ਲੋਕ ਤੇ ਸੇਵਕ ਉਸ ਦਾ ਜ਼ਿਕਰ ਕਰਦੇ ਹਨ।

**ਕੇਤੇ ਆਖਹਿ ਆਖਣਿ ਪਾਹਿ॥**
**ਕੇਤੇ ਕਹਿ ਕਹਿ ਉਠਿ ਉਠਿ ਜਾਹਿ॥**

ਕਿਤਨੇ ਹੀ ਉਸ ਨੂੰ ਬਿਆਨ ਕਰਦੇ ਹਨ ਤੇ ਕਿਤਨੇ ਹੀ ਆਖਣ ਦਾ ਯਤਨ ਕਰਦੇ ਹਨ। ਕਿਤਨੇ ਹੀ ਵਰਣਨ ਕਰ-ਕਰ ਕੇ ਇਥੋਂ ਤੁਰੇ ਜਾ ਰਹੇ ਹਨ।

**ਏਤੇ ਕੀਤੇ ਹੋਰਿ ਕਰੇਹਿ॥**
**ਤਾ ਆਖਿ ਨ ਸਕਹਿ ਕੇਈ ਕੇਇ॥**

ਜਿਤਨੇ ਉਸ ਨੇ ਪਹਿਲਾਂ ਰਚੇ ਹਨ, ਉਤਨੇ ਹੋਰ ਭੀ ਰਚ ਦੇਵੇ, ਤਾਂ ਭੀ ਉਹ ਕੋਈ ਕੁਝ ਨਹੀਂ ਬਿਆਨ ਕਰ

ਸਕਣਗੇ।

**ਜੇਵਡੁ ਭਾਵੈ ਤੇਵਡੁ ਹੋਇ॥**
**ਨਾਨਕ ਜਾਣੈ ਸਾਚਾ ਸੋਇ॥**

ਜਿਤਨਾ ਵੱਡਾ ਉਹ ਚਾਹਵੇ, ਉਤਨਾ ਹੀ ਵੱਡਾ ਉਹ ਹੋ ਸਕਦਾ ਹੈ। ਹੇ ਨਾਨਕ! ਉਹ ਸੱਚਾ ਆਪ ਹੀ ਜਾਣਦਾ ਹੈ ਕਿ ਉਹ ਕਿਤਨਾ ਵੱਡਾ ਹੈ।

**ਜੇ ਕੋ ਆਖੈ ਬੋਲੁਵਿਗਾੜੁ॥**
**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥**

ਜੇ ਕੋਈ ਬੜਬੋਲਾ ਕਹੇ ਕਿ ਰੱਬ ਇਤਨਾ ਵੱਡਾ ਹੈ, ਤਾਂ ਉਸ ਨੂੰ ਮੂਰਖਾਂ ਦਾ ਸਰਦਾਰ ਸਮਝਣਾ ਚਾਹੀਦਾ।

**ਸੋ ਦਰੁ ਕੇਹਾ ਸੋ ਘਰੁ ਕੇਹਾ**
**ਜਿਤੁ ਬਹਿ ਸਰਬ ਸਮਾਲੇ॥**

ਉਹ ਦਰਵਾਜ਼ਾ ਕੈਸਾ ਹੈ, ਉਹ ਘਰ ਕੈਸਾ ਹੈ, ਜਿਥੇ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ (ਹੇ ਮਾਲਕ!)

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥**

ਬੇਸ਼ੁਮਾਰ ਕਿਸਮਾਂ ਦੇ ਅਣਗਿਣਤ ਸੰਗੀਤਕ ਸਾਜ਼ ਵੱਜਦੇ ਹਨ ਅਤੇ ਅਨੇਕਾਂ ਹੀ ਵਜਾਉਣ ਵਾਲੇ ਹਨ।

**ਕੇਤੇ ਰਾਗ ਪਰੀ ਸਿਉ ਕਹੀਅਨਿ**
**ਕੇਤੇ ਗਾਵਣਹਾਰੇ ॥**

ਕਈ ਗਵਈਏ, ਰਾਗ ਰਾਗਣੀਆਂ ਸਮੇਤ ਗਾਉਣ ਵਾਲੇ ਹਨ।

**ਗਾਵਹਿ ਤੁਹਨੋ ਪਉਣੁ ਪਾਨੀ ਬੈਸੰਤਰੁ**
**ਗਾਵੈ ਰਾਜਾ ਧਰਮੁ ਦੁਆਰੇ ॥**

ਹਵਾ, ਪਾਣੀ ਤੇ ਅੱਗ ਤੈਨੂੰ ਗਾਉਂਦੇ ਹਨ। ਧਰਮ ਰਾਜਾ ਤੇਰੇ ਦਰ 'ਤੇ ਬੈਠਾ ਗਾ ਰਿਹਾ ਹੈ।

**ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ**
**ਲਿਖਿ ਲਿਖਿ ਧਰਮੁ ਵੀਚਾਰੇ ॥**

ਚਿਤ੍ਰ ਤੇ ਗੁਪਤ-ਜੋ ਲਿਖਣਾ ਜਾਣਦੇ ਹਨ, ਜਿਨ੍ਹਾਂ ਦੀ ਲਿਖੀ ਹੋਈ ਲਿਖਤ ਧਰਮ ਰਾਜ ਵੀਚਾਰਦਾ ਹੈ, ਤੈਨੂੰ ਗਾਉਂਦੇ ਹਨ।

**ਗਾਵਹਿ ਈਸਰੁ ਬਰਮਾ ਦੇਵੀ**
**ਸੋਹਨਿ ਸਦਾ ਸਵਾਰੇ ॥**

ਤੇਰੇ ਸਜਾਏ ਹੋਏ ਸਦੀਵੀ ਸੁੰਦਰ ਸ਼ਿਵ ਜੀ, ਬ੍ਰਹਮਾ ਅਤੇ ਦੇਵੀ ਆਦਿ ਤੈਨੂੰ ਗਾਉਂਦੇ ਹਨ।

**ਗਾਵਹਿ ਇੰਦ ਇਦਾਸਣਿ ਬੈਠੇ**
**ਦੇਵਤਿਆ ਦਰਿ ਨਾਲੇ॥**

ਆਪਣੇ ਸਿੰਘਾਸਣਾਂ ਉੱਪਰ ਬੈਠੇ ਇੰਦਰ ਵੀ ਦੇਵਤਿਆਂ ਸਮੇਤ ਗਾ ਰਹੇ ਹਨ।

**ਗਾਵਹਿ ਸਿਧ ਸਮਾਧੀ ਅੰਦਰਿ**
**ਗਾਵਨਿ ਸਾਧ ਵਿਚਾਰੇ॥**

ਸਮਾਧੀਆਂ ਵਿੱਚ ਲੀਨ ਜੋਗੀਸ਼ਰ ਅਤੇ ਵਿਚਾਰਾਂ ਵਿੱਚ ਲੱਗੇ ਹੋਏ ਸਾਧੂ ਲੋਕ ਤੇਰੀ ਸ਼ੋਭਾ ਕਰ ਰਹੇ ਹਨ।

**ਗਾਵਨਿ ਜਤੀ ਸਤੀ ਸੰਤੋਖੀ**
**ਗਾਵਹਿ ਵੀਰ ਕਰਾਰੇ॥**

ਸੰਜਮ-ਸ਼ੀਲ ਸੱਚ ਵਿੱਚ ਵਿਚਰਨ ਵਾਲੇ ਸੰਤੁਸ਼ਟ ਪੁਰਖ ਤੈਨੂੰ ਗਾਉਂਦੇ ਹਨ ਅਤੇ ਤਕੜੇ ਯੋਧੇ ਤੇਰਾ ਜਸ ਕਰਦੇ ਹਨ।

**ਗਾਵਨਿ ਪੰਡਿਤ ਪੜਨਿ ਰਖੀਸਰ**
**ਜੁਗੁ ਜੁਗੁ ਵੇਦਾ ਨਾਲੇ॥**

ਵੱਡੇ ਵੱਡੇ ਰਿਖੀ ਸਾਰਿਆਂ ਜੁਗਾਂ ਤੋਂ ਵੇਦਾਂ ਨੂੰ ਪੜ੍ਹਨ ਵਾਲੇ ਵਿਦਵਾਨਾਂ ਸਮੇਤ ਤੇਰੀ ਉਪਮਾ ਕਰਦੇ ਹਨ।

**ਗਾਵਹਿ ਮੋਹਣੀਆ ਮਨੁ ਮੋਹਨਿ**
**ਸੁਰਗਾ ਮਛ ਪਇਆਲੇ॥**

ਸਵਰਗਾਂ, ਪਾਤਾਲਾਂ ਅਤੇ ਮਾਤਲੋਕ ਦੀਆਂ ਮਨ ਨੂੰ ਮੋਹਣ ਵਾਲੀਆਂ ਇਸਤ੍ਰੀਆਂ ਭੀ ਤੈਨੂੰ ਗਾਉਂਦੀਆਂ ਹਨ।

**ਗਾਵਨਿ ਰਤਨ ਉਪਾਏ ਤੇਰੇ**
**ਅਠਸਠਿ ਤੀਰਥ ਨਾਲੇ॥**

ਤੇਰੇ ਪੈਦਾ ਕੀਤੇ ਹੋਏ ਅਮੋਲਕ ਪਦਾਰਥ, ਅਠਾਹਠ ਤੀਰਥਾਂ ਸਮੇਤ, ਤੇਰੀ ਕੀਰਤੀ ਕਰਦੇ ਹਨ।

**ਗਾਵਹਿ ਜੋਧ ਮਹਾਬਲ ਸੂਰਾ**
**ਗਾਵਹਿ ਖਾਣੀ ਚਾਰੇ॥**

ਵਡੇ ਜ਼ੋਰ ਵਾਲੇ ਬਲਵਾਨ ਯੋਧੇ, ਤੈਨੂੰ ਗਾਉਂਦੇ ਹਨ; ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਵੀ ਗਾਉਂਦੀਆਂ ਹਨ।

**ਗਾਵਹਿ ਖੰਡ ਮੰਡਲ ਵਰਭੰਡਾ**
**ਕਰਿ ਕਰਿ ਰਖੇ ਧਾਰੇ॥**

ਸਾਰਾ ਬ੍ਰਹਮੰਡ, ਉਸ ਦੇ ਵੱਖ-ਵੱਖ ਹਿੱਸੇ, ਦੇਸ਼ ਜੋ ਤੂੰ ਸਾਜੇ ਅਤੇ ਥਾਉਂ-ਥਾਈ ਟਿਕਾਏ ਹਨ, ਤੈਨੂੰ ਗਾਉਂਦੇ ਹਨ।

**ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ**
**ਰਤੇ ਤੇਰੇ ਭਗਤ ਰਸਾਲੇ ॥**

ਤੈਨੂੰ ਉਹੀ ਗਾਉਂਦੇ ਹਨ, ਜੋ ਤੇਰੇ ਭਗਤ ਹਨ, ਜੇਹੜੇ ਤੈਨੂੰ ਚੰਗੇ ਲੱਗਦੇ ਹਨ ਅਤੇ ਜੋ ਪ੍ਰੇਮ-ਮਈ ਅਨੰਦ ਵਿੱਚ ਮੱਤੇ ਤੇਰੇ ਨਾਲ ਰੰਗੀਜੇ ਹਨ।

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ**
**ਨਾਨਕੁ ਕਿਆ ਵੀਚਾਰੇ ॥**

ਹੋਰ ਵੀ ਅਨੇਕਾਂ ਗਾਉਂਦੇ ਹਨ, ਜੋ ਮੇਰੇ ਚਿਤ ਵਿੱਚ ਨਹੀਂ ਆਉਂਦੇ। ਨਾਨਕ ਉਨ੍ਹਾਂ ਬਾਰੇ ਕੀ ਵਿਚਾਰ ਕਰ ਸਕਦਾ ਹੈ।

**ਸੋਈ ਸੋਈ ਸਦਾ ਸਚੁ ਸਾਹਿਬੁ**
**ਸਾਚਾ ਸਾਚੀ ਨਾਈ ॥**

ਉਹ ਮਾਲਕ ਸੱਚਾ ਹੈ ਤੇ ਉਸ ਦੀ ਵਡਿਆਈ ਭੀ ਸੱਚੀ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ।

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਰਚੀ ਹੈ, ਉਹ ਹੁਣ ਭੀ ਹੈ, ਸਦਾ ਹੋਏਗਾ, ਨਾ ਉਹ ਜਾਂਦਾ ਹੈ, ਨਾ ਜਾਏਗਾ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ**
**ਮਾਇਆ ਜਿਨਿ ਉਪਾਈ॥**

ਜਿਸ ਨੇ ਅਨੇਕਾਂ ਰੰਗਾਂ ਅਤੇ ਕਈ ਭਾਂਤਾਂ ਦੀ ਮਾਇਆ ਰੂਪ ਸ੍ਰਿਸ਼ਟੀ ਸਾਜੀ ਹੈ।

**ਕਰਿ ਕਰਿ ਵੇਖੈ ਕੀਤਾ ਆਪਣਾ**
**ਜਿਵ ਤਿਸ ਦੀ ਵਡਿਆਈ॥**

ਉਹ ਆਪਣੀ ਵਡਿਆਈ ਅਨੁਸਾਰ ਆਪ ਹੀ ਉਸ ਦੀ ਸੰਭਾਲਣਾ ਕਰਦਾ ਹੈ।

**ਜੋ ਤਿਸੁ ਭਾਵੈ ਸੋਈ ਕਰਸੀ**
**ਹੁਕਮੁ ਨ ਕਰਣਾ ਜਾਈ॥**

ਜੋ ਉਸ ਨੂੰ ਭਾਉਂਦਾ ਹੈ ਉਹੀ ਕਰਦਾ ਹੈ, ਉਸ ਉਪਰ ਫ਼ੁਰਮਾਨ ਨਹੀਂ ਕੀਤਾ ਜਾ ਸਕਦਾ।

**ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ**
**ਨਾਨਕ ਰਹਣੁ ਰਜਾਈ॥੨੭॥**

ਉਹ ਬਾਦਸ਼ਾਹ, ਬਾਦਸ਼ਾਹਾਂ ਦਾ ਭੀ ਮਾਲਕ ਹੈ। ਹੇ ਨਾਨਕ! ਸਾਨੂੰ ਉਸ ਦੀ ਰਜ਼ਾ ਵਿੱਚ ਹੀ ਰਹਿਣਾ ਬਣਦਾ ਹੈ।

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ**
**ਧਿਆਨ ਕੀ ਕਰਹਿ ਬਿਭੂਤਿ॥**

(ਹੇ ਜੋਗੀ!) ਸਬਰ ਦੀਆਂ ਮੁੰਦਰਾਂ, ਮਿਹਨਤ ਦਾ ਖੱਪਰ ਤੇ ਝੋਲੀ ਬਣਾ ਅਤੇ ਧਿਆਨ ਜੋੜਨਾ ਸਰੀਰ 'ਤੇ ਸੁਆਹ ਮਲੀ ਸਮਝ।

**ਖਿੰਥਾ ਕਾਲੁ ਕੁਆਰੀ ਕਾਇਆ**
**ਜੁਗਤਿ ਡੰਡਾ ਪਰਤੀਤਿ॥**

ਮੌਤ ਨੂੰ ਯਾਦ ਰੱਖਣਾ ਖੱਫਣੀ, ਸਰੀਰ ਦੀ ਪਵਿਤ੍ਰਤਾ ਜੁਗਤ ਤੇ ਨਿਸਚੇ ਦਾ ਡੰਡਾ ਰੱਖ।

**ਆਈ ਪੰਥੀ ਸਗਲ ਜਮਾਤੀ**
**ਮਨਿ ਜੀਤੈ ਜਗੁ ਜੀਤੁ॥**

ਸਾਰਿਆਂ ਨੂੰ ਆਪਣੇ ਬਰਾਬਰ ਜਾਣਨਾ ਆਈ ਪੰਥ ਹੋਵੇ, ਮਨ 'ਤੇ ਕਾਬੂ ਪਾ ਕੇ ਜਗਤ ਨੂੰ ਜਿੱਤ ਲੈ।

**ਆਦੇਸੁ ਤਿਸੈ ਆਦੇਸੁ॥**

ਨਮਸਕਾਰ ਹੈ, ਉਸ ਨੂੰ ਨਮਸਕਾਰ।

**ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ॥੨੮॥**

ਜੋ ਸਭ ਦਾ ਆਦਿ ਤੇ ਪਵਿੱਤਰ ਸਰੂਪ ਹੈ, ਜਿਸ ਦਾ ਆਪਣਾ ਮੁੱਢ ਕੋਈ ਨਹੀਂ, ਜੋ ਅਬਿਨਾਸ਼ੀ ਹੈ ਤੇ ਜੁਗੋ ਜੁਗ ਇਕੋ ਰੂਪ ਵਿੱਚ ਰਹਿੰਦਾ ਹੈ।

**ਭੁਗਤਿ ਗਿਆਨੁ ਦਇਆ ਭੰਡਾਰਣਿ**
**ਘਟਿ ਘਟਿ ਵਾਜਹਿ ਨਾਦ॥**

ਰੱਬੀ-ਗਿਆਨ ਭੋਜਨ ਹੋਵੇ, ਰਹਿਮ-ਦਿਲੀ ਉਸ ਦੀ ਵਰਤਾਵੀ ਹੋਵੇ ਅਤੇ ਹਰੇਕ ਮਨ ਵਿਚ ਪ੍ਰਭੂ-ਨਾਮ ਦੀ ਧੁਨੀ ਨਾਦ ਹੋਣ।

**ਆਪਿ ਨਾਥੁ ਨਾਥੀ ਸਭ ਜਾ ਕੀ**
**ਰਿਧਿ ਸਿਧਿ ਅਵਰਾ ਸਾਦ॥**

ਰੱਬ ਆਪ ਮਾਲਕ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਨੱਥੀ ਹੋਈ ਹੈ, ਕਰਾਮਾਤਾਂ ਹੋਰ ਪਾਸੇ ਦਾ ਸੁਆਦ ਹਨ।

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ**
**ਲੇਖੇ ਆਵਹਿ ਭਾਗ॥**

ਮੇਲ ਤੇ ਵਿਛੋੜੇ ਦੇ ਦੋਵੇਂ ਅਸੂਲ ਕਾਰਜ ਚਲਾਂਦੇ ਹਨ, ਕਰਮਾਂ ਦੇ ਲੇਖੇ ਅਨੁਸਾਰ ਛਾਂਦੇ ਮਿਲਦੇ ਹਨ।

**ਆਦੇਸੁ ਤਿਸੈ ਆਦੇਸੁ॥**

ਨਮਸਕਾਰ ਹੈ, ਉਸ ਨੂੰ ਨਮਸਕਾਰ।

**ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ॥੨੯॥**

ਜੋ ਸਭ ਦਾ ਆਦਿ ਤੇ ਪਵਿੱਤਰ ਸਰੂਪ ਹੈ, ਜਿਸ ਦਾ ਆਪਣਾ ਮੁੱਢ ਕੋਈ ਨਹੀਂ; ਜੋ ਅਬਿਨਾਸ਼ੀ ਹੈ ਤੇ ਜੁਗੋ ਜੁਗ ਇਕੋ ਰੂਪ ਵਿੱਚ ਰਹਿੰਦਾ ਹੈ।

**ਏਕਾ ਮਾਈ ਜੁਗਤਿ ਵਿਆਈ**
**ਤਿਨਿ ਚੇਲੇ ਪਰਵਾਣੁ॥**

ਮਨੌਤ ਹੈ ਕਿ ਇਕ ਮਾਇਆ ਕਿਸੇ ਤਰੀਕੇ ਜਨਮੀ, ਉਸ ਤੋਂ ਤਿੰਨ ਚੇਲੇ (ਪੁੱਤਰ) ਹੋਏ ਮੰਨੇ ਜਾਂਦੇ ਹਨ।

**ਇਕੁ ਸੰਸਾਰੀ ਇਕੁ ਭੰਡਾਰੀ**
**ਇਕੁ ਲਾਏ ਦੀਬਾਣੁ॥**

ਇਕ ਸੰਸਾਰ ਰਚਣ ਵਾਲਾ (ਬ੍ਰਹਮਾ), ਇਕ ਰੋਜ਼ੀ ਦੇਣ ਵਾਲਾ (ਵਿਸ਼ਨੂੰ), ਇਕ (ਕਾਲ ਦਾ ਹੁਕਮ ਦੇਣ ਲਈ) ਕਚਹਿਰੀ ਲਾਣ ਵਾਲਾ (ਸ਼ਿਵ)।

**ਜਿਵ ਤਿਸੁ ਭਾਵੈ ਤਿਵੈ ਚਲਾਵੈ**
**ਜਿਵ ਹੋਵੈ ਫੁਰਮਾਣੁ॥**

ਜਿਵੇਂ ਉਸ ਦਾ ਭਾਣਾ ਤੇ ਜਿਵੇਂ ਹੁਕਮ ਹੁੰਦਾ ਹੈ, ਤਿਵੇਂ ਉਹ ਸੰਸਾਰ ਦਾ ਪ੍ਰਬੰਧ ਚਲਾਉਂਦਾ ਹੈ।

**ਓਹੁ ਵੇਖੈ ਓਨਾ ਨਦਰਿ ਨ ਆਵੈ**
**ਬਹੁਤਾ ਏਹੁ ਵਿਡਾਣੁ॥**

ਬਹੁਤਾ ਅਸਚਰਜ ਇਹ ਹੈ ਕਿ ਉਹ ਸਭ ਨੂੰ ਵੇਖਦਾ ਹੈ, ਪਰ ਆਪ ਜੀਵਾਂ ਨੂੰ ਨਜ਼ਰ ਨਹੀਂ ਆਉਂਦਾ।

**ਆਦੇਸੁ ਤਿਸੈ ਆਦੇਸੁ॥**

ਨਮਸਕਾਰ ਹੈ, ਉਸ ਨੂੰ ਨਮਸਕਾਰ।

**ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ॥੩੦॥**

ਜੋ ਸਭ ਦਾ ਆਦਿ ਤੇ ਪਵਿੱਤਰ ਸਰੂਪ ਹੈ, ਜਿਸ ਦਾ ਆਪਣਾ ਮੁੱਢ ਕੋਈ ਨਹੀਂ, ਜੋ ਅਬਿਨਾਸ਼ੀ ਹੈ ਤੇ ਜੁਗੋ ਜੁਗ ਇਕੋ ਰੂਪ ਵਿੱਚ ਰਹਿੰਦਾ ਹੈ।

**ਆਸਣੁ ਲੋਇ ਲੋਇ ਭੰਡਾਰ॥**

ਹਰੀ ਦਾ ਆਸਣ ਤੇ ਭੰਡਾਰੇ ਸਾਰੇ ਲੋਕਾਂ ਵਿੱਚ ਹਨ।

**ਜੋ ਕਿਛੁ ਪਾਇਆ ਸੁ ਏਕਾ ਵਾਰ॥**

ਜੋ ਕੁਝ (ਭੰਡਾਰਿਆਂ ਵਿੱਚ) ਪਾਇਆ, ਉਹ ਇਕੋ

ਵਾਰੀ (ਪਾਇਆ ਹੈ)।

**ਕਰਿ ਕਰਿ ਵੇਖੈ ਸਿਰਜਣਹਾਰੁ ॥**

ਕਰਤਾ ਸ੍ਰਿਸ਼ਟੀ ਨੂੰ ਬਣਾ ਕੇ ਉਸ ਦੀ ਸੰਭਾਲ ਕਰਦਾ ਹੈ।

**ਨਾਨਕ ਸਚੇ ਕੀ ਸਾਚੀ ਕਾਰ ॥**

ਹੇ ਨਾਨਕ! ਸੱਚੇ ਪ੍ਰਭੂ ਦੇ ਕੰਮ ਭੀ ਸੱਚੇ ਹਨ।

**ਆਦੇਸੁ ਤਿਸੈ ਆਦੇਸੁ ॥**

ਨਮਸਕਾਰ ਹੈ, ਉਸ ਨੂੰ ਨਮਸਕਾਰ।

**ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ ॥ ੩੧ ॥**

ਜੋ ਸਭ ਦਾ ਆਦਿ ਤੇ ਪਵਿੱਤਰ ਸਰੂਪ ਹੈ, ਜਿਸ ਦਾ ਆਪਣਾ ਮੁੱਢ ਕੋਈ ਨਹੀਂ; ਜੋ ਅਬਿਨਾਸ਼ੀ ਹੈ ਤੇ ਜੁਗੋ ਜੁਗ ਇਕੋ ਰੂਪ ਵਿੱਚ ਰਹਿੰਦਾ ਹੈ।

**ਇਕ ਦੂ ਜੀਭੌ ਲਖ ਹੋਹਿ**
**ਲਖ ਹੋਵਹਿ ਲਖ ਵੀਸ ॥**

ਜੇ ਇਕ ਜੀਭ ਤੋਂ ਲੱਖ ਜੀਭਾਂ ਹੋ ਜਾਣ ਅਤੇ ਉਹ ਲੱਖ, ਫੇਰ ਵੀਹ ਲੱਖ ਹੋ ਜਾਣ।

**ਲਖੁ ਲਖੁ ਗੇੜਾ ਆਖੀਅਹਿ**
**ਏਕੁ ਨਾਮੁ ਜਗਦੀਸ॥**

(ਹਰ ਜੀਭ ਨਾਲ) ਜਗਤ ਦੇ ਮਾਲਕ ਦੇ ਇਕ ਨਾਮ ਨੂੰ ਲੱਖ-ਲੱਖ ਵਾਰੀ ਜਪੀਏ।

**ਏਤੁ ਰਾਹਿ ਪਤਿ ਪਵੜੀਆ**
**ਚੜੀਐ ਹੋਇ ਇਕੀਸ॥**

ਇਸ ਮਾਲਕ ਦੇ ਰਸਤੇ ਵਿੱਚ ਭੂਮਿਕਾ ਰੂਪੀ ਪਉੜੀਆਂ ਚੜ੍ਹ ਕੇ ਈਸ਼ਵਰ ਨਾਲ ਇਕ-ਮਿਕ ਹੋਈਦਾ ਹੈ।

**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥**

ਅਸਮਾਨੀ (ਰੱਬੀ) ਗੱਲਾਂ ਸੁਣ ਕੇ ਅਤਿ ਨੀਵਿਆਂ ਨੂੰ ਭੀ (ਮਿਲਣ ਦੀ) ਰੀਸ ਆਉਂਦੀ ਹੈ।

**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥**

ਹੇ ਨਾਨਕ! ਉਸ ਦੀ ਕਿਰਪਾ ਨਾਲ ਉਸ ਨੂੰ ਪਾਈਦਾ ਹੈ, ਝੂਠਿਆਂ ਦੀਆਂ ਝੂਠੀਆਂ ਸ਼ੇਖੀਆਂ ਹੀ ਹਨ।

**ਆਖਣਿ ਜੋਰੁ ਚੁਪੈ ਨਹ ਜੋਰੁ॥**

ਬੋਲਣ ਤੇ ਚੁੱਪ ਰਹਿਣ ਵਿੱਚ ਕਿਸੇ ਦਾ ਕੋਈ ਆਪਣਾ ਵੱਸ ਨਹੀਂ।

**ਜੋਰੁ ਨ ਮੰਗਣਿ ਦੇਣਿ ਨ ਜੋਰੁ ।।**

ਮੰਗਣ ਵਿੱਚ ਕਿਸੇ ਦੀ ਮਰਜ਼ੀ ਨਹੀਂ ਚਲਦੀ, ਨਾ ਹੀ ਦੇਣ ਵਿੱਚ।

**ਜੋਰੁ ਨ ਜੀਵਣਿ ਮਰਣਿ ਨਹ ਜੋਰੁ ।।**

ਨਾ ਜੀਉਣ ਵਿੱਚ ਤੇ ਨਾ ਹੀ ਮਰਨ ਵਿੱਚ ਕਿਸੇ ਦਾ ਵੱਸ ਹੈ।

**ਜੋਰੁ ਨ ਰਾਜਿ ਮਾਲਿ ਮਨਿ ਸੋਰੁ ।।**

ਰਾਜ ਅਤੇ ਸੰਪਦਾ ਲਈ ਦਿਲ ਵਿੱਚ ਜਨੂਨ ਉਪਰ ਕਿਸੇ ਦਾ ਵੱਸ ਨਹੀਂ।

**ਜੋਰੁ ਨ ਸੁਰਤੀ ਗਿਆਨਿ ਵੀਚਾਰਿ ।।**

ਗਿਆਨ ਦੇ ਵਿਚਾਰ ਵਾਲੀ ਸੁਰਤੀ ਵਿੱਚ ਭੀ ਜ਼ੋਰ ਨਹੀਂ।

**ਜੋਰੁ ਨ ਜੁਗਤੀ ਛੁਟੈ ਸੰਸਾਰੁ ।।**

ਸੰਸਾਰ ਤੋਂ ਛੁਟਕਾਰਾ ਪਾਉਣ ਵਾਲੀ ਜੁਗਤੀ ਵਿੱਚ ਭੀ ਜ਼ੋਰ ਨਹੀਂ।

**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ।।**

ਜਿਸ ਦੇ ਹੱਥ ਵਿੱਚ ਸੱਚ-ਮੁੱਚ ਸਮਰੱਥਾ ਹੈ, ਉਹ ਰਚਨਾ

ਕਰਕੇ ਉਸ ਦੀ ਸੰਭਾਲ ਕਰ ਰਿਹਾ ਹੈ।

**ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥**

ਹੇ ਨਾਨਕ! ਨਾ ਕੋਈ ਚੰਗਾ ਹੈ ਤੇ ਨਾ ਹੀ ਕੋਈ ਮਾੜਾ।

**ਰਾਤੀ ਰੁਤੀ ਥਿਤੀ ਵਾਰ ॥**
**ਪਵਣ ਪਾਣੀ ਅਗਨੀ ਪਾਤਾਲ ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥**

ਰਾਤਾਂ, ਰੁੱਤਾਂ, ਥਿੱਤਾਂ ਤੇ ਵਾਰ (ਭਾਵ ਕਾਲ)। ਹਵਾ, ਪਾਣੀ, ਅੱਗ ਤੇ ਪਤਾਲ (ਭਾਵ ਦੇਸ਼) ਦੀ ਇਸ ਰਚਨਾ ਵਿੱਚ ਪ੍ਰਭੂ ਨੇ ਧਰਤੀ ਧਰਮ ਕਮਾਉਣ ਦੀ ਥਾਂ ਕਾਇਮ ਕੀਤੀ ਹੈ।

**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥**
**ਤਿਨ ਕੇ ਨਾਮ ਅਨੇਕ ਅਨੰਤ ॥**

ਇਸ ਧਰਤੀ ਵਿੱਚ ਕਈ ਪ੍ਰਕਾਰ ਤੇ ਰੰਗਾਂ ਦੇ ਜੀਵ ਹਨ, ਜਿਹਨਾਂ ਦੇ ਅਨੇਕ ਤਰ੍ਹਾਂ ਦੇ ਬੇਅੰਤ ਨਾਮ ਹਨ।

**ਕਰਮੀ ਕਰਮੀ ਹੋਇ ਵੀਚਾਰੁ ॥**

ਜੀਵਾਂ ਦਾ ਕਰਮਾਂ ਅਨੁਸਾਰ ਰੱਬ ਦੇ ਦਰਬਾਰ ਵਿੱਚ ਨਿਬੇੜਾ ਹੁੰਦਾ ਹੈ।

**ਸਚਾ ਆਪਿ ਸਚਾ ਦਰਬਾਰੁ ॥**

ਰੱਬ ਆਪ ਸੱਚਾ ਹੈ ਤੇ ਉਸ ਦਾ ਦਰਬਾਰ ਵੀ ਸੱਚਾ ਹੈ।

**ਤਿਥੈ ਸੋਹਨਿ ਪੰਚ ਪਰਵਾਣੁ ॥**
**ਨਦਰੀ ਕਰਮਿ ਪਵੈ ਨੀਸਾਣੁ ॥**

ਉਥੇ ਸੰਤ-ਜਨ ਸੋਭਦੇ ਹਨ, ਜੋ ਪਰਵਾਨ ਰੂਪ ਹਨ। ਉਹਨਾਂ ਨੂੰ ਪ੍ਰਭੂ-ਬਖ਼ਸ਼ਿਸ਼ ਦੀ ਨਜ਼ਰ ਨਾਲ ਪਰਵਾਨਗੀ ਦਾ ਨਿਸ਼ਾਨ ਪੈਂਦਾ ਹੈ।

**ਕਚ ਪਕਾਈ ਓਥੈ ਪਾਇ ॥**
**ਨਾਨਕ ਗਇਆ ਜਾਪੈ ਜਾਇ ॥ ੩੪ ॥**

ਉਥੇ ਊਰੇ ਤੇ ਪੂਰੇ ਹੋਣ ਦੀ ਪਰਖ ਪੈਂਦੀ ਹੈ। ਹੇ ਨਾਨਕ! ਇੰਜ ਸੱਚੇ ਦਰਬਾਰ ਵਿੱਚ ਜਾ ਕੇ ਹੀ ਪਤਾ ਲੱਗਦਾ ਹੈ।

**ਧਰਮ ਖੰਡ ਕਾ ਏਹੋ ਧਰਮੁ ॥**

ਧਰਮ ਖੰਡ ਦਾ ਇਹੋ (ਉਪਰ ਕਥਿਤ) ਨੇਮ ਹੈ।

**ਗਿਆਨ ਖੰਡ ਕਾ ਆਖਹੁ ਕਰਮੁ ॥**

ਹੁਣ ਗਿਆਨ ਖੰਡ ਦਾ ਕਰਮ ਦੱਸੋ।

**ਕੇਤੇ ਪਵਣ ਪਾਣੀ ਵੈਸੰਤਰ**
**ਕੇਤੇ ਕਾਨ ਮਹੇਸ ॥**

ਉਥੇ ਅਨੇਕਾਂ ਹੀ ਪੌਣ, ਪਾਣੀ ਤੇ ਅਗਨੀਆਂ ਹਨ ਅਤੇ ਕਈ ਕ੍ਰਿਸ਼ਨ ਤੇ ਸ਼ਿਵ ਹਨ।

**ਕੇਤੇ ਬਰਮੇ ਘਾੜਤਿ ਘੜੀਅਹਿ**
**ਰੂਪ ਰੰਗ ਕੇ ਵੇਸ ॥**

ਕਈ ਬ੍ਰਹਮਾ ਹਨ, ਜਿਨ੍ਹਾਂ ਦੀ ਘਾੜਤ ਵਿਚ ਅਨੇਕਾਂ ਰੂਪ, ਰੰਗ ਤੇ ਵੇਸ ਘੜੇ ਜਾ ਰਹੇ ਹਨ।

**ਕੇਤੀਆ ਕਰਮ ਭੂਮੀ ਮੇਰ ਕੇਤੇ**
**ਕੇਤੇ ਧੂ ਉਪਦੇਸ ॥**

ਅਨੇਕਾਂ ਕਰਮ-ਭੂਮੀਆਂ (ਧਰਤੀਆਂ) ਤੇ ਕਈ ਪਹਾੜ ਹਨ। ਕਿਤਨੇ ਹੀ ਧਰੂਅ ਤਾਰੇ ਤੇ ਕਿਤਨੇ ਹੀ ਦੇਸ਼ਾਂ ਵਿੱਚ ਛੋਟੇ ਦੇਸ਼ ਹਨ।

**ਕੇਤੇ ਇੰਦ ਚੰਦ ਸੂਰ ਕੇਤੇ**
**ਕੇਤੇ ਮੰਡਲ ਦੇਸ ॥**

ਕਿਤਨੇ ਹੀ ਇੰਦਰ, ਚੰਦਰਮਾ ਤੇ ਸੂਰਜ ਹਨ, ਕਿਤਨੇ ਹੀ ਮੰਡਲ ਤੇ ਦੇਸ਼ ਹਨ।

**ਕੇਤੇ ਸਿਧ ਬੁਧ ਨਾਥ ਕੇਤੇ**
**ਕੇਤੇ ਦੇਵੀ ਵੇਸ॥**

ਕਿਤਨੇ ਹੀ ਸਿੱਧ, ਬੁੱਧ ਤੇ ਨਾਥ ਹਨ ਅਤੇ ਕਿਤਨੇ ਹੀ ਦੇਵੀ ਦੇ ਰੂਪ ਹਨ।

**ਕੇਤੇ ਦੇਵ ਦਾਨਵ ਮੁਨਿ ਕੇਤੇ**
**ਕੇਤੇ ਰਤਨ ਸਮੁੰਦ॥**

ਕਿਤਨੇ ਹੀ ਦੇਵਤੇ, ਦੈਂਤ ਤੇ ਰਿਸ਼ੀ ਮੁਨੀ ਹਨ, ਕਿਤਨੇ ਹੀ ਸਮੁੰਦਰ ਤੇ ਉਹਨਾਂ ਵਿਚੋਂ ਨਿਕਲਣ ਵਾਲੇ ਰਤਨ ਹਨ।

**ਕੇਤੀਆ ਖਾਣੀ ਕੇਤੀਆ ਬਾਣੀ**
**ਕੇਤੇ ਪਾਤ ਨਰਿੰਦ॥**

ਕਿਤਨੀਆਂ ਹੀ ਖਾਣੀਆਂ ਤੇ ਬੋਲੀਆਂ ਹਨ, ਕਿਤਨੇ ਹੀ ਪਾਤਸ਼ਾਹ ਤੇ ਰਾਜੇ ਹਨ।

**ਕੇਤੀਆ ਸੁਰਤੀ ਸੇਵਕ ਕੇਤੇ**
**ਨਾਨਕ ਅੰਤੁ ਨ ਅੰਤੁ॥੩੫॥**

ਕਿਤਨੇ ਹੀ ਧਰਮ ਗਿਆਤਾ ਤੇ ਸੇਵਕ ਹਨ। ਹੇ

ਨਾਨਕ! ਇਨ੍ਹਾਂ ਸਭ ਦੇ ਅੰਤ ਦੀ ਕੋਈ ਹੱਦ ਨਹੀਂ ਹੈ।

**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥**

ਗਿਆਨ ਖੰਡ ਵਿੱਚ ਗਿਆਨ ਰੂਪੀ ਚਾਨਣ ਹੈ।

**ਤਿਥੈ ਨਾਦ ਬਿਨੋਦ ਕੋਡ ਅਨੰਦੁ ॥**

ਉਥੇ ਕਰੋੜਾਂ ਰਾਗ, ਤਮਾਸ਼ੇ ਤੇ ਅਨੰਦ ਹਨ।

**ਸਰਮ ਖੰਡ ਕੀ ਬਾਣੀ ਰੂਪੁ ॥**

ਸਰਮ (ਉਦਮ) ਦੇ ਖੰਡ ਦੀ ਬਣਾਵਟ ਦਾ ਵਸੀਲਾ ਰੂਪ ਹੈ।

**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥**

ਉਥੇ ਬਹੁਤ ਹੀ ਸੁੰਦਰ ਘਾੜਤ ਨੂੰ ਘੜਿਆ ਜਾਂਦਾ ਹੈ।

**ਤਾ ਕੀਆ ਗਲਾ ਕਥੀਆ ਨਾ ਜਾਹਿ ॥**
**ਜੇ ਕੋ ਕਹੈ ਪਿਛੈ ਪਛੁਤਾਇ ॥**

ਉਸ ਘਾੜਤ ਦੀਆਂ ਗੱਲਾਂ ਬਿਆਨ ਨਹੀਂ ਹੋ ਸਕਦੀਆਂ। ਜੇ ਕੋਈ ਕਹਿ ਹੀ ਦੇਵੇ ਤਾਂ ਪਿਛੋਂ ਪਛਤਾਉਂਦਾ ਹੈ।

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥**

ਉਥੇ ਧਿਆਨ, ਮਤ, ਮਨ ਤੇ ਬੁੱਧੀ ਘੜੀਦੀ ਹੈ।

**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥**

ਉਥੇ ਦੇਵਤਿਆਂ ਤੇ ਸਿੱਧਾਂ ਵਾਲੀ ਸੋਝੀ ਘੜੀ ਜਾਂਦੀ ਹੈ।

**ਕਰਮ ਖੰਡ ਕੀ ਬਾਣੀ ਜੋਰੁ॥**

ਬਖ਼ਸ਼ਸ਼ ਦੇ ਖੰਡ ਦੇ ਪਰਗਟ ਹੋਣ ਦਾ ਵਸੀਲਾ ਆਤਮ-ਬਲ ਹੈ।

**ਤਿਥੈ ਹੋਰੁ ਨ ਕੋਈ ਹੋਰੁ॥**

ਉਥੇ (ਬਲ ਵਾਲਿਆਂ ਤੋਂ ਬਿਨਾਂ) ਹੋਰ ਕੋਈ ਨਹੀਂ ਹੁੰਦੇ।

**ਤਿਥੈ ਜੋਧ ਮਹਾਬਲ ਸੂਰ॥**

ਉਥੇ ਯੋਧੇ, ਮਹਾਂਬਲੀ ਤੇ ਸੂਰਮੇ ਹੁੰਦੇ ਹਨ।

**ਤਿਨ ਮਹਿ ਰਾਮੁ ਰਹਿਆ ਭਰਪੂਰ॥**

ਉਨ੍ਹਾਂ ਦੇ ਅੰਦਰ ਰਾਮ ਪੂਰਨ ਤੌਰ 'ਤੇ ਵਸਿਆ ਹੁੰਦਾ ਹੈ।

**ਤਿਥੈ ਸੀਤੋ ਸੀਤਾ ਮਹਿਮਾ ਮਾਹਿ॥**

ਉਥੇ ਨੇਕ-ਪੁਰਸ਼ ਪ੍ਰਭੂ-ਜਸ ਵਿੱਚ ਜੁੜੇ ਹੁੰਦੇ ਹਨ।

**ਤਾ ਕੇ ਰੂਪ ਨ ਕਥਨੇ ਜਾਹਿ ॥**

ਉਨ੍ਹਾਂ ਦੇ ਰੂਪ ਬਿਆਨ ਨਹੀਂ ਹੋ ਸਕਦੇ।

**ਨਾ ਓਹਿ ਮਰਹਿ ਨ ਠਾਗੇ ਜਾਹਿ ॥**

**ਜਿਨ ਕੈ ਰਾਮੁ ਵਸੈ ਮਨ ਮਾਹਿ ॥**

ਨਾ ਉਹ ਮਰਦੇ ਹਨ ਤੇ ਨਾ ਹੀ ਠੱਗੇ ਜਾਂਦੇ ਹਨ, ਜਿਨ੍ਹਾਂ ਦੇ ਮਨ ਵਿੱਚ ਰਾਮ ਵੱਸਦਾ ਹੈ।

**ਤਿਥੈ ਭਗਤ ਵਸਹਿ ਕੇ ਲੋਅ ॥**

**ਕਰਹਿ ਅਨੰਦੁ ਸਚਾ ਮਨਿ ਸੋਇ ॥**

ਉਥੇ ਕਈ ਲੋਕਾਂ ਦੇ ਭਗਤ ਵੱਸਦੇ ਹਨ। ਉਹ ਅਨੰਦ ਮਾਣਦੇ ਹਨ, (ਕਿਉਂਕਿ ਉਹਨਾਂ ਦੇ) ਮਨ ਵਿੱਚ ਸੱਚਾ ਹਰੀ ਵੱਸਦਾ ਹੈ।

**ਸਚ ਖੰਡਿ ਵਸੈ ਨਿਰੰਕਾਰੁ ॥**

ਸੱਚ ਖੰਡ ਵਿੱਚ ਆਕਾਰ-ਰਹਿਤ ਪ੍ਰਭੂ ਵੱਸਦਾ ਹੈ।

**ਕਰਿ ਕਰਿ ਵੇਖੈ ਨਦਰਿ ਨਿਹਾਲ ॥**

ਜੋ ਰਚ-ਰਚ ਕੇ ਸਭ ਨੂੰ ਨਿਹਾਲ ਕਰਨ ਵਾਲੀ ਨਜ਼ਰ ਨਾਲ ਦੇਖਦਾ ਹੈ।

**ਤਿਥੈ ਖੰਡ ਮੰਡਲ ਵਰਭੰਡ ॥**

ਉਥੇ ਧਰਤੀਆਂ, ਤਾਰਾ-ਮੰਡਲ ਤੇ ਬ੍ਰਹਮੰਡ ਇਤਨੇ ਹਨ।

**ਜੇ ਕੋ ਕਥੈ ਤ ਅੰਤ ਨ ਅੰਤ ॥**

ਕਿ ਜੇ ਕੋਈ ਬਿਆਨ ਕਰੇ ਤਾਂ ਇਨ੍ਹਾਂ ਦੇ ਅੰਤ ਦੀ ਕੋਈ ਹੱਦ ਨਹੀਂ।

**ਤਿਥੈ ਲੋਅ ਲੋਅ ਆਕਾਰ ॥**

ਉਥੇ ਕਈ ਲੋਕ, ਭਵਨ ਤੇ ਅਨੇਕਾਂ ਆਕਾਰ ਹਨ।

**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**

ਜਿਵੇਂ ਜਿਵੇਂ ਰੱਬੀ-ਹੁਕਮ ਹੈ, ਤਿਵੇਂ ਤਿਵੇਂ ਉਨ੍ਹਾਂ ਦੀ ਕਿਰਿਆ ਹੈ।

**ਵੇਖੈ ਵਿਗਸੈ ਕਰਿ ਵੀਚਾਰੁ ॥**

ਨਿਰੰਕਾਰ ਸਭ ਵਿਚਾਰ ਕਰਕੇ ਸਭ ਦੀ ਸੰਭਾਲ ਕਰਦਾ ਤੇ ਖੁਸ਼ ਹੁੰਦਾ ਹੈ।

**ਨਾਨਕ ਕਥਨਾ ਕਰੜਾ ਸਾਰੁ ॥ ੩੭ ॥**

ਹੇ ਨਾਨਕ! ਇਸ ਦਾ ਕਥਨ ਲੋਹੇ ਵਰਗਾ ਕਰੜਾ (ਕਠਨ) ਹੈ।

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥**

ਜਤ-ਸਤ ਦੀ ਭੱਠ ਤੇ ਧੀਰਜ ਨੂੰ ਸੁਨਿਆਰਾ।

**ਅਹਰਣਿ ਮਤਿ ਵੇਦੁ ਹਥੀਆਰੁ ॥**

ਸਮਝ-ਸੂਝ ਨੂੰ ਅਹਰਣ ਤੇ ਗਿਆਨ ਨੂੰ ਹਥੌੜਾ।

**ਭਉ ਖਲਾ ਅਗਨਿ ਤਪ ਤਾਉ ॥**

ਪ੍ਰਭੂ-ਭਉ ਦੀ ਧੌਂਕਣੀ ਤੇ ਤਪ ਸਾਧਨਾ ਦੀ ਅਗਨੀ।

**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**

ਪ੍ਰੇਮ ਦਾ ਭਾਂਡਾ (ਕੁਠਾਲੀ) ਲੈ ਕੇ ਇਸ ਵਿੱਚ ਅੰਮ੍ਰਿਤ (ਨਾਮ) ਢਾਲੋ।

**ਘੜੀਐ ਸਬਦੁ ਸਚੀ ਟਕਸਾਲ ॥**

ਇੰਜ ਸੱਚੀ ਟਕਸਾਲ ਵਿੱਚ ਧਰਮੀ-ਜੀਵਨ ਘੜਿਆ ਜਾਂਦਾ ਹੈ।

**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**

ਇਹ ਕੰਮ ਉਨ੍ਹਾਂ ਦਾ ਹੈ, ਜਿਨ੍ਹਾਂ ਉਤੇ ਰੱਬੀ-ਮਿਹਰ ਦੀ ਨਜ਼ਰ ਹੁੰਦੀ ਹੈ।

**ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥**

ਹੇ ਨਾਨਕ! ਜਿਸ 'ਤੇ ਆਪਣੀ ਮਿਹਰ ਦੀ ਨਜ਼ਰ

ਕਰਦਾ ਹੈ, ਨਿਹਾਲ ਕਰ ਦੇਂਦਾ ਹੈਂ।

**ਸਲੋਕੁ ॥**

**ਪਵਣੁ ਗੁਰੂ ਪਾਣੀ ਪਿਤਾ**
**ਮਾਤਾ ਧਰਤਿ ਮਹਤੁ ॥**

ਹਵਾ ਗੁਰੂ ਹੈ, ਪਾਣੀ ਪਿਤਾ ਤੇ ਧਰਤੀ ਵੱਡੀ ਮਾਤਾ ਹੈ।

**ਦਿਵਸੁ ਰਾਤਿ ਦੁਇ ਦਾਈ ਦਾਇਆ**
**ਖੇਲੈ ਸਗਲ ਜਗਤੁ ॥**

ਦਿਨ ਤੇ ਰਾਤ ਦੋਵੇਂ ਖਿਡਾਵੀ ਤੇ ਖਿਡਾਵਾ ਹਨ, ਸਾਰਾ ਸੰਸਾਰ ਖੇਡ ਰਿਹਾ ਹੈ।

**ਚੰਗਿਆਈਆ ਬੁਰਿਆਈਆ**
**ਵਾਚੈ ਧਰਮੁ ਹਦੂਰਿ ॥**

ਧਰਮਰਾਜ ਪ੍ਰਭੂ ਦੇ ਸਾਹਮਣੇ ਜੀਆਂ ਦੀਆਂ ਚੰਗਿ-ਆਈਆਂ ਤੇ ਬੁਰਿਆਈਆਂ ਦੀ ਪੜਤਾਲ ਕਰਦਾ ਹੈ।

**ਕਰਮੀ ਆਪੋ ਆਪਣੀ**
**ਕੇ ਨੇੜੈ ਕੇ ਦੂਰਿ ॥**

ਆਪਣੇ ਆਪਣੇ ਕਰਮਾਂ ਅਨੁਸਾਰ ਕੋਈ ਪ੍ਰਭੂ ਦੇ ਨੇੜੇ

ਹਨ ਤੇ ਕੋਈ ਦੂਰ।

**ਜਿਨੀ ਨਾਮੁ ਧਿਆਇਆ**
**ਗਏ ਮਸਕਤਿ ਘਾਲਿ ॥**

ਜਿਨ੍ਹਾਂ ਨੇ ਨਾਮ ਜਪਿਆ ਹੈ, ਉਹ ਕਰੜੀ ਘਾਲਣਾ ਤੇ ਮਿਹਨਤ ਕਰ ਗਏ ਹਨ।

**ਨਾਨਕ ਤੇ ਮੁਖ ਉਜਲੇ**
**ਕੇਤੀ ਛੁਟੀ ਨਾਲਿ ॥੧॥**

ਹੇ ਨਾਨਕ! ਉਨ੍ਹਾਂ ਦੇ ਮੂੰਹ ਉਜਲੇ ਹਨ, ਹੋਰ ਕਿੰਨੀ ਹੀ ਦੁਨੀਆ ਉਨ੍ਹਾਂ ਨਾਲ ਮਿਲ ਕੇ ਜਨਮ ਮਰਨ ਤੋਂ ਛੁੱਟ ਜਾਂਦੀ ਹੈ।

★ ★

# ਜਾਪੁ ਸਾਹਿਬ

**ੴ ਸਤਿਗੁਰ ਪ੍ਰਸਾਦਿ ॥**

ਉਸ ਸਦਾ ਥਿਰ ਗੁਰੂ ਦੀ ਕਿਰਪਾ ਨਾਲ, ਜੋ ਇਕ ਤੇ ਸਾਰੇ ਪਸਰਿਆ ਹੈ।

**ਜਾਪੁ ॥**

ਬਾਣੀ ਦਾ ਨਾਂ ਹੈ।

**ਸ੍ਰੀ ਮੁਖਵਾਕ ਪਾਤਿਸਾਹੀ ੧੦ ॥**

ਦਸਵੇਂ ਗੁਰੂ ਜੀ ਦੇ ਪਵਿੱਤਰ ਮੁੱਖ ਤੋਂ ਉਚਾਰਨ ਕੀਤੇ ਵਾਕ।

**ਛਪੈ ਛੰਦ ॥**

ਛੰਦ ਦਾ ਨਾਂ ਹੈ।

**ਤ੍ਵ ਪ੍ਰਸਾਦਿ ॥**

ਤੇਰੀ ਕ੍ਰਿਪਾ ਨਾਲ ਉਚਾਰਦਾ ਹਾਂ।

**ਚੱਕ੍ਰ ਚਿਹਨ ਅਰੁ ਬਰਨ ਜਾਤਿ**
**ਅਰੁ ਪਾਤਿ ਨਹਿਨ ਜਿਹ ॥**

ਵਾਹਿਗੁਰੂ, ਜਿਸ ਦਾ ਕੋਈ ਚਿੰਨ੍ਹ ਤੇ ਨਿਸ਼ਾਨ, ਵਰਨ

ਜ਼ਾਤੀ ਤੇ ਕੁਲ ਨਹੀਂ ਹੈ।

**ਰੂਪ ਰੰਗ ਅਰੁ ਰੇਖ ਭੇਖ**
**ਕੋਊ ਕਹਿ ਨ ਸਕਤ ਕਿਹ ॥**

ਕੋਈ ਕਹਿ ਨਹੀਂ ਸਕਦਾ ਕਿ ਉਸ ਦਾ ਰੂਪ, ਰੰਗ, ਚਿਤ੍ਰ ਤੇ ਪਹਿਰਾਵਾ ਕੈਸਾ ਹੈ।

**ਅਚਲ ਮੂਰਤਿ ਅਨਭਉ ਪ੍ਰਕਾਸ**
**ਅਮਿਤੋਜਿ ਕਹਿੱਜੈ ॥**

ਜੋ ਅੱਟਲ ਸਰੂਪ ਵਾਲਾ, ਆਪਣੇ ਆਪ ਤੋਂ ਪ੍ਰਕਾਸ਼ਕ ਤੇ ਅਮਿਣਵੇਂ ਬਲ ਵਾਲਾ ਕਿਹਾ ਜਾਂਦਾ ਹੈ।

**ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥**

ਜੋ ਕਰੋੜਾਂ ਇੰਦਰਾਂ ਦਾ ਇੰਦਰ ਤੇ ਰਾਜਿਆਂ ਦਾ ਰਾਜਾ ਗਿਣਿਆ ਜਾਂਦਾ ਹੈ।

**ਤ੍ਰਿਭਵਣ ਮਹੀਪ ਸੁਰ ਨਰ ਅਸੁਰ**
**ਨੇਤ ਨੇਤ ਬਨ ਤ੍ਰਿਣ ਕਹਤ ॥**

ਜੋ ਤਿੰਨਾਂ ਲੋਕਾਂ ਦਾ ਰਾਜਾ ਹੈ; ਦੇਵਤੇ, ਮਨੁੱਖ, ਦੈਂਤ ਅਤੇ ਜੰਗਲਾਂ ਦੇ ਕੱਖ ਵੀ ਬੇਅੰਤ ਬੇਅੰਤ ਕਹਿੰਦੇ ਹਨ।

**ਤਵ ਸਰਬ ਨਾਮ ਕਥੈ ਕਵਨ**
**ਕਰਮ ਨਾਮ ਬਰਨਤ ਸੁਮਤਿ ॥ ੧ ॥**

(ਹੇ ਵਾਹਿਗੁਰੂ!) ਤੇਰੇ ਸਾਰੇ ਨਾਮਾਂ ਦਾ ਕੌਣ ਵਰਣਨ ਕਰੇ? ਸਿਆਣੇ ਤੇਰੇ ਕਰਮ ਨਾਮਾਂ ਨੂੰ ਬਿਆਨ ਕਰਦੇ ਹਨ।

**ਭੁਜੰਗ ਪ੍ਰਯਾਤ ਛੰਦ ॥**

ਇਹ ਛੰਦ ਦਾ ਨਾਮ ਹੈ।

**ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥**
**ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥ ੨ ॥**

ਹੇ ਨਾ ਮਰਨ ਵਾਲੇ! ਤੈਨੂੰ ਨਮਸਕਾਰ ਹੈ। ਹੇ ਕਿਰਪਾ ਕਰਨ ਵਾਲੇ! ਤੈਨੂੰ ਨਮਸਕਾਰ ਹੈ। ਹੇ ਰੂਪ ਤੋਂ ਰਹਿਤ! ਤੈਨੂੰ ਨਮਸਕਾਰ ਹੈ। ਹੇ ਉਪਮਾ ਤੋਂ ਪਰੇ! ਤੈਨੂੰ ਨਮਸਕਾਰ ਹੈ।

**ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥**
**ਨਮਸਤੰ ਅਕਾਏ ॥ ਨਮਸਤੰ ਅਜਾਏ ॥ ੩ ॥**

ਹੇ ਭੇਖ ਤੋਂ ਰਹਿਤ! ਤੈਨੂੰ ਨਮਸਕਾਰ ਹੈ। ਹੇ ਲੇਖੇ ਤੋਂ ਪਰੇ! ਤੈਨੂੰ ਨਮਸਕਾਰ ਹੈ। ਹੇ ਦੇਹ ਤੋਂ ਰਹਿਤ! ਤੈਨੂੰ ਨਮਸਕਾਰ ਹੈ। ਹੇ ਜਨਮ ਤੋਂ ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**
**ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥ ੪ ॥**

ਹੇ ਅਜਿੱਤ! ਤੈਨੂੰ ਨਮਸਕਾਰ ਹੈ। ਹੇ ਅਡ਼ਕ! ਤੈਨੂੰ ਨਮਸਕਾਰ ਹੈ। ਹੇ ਨਾਮ ਰਹਿਤ! ਤੈਨੂੰ ਨਮਸਕਾਰ ਹੈ। ਹੇ ਥਾਂ ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਅਕਰਮੰ॥ ਨਮਸਤੰ ਅਧਰਮੰ॥**
**ਨਮਸਤੰ ਅਨਾਮੰ॥ ਨਮਸਤੰ ਅਧਾਮੰ॥ ੫॥**

ਹੇ ਕਰਮ-ਬੰਧਨ ਤੋਂ ਮੁਕਤ! ਤੈਨੂੰ ਨਮਸਕਾਰ ਹੈ। ਤੈਨੂੰ ਨਮਸਕਾਰ ਹੈ ਜਿਸ ਵਿੱਚ ਤੱਤਾਂ ਦੇ ਗੁਣ ਨਹੀਂ। ਹੇ ਨਾਮ-ਰਹਿਤ! ਤੈਨੂੰ ਨਮਸਕਾਰ ਹੈ। ਹੇ ਘਰ ਤੋਂ ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਅਜੀਤੇ॥ ਨਮਸਤੰ ਅਭੀਤੇ॥**
**ਨਮਸਤੰ ਅਬਾਹੇ॥ ਨਮਸਤੰ ਅਢਾਹੇ॥ ੬॥**

ਹੇ ਜਿੱਤੇ ਨਾ ਜਾਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਨਾ ਡਰਨ ਵਾਲੇ! ਤੈਨੂੰ ਨਮਸਕਾਰ ਹੈ। ਹੇ ਨਾ ਹਿਲਾਏ ਜਾਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਨਾ ਡੇਗੇ ਜਾਣ ਵਾਲੇ! ਤੈਨੂੰ ਨਮਸਕਾਰ।

**ਨਮਸਤੰ ਅਨੀਲੇ॥ ਨਮਸਤੰ ਅਨਾਦੇ॥**
**ਨਮਸਤੰ ਅਛੇਦੇ॥ ਨਮਸਤੰ ਅਗਾਧੇ॥ ੭॥**

ਹੇ ਸ਼ੁੱਧ ਸਰੂਪ! ਤੈਨੂੰ ਨਮਸਕਾਰ ਹੈ। ਹੇ ਮੁੱਢ-ਰਹਿਤ! ਤੈਨੂੰ ਨਮਸਕਾਰ ਹੈ। ਹੇ ਅਖੰਡ! ਤੈਨੂੰ ਨਮਸਕਾਰ ਹੈ। ਹੇ ਅਥਾਹ! ਤੈਨੂੰ ਨਮਸਕਾਰ ਹੈ।

**ਨਮਸਤੰ ਅਗੰਜੇ ।। ਨਮਸਤੰ ਅਭੰਜੇ ।।**
**ਨਮਸਤੰ ਉਦਾਰੇ ।। ਨਮਸਤੰ ਅਪਾਰੇ ।। ੮ ।।**

ਹੇ ਅਜਿੱਤ! ਤੈਨੂੰ ਨਮਸਕਾਰ ਹੈ। ਹੇ ਨਾ ਭੱਜਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਖੁਲ੍ਹ-ਦਿਲੇ! ਤੈਨੂੰ ਨਮਸਕਾਰ ਹੈ। ਹੇ ਬੇਅੰਤ! ਤੈਨੂੰ ਨਮਸਕਾਰ ਹੈ।

**ਨਮਸਤੰ ਸੁ ਏਕੈ ।। ਨਮਸਤੰ ਅਨੇਕੈ ।।**
**ਨਮਸਤੰ ਅਭੂਤੇ ।। ਨਮਸਤੰ ਅਜੂਪੇ ।। ੯ ।।**

ਹੇ ਸ੍ਰੇਸ਼ਟ ਇਕ! ਤੈਨੂੰ ਨਮਸਕਾਰ ਹੈ। ਹੇ ਅਨੇਕਾਂ ਰੂਪ! ਤੈਨੂੰ ਨਮਸਕਾਰ ਹੈ। ਹੇ ਤੱਤਾਂ ਤੋਂ ਮੁਕਤ ਹਸਤੀ ਵਾਲੇ! ਤੈਨੂੰ ਨਮਸਕਾਰ ਹੈ। ਹੇ ਬੰਧਨਾਂ ਤੋਂ ਮੁਕਤ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਕਰਮੇ ।। ਨਮਸਤੰ ਨ੍ਰਿਭਰਮੇ ।।**
**ਨਮਸਤੰ ਨ੍ਰਿਦੇਸੇ ।। ਨਮਸਤੰ ਨ੍ਰਿਭੇਸੇ ।। ੧੦ ।।**

ਹੇ ਕਰਮ-ਬੰਧਨ ਰਹਿਤ! ਤੈਨੂੰ ਨਮਸਕਾਰ ਹੈ। ਹੇ

ਭਰਮ-ਰਹਿਤ! ਤੈਨੂੰ ਨਮਸਕਾਰ ਹੈ। ਹੇ ਦੇਸ਼ ਦੀ ਸੀਮਾਂ ਤੋਂ ਮੁਕਤ! ਤੈਨੂੰ ਨਮਸਕਾਰ ਹੈ। ਹੇ ਭੇਖਾਂ ਤੋਂ ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥**
**ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥ ੧੧ ॥**

ਹੇ ਨਾਮ-ਰਹਿਤ! ਤੈਨੂੰ ਨਮਸਕਾਰ ਹੈ। ਹੇ ਵਾਸ਼ਨਾ ਰਹਿਤ! ਤੈਨੂੰ ਨਮਸਕਾਰ ਹੈ। ਹੇ ਮਾਯਾ-ਰਹਿਤ! ਤੈਨੂੰ ਨਮਸਕਾਰ ਹੈ। ਹੇ ਨਾਸ-ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥**
**ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥ ੧੨ ॥**

ਹੇ ਅੱਚਲ! ਤੈਨੂੰ ਨਮਸਕਾਰ ਹੈ। ਹੇ ਤੱਤਾਂ ਤੋਂ ਮੁਕਤ! ਤੈਨੂੰ ਨਮਸਕਾਰ ਹੈ। ਹੇ ਨਾ ਦਿੱਸਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਚਿੰਤਾ-ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥**
**ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥ ੧੩ ॥**

ਹੇ ਦੁੱਖ-ਰਹਿਤ! ਤੈਨੂੰ ਨਮਸਕਾਰ ਹੈ। ਹੇ ਨਾ ਥਾਪੇ ਜਾਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਤਿੰਨਾਂ ਲੋਕਾਂ ਵਿੱਚ

ਪੂਜੇ ਜਾਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਭੰਡਾਰ ਰੂਪ! ਤੈਨੂੰ ਨਮਸਕਾਰ ਹੈ।

**ਨਮਸਤੰ ਅਗਾਹੇ॥ ਨਮਸਤੰ ਅਬਾਹੇ॥**
**ਨਮਸਤੰ ਤ੍ਰਿਬਰਗੇ॥ ਨਮਸਤੰ ਅਸਰਗੇ॥ ੧੪॥**

ਹੇ ਅਥਾਹ! ਤੈਨੂੰ ਨਮਸਕਾਰ ਹੈ। ਹੇ ਅੱਚਲ! ਤੈਨੂੰ ਨਮਸਕਾਰ ਹੈ। ਹੇ ਤਿੰਨ ਰੂਪ ਹੋ ਵਿਚਰਨ ਵਾਲੇ! ਤੈਨੂੰ ਨਮਸਕਾਰ ਹੈ। ਹੇ ਜਨਮ-ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਪ੍ਰਭੋਗੇ॥ ਨਮਸਤੰ ਸੁਜੋਗੇ॥**
**ਨਮਸਤੰ ਅਰੰਗੇ॥ ਨਮਸਤੰ ਅਭੰਗੇ॥ ੧੫॥**

ਹੇ ਉਤਮ ਭੋਗ ਭੋਗਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਸਭ ਵਿੱਚ ਮਿਲੇ ਹੋਏ! ਤੈਨੂੰ ਨਮਸਕਾਰ ਹੈ। ਹੇ ਰੰਗ ਰਹਿਤ! ਤੈਨੂੰ ਨਮਸਕਾਰ ਹੈ। ਹੇ ਨਾਸ਼-ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਅਗੰਮੇ॥ ਨਮਸਤਸਤੁ ਰੰਮੇ॥**
**ਨਮਸਤੰ ਜਲਾਸਰੇ॥ ਨਮਸਤੰ ਨਿਰਾਸਰੇ॥ ੧੬॥**

ਹੇ ਅਪਹੁੰਚ! ਤੈਨੂੰ ਨਮਸਕਾਰ ਹੈ। ਹੇ ਮਨੋਹਰ! ਤੈਨੂੰ ਨਮਸਕਾਰ ਹੈ। ਹੇ ਸਮੁੰਦਰ ਰੂਪ! ਤੈਨੂੰ ਨਮਸਕਾਰ ਹੈ। ਹੇ

ਆਸਰੇ ਤੋਂ ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਅਜਾਤੇ॥ ਨਮਸਤੰ ਅਪਾਤੇ॥**
**ਨਮਸਤੰ ਅਮਜਬੇ॥ ਨਮਸਤਸਤੁ ਅਜਬੇ॥ ੧੭॥**

ਹੇ ਜਾਤੀ-ਰਹਿਤ! ਤੈਨੂੰ ਨਮਸਕਾਰ ਹੈ। ਹੇ ਕੁਲ ਰਹਿਤ! ਤੈਨੂੰ ਨਮਸਕਾਰ ਹੈ। ਹੇ ਮਜ਼ੂਬ-ਰਹਿਤ! ਤੈਨੂੰ ਨਮਸਕਾਰ ਹੈ। ਹੇ ਅਸ਼ਚਰਜ ਰੂਪ! ਤੈਨੂੰ ਨਮਸਕਾਰ ਹੈ।

**ਅਦੇਸੰ ਅਦੇਸੇ॥ ਨਮਸਤੰ ਅਭੇਸੇ॥**
**ਨਮਸਤੰ ਨ੍ਰਿਧਾਮੇ॥ ਨਮਸਤੰ ਨ੍ਰਿਬਾਮੇ॥ ੧੮॥**

ਨਮਸਕਾਰ ਹੈ ਜਿਸ ਦਾ ਕੋਈ ਖ਼ਾਸ ਦੇਸ਼ ਨਹੀਂ। ਤੈਨੂੰ ਨਮਸਕਾਰ ਹੈ ਜਿਸ ਦਾ ਕੋਈ ਖਾਸ ਭੇਸ ਨਹੀਂ। ਨਮਸਕਾਰ ਹੈ ਤੈਨੂੰ! ਜਿਸ ਦਾ ਕੋਈ ਖਾਸ ਘਰ ਨਹੀਂ। ਨਮਸਕਾਰ ਹੈ ਤੈਨੂੰ ! ਜੋ ਇਸਤਰੀ ਤੋਂ ਰਹਿਤ ਹੈਂ।

**ਨਮੋ ਸਰਬ ਕਾਲੇ॥ ਨਮੋ ਸਰਬ ਦਿਆਲੇ॥**
**ਨਮੋ ਸਰਬ ਰੂਪੇ॥ ਨਮੋ ਸਰਬ ਭੂਪੇ॥ ੧੯॥**

ਸਭ ਦੇ ਕਾਲ ਰੂਪ ਨੂੰ ਨਮਸਕਾਰ ਹੈ। ਸਭ ਉਪਰ ਦਯਾ ਕਰਨ ਵਾਲੇ ਨੂੰ ਨਮਸਕਾਰ ਹੈ। ਸਾਰੇ ਰੂਪਾਂ ਵਾਲੇ ਨੂੰ ਨਮਸਕਾਰ ਹੈ। ਸਭਨਾਂ ਦੇ ਰਾਜੇ ਨੂੰ ਨਮਸਕਾਰ ਹੈ।

**ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥**
**ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥ ੨੦ ॥**

ਸਭ ਨੂੰ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ। ਸਾਰਿਆਂ ਨੂੰ ਥਾਪਣ ਵਾਲੇ ਨੂੰ ਨਮਸਕਾਰ ਹੈ। ਸਾਰਿਆਂ ਦੇ ਕਾਲ ਰੂਪ ਨੂੰ ਨਮਸਕਾਰ ਹੈ। ਸਾਰਿਆਂ ਦੇ ਪਾਲਣ ਵਾਲੇ ਨੂੰ ਨਮਸਕਾਰ ਹੈ।

**ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥**
**ਨਮਸਤੰ ਅਜਨਮੇ ॥ ਨਮਸਤੰ ਸੁਬਨਮੇ ॥ ੨੧ ॥**

ਹੇ ਪੂਜਣ-ਯੋਗ ! ਤੈਨੂੰ ਨਮਸਕਾਰ ਹੈ। ਹੇ ਭੇਦ-ਰਹਿਤ! ਤੈਨੂੰ ਨਮਸਕਾਰ ਹੈ। ਹੇ ਜਨਮ-ਰਹਿਤ! ਤੈਨੂੰ ਨਮਸਕਾਰ ਹੈ। ਹੇ ਸੁੰਦਰ ਸਰੂਪ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥**
**ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥ ੨੨ ॥**

ਸਭ ਤਕ ਪਹੁੰਚ ਵਾਲੇ ਨੂੰ ਨਮਸਕਾਰ ਹੈ। ਸਭ ਜਿਸ ਵਿੱਚ ਵੱਸਦੇ ਹਨ, ਉਸ ਨੂੰ ਨਮਸਕਾਰ ਹੈ। ਸਭ ਰੰਗਾਂ ਵਾਲੇ ਨੂੰ ਨਮਸਕਾਰ ਹੈ। ਸਭ ਨੂੰ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ।

**ਨਮੋ ਕਾਲ ਕਾਲੇ ।। ਨਮਸਤਸਤੁ ਦਿਆਲੇ ।।**
**ਨਮਸਤੰ ਅਬਰਨੇ ।। ਨਮਸਤੰ ਅਮਰਨੇ ।। ੨੩ ।।**

ਮੌਤ ਨੂੰ ਮੁਕਾਅ ਦੇਣ ਵਾਲੇ ਨੂੰ ਨਮਸਕਾਰ ਹੈ। ਹੇ ਦਯਾ ਰੂਪ! ਤੈਨੂੰ ਨਮਸਕਾਰ ਹੈ। ਹੇ ਕਥੇ ਨਾ ਜਾਣ ਵਾਲੇ! ਤੈਨੂੰ ਨਮਸਕਾਰ ਹੈ। ਹੇ ਮਰਨ ਤੋਂ ਮੁਕਤ! ਤੈਨੂੰ ਨਮਸਕਾਰ ਹੈ।

**ਨਮਸਤੰ ਜਰਾਰੰ ।। ਨਮਸਤੰ ਕ੍ਰਿਤਾਰੰ ।।**
**ਨਮੋ ਸਰਬ ਧੰਧੇ ।। ਨਮੋਸਤ ਅਬੰਧੇ ।। ੨੪ ।।**

ਹੇ ਬੁਢੇਪੇ ਤੋਂ ਰਹਿਤ! ਤੈਨੂੰ ਨਮਸਕਾਰ ਹੈ। ਹੇ ਕਰਣਹਾਰ! ਤੈਨੂੰ ਨਮਸਕਾਰ ਹੈ। ਸਾਰੇ ਵਿਹਾਰ ਰੂਪ ਨੂੰ ਨਮਸਕਾਰ ਹੈ। ਹੇ ਬੰਧਨਾਂ ਤੋਂ ਰਹਿਤ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਸਾਕੇ ।। ਨਮਸਤੰ ਨ੍ਰਿਬਾਕੇ ।।**
**ਨਮਸਤੰ ਰਹੀਮੇ ।। ਨਮਸਤੰ ਕਰੀਮੇ ।। ੨੫ ।।**

ਹੇ ਸਾਕਾਦਾਰੀ ਤੋਂ ਰਹਿਤ ! ਤੈਨੂੰ ਨਮਸਕਾਰ ਹੈ। ਹੇ ਡਰ ਰਹਿਤ! ਤੈਨੂੰ ਨਮਸਕਾਰ ਹੈ। ਹੇ ਦਇਆ ਕਰਨ ਵਾਲੇ! ਤੈਨੂੰ ਨਮਸਕਾਰ ਹੈ। ਹੇ ਬਖਸ਼ਸ਼ ਕਰਨ ਵਾਲੇ! ਤੈਨੂੰ ਨਮਸਕਾਰ ਹੈ।

**ਨਮਸਤੰ ਅਨੰਤੇ॥ ਨਮਸਤੰ ਮਹੰਤੇ॥**
**ਨਮਸਤਸਤੁ ਰਾਗੇ॥ ਨਮਸਤੰ ਸੁਹਾਗੇ॥ ੨੬॥**

ਹੇ ਬੇਅੰਤ! ਤੈਨੂੰ ਨਮਸਕਾਰ ਹੈ। ਹੇ ਸਭ ਤੋਂ ਵੱਡੇ! ਤੈਨੂੰ ਨਮਸਕਾਰ ਹੈ। ਹੇ ਪ੍ਰੇਮ ਰੂਪ! ਤੈਨੂੰ ਨਮਸਕਾਰ ਹੈ। ਹੇ ਸੁਆਮੀ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥**
**ਨਮੋ ਸਰਬ ਕਰਤਾ॥ ਨਮੋ ਸਰਬ ਹਰਤਾ॥ ੨੭॥**

ਸਭ ਨੂੰ ਸੁਕਾਣ ਵਾਲੇ ਨੂੰ ਨਮਸਕਾਰ ਹੈ। ਸਭ ਨੂੰ ਭਰਨ ਵਾਲੇ ਨੂੰ ਨਮਸਕਾਰ ਹੈ। ਸਭ ਦੇ ਰਚਨਹਾਰ ਨੂੰ ਨਮਸਕਾਰ ਹੈ। ਸਭ ਦੇ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ।

**ਨਮੋ ਜੋਗ ਜੋਗੇ॥ ਨਮੋ ਭੋਗ ਭੋਗੇ॥**
**ਨਮੋ ਸਰਬ ਦਿਆਲੇ॥ ਨਮੋ ਸਰਬ ਪਾਲੇ॥ ੨੮॥**

ਹੇ ਜੋਗ ਵਿੱਚ ਜੁੜੇ ਹੋਏ! ਤੈਨੂੰ ਨਮਸਕਾਰ ਹੈ। ਭੋਗਾਂ ਨੂੰ ਭੋਗਣ ਵਾਲੇ! ਤੈਨੂੰ ਨਮਸਕਾਰ ਹੈ। ਸਭ ਉਪਰ ਦਇਆ ਕਰਨ ਵਾਲੇ ਨੂੰ ਨਮਸਕਾਰ ਹੈ। ਸਭ ਦੀ ਪਾਲਣਾ ਕਰਨ ਵਾਲੇ ਨੂੰ ਨਮਸਕਾਰ ਹੈ।

**ਚਾਚਰੀ ਛੰਦ॥ ਤ੍ਵ ਪ੍ਰਸਾਦਿ॥**

ਚਾਚਰੀ, ਛੰਦ ਦਾ ਨਾਮ ਹੈ। ਤੇਰੀ ਕ੍ਰਿਪਾ ਨਾਲ।

**ਅਰੂਪ ਹੈਂ॥ ਅਨੂਪ ਹੈਂ॥**
**ਅਜੂ ਹੈਂ॥ ਅਭੂ ਹੈਂ॥੨੯॥**

ਤੂੰ ਰੂਪ ਤੋਂ ਰਹਿਤ ਹੈਂ। ਉਪਮਾ ਤੋਂ ਰਹਿਤ ਹੈਂ। ਜਨਮ ਤੋਂ ਰਹਿਤ ਹੈਂ। ਤੱਤਾਂ ਤੋਂ ਰਹਿਤ ਹੈਂ।

**ਅਲੇਖ ਹੈਂ॥ ਅਭੇਖ ਹੈਂ॥**
**ਅਨਾਮ ਹੈਂ॥ ਅਕਾਮ ਹੈਂ॥੩੦॥**

ਲੇਖੇ ਤੋਂ ਰਹਿਤ ਹੈਂ। ਭੇਖਾਂ ਤੋਂ ਰਹਿਤ ਹੈਂ। ਨਾਮ ਤੋਂ ਰਹਿਤ ਹੈਂ। ਕਾਮਨਾ ਤੋਂ ਰਹਿਤ ਹੈਂ।

**ਅਧੇ ਹੈਂ॥ ਅਭੇ ਹੈਂ॥**
**ਅਜੀਤ ਹੈਂ॥ ਅਭੀਤ ਹੈਂ॥੩੧॥**

ਆਸਰੇ ਤੋਂ ਬਿਨਾਂ ਹੈਂ। ਭੇਦ ਤੋਂ ਰਹਿਤ ਹੈਂ। ਜਿੱਤਿਆ ਨਹੀਂ ਜਾਂਦਾ। ਡਰ ਤੋਂ ਰਹਿਤ ਹੈਂ।

**ਤ੍ਰਿਮਾਨ ਹੈਂ॥ ਨਿਧਾਨ ਹੈਂ॥**
**ਤ੍ਰਿਬਰਗ ਹੈਂ॥ ਅਸਰਗ ਹੈਂ॥੩੨॥**

ਤਿੰਨਾਂ ਲੋਕਾਂ ਵਿੱਚ ਮਾਣ ਵਾਲਾ ਹੈਂ। ਹਰ ਸ਼ੈ ਦਾ

ਭੰਡਾਰ ਹੈਂ। ਤਿੰਨ ਵਰਗ ਰੂਪ ਹੈਂ। ਉਤਪਤ ਤੋਂ ਰਹਿਤ ਹੈਂ।

**ਅਨੀਲ ਹੈਂ॥ ਅਨਾਦਿ ਹੈਂ॥**

**ਅਜੇ ਹੈਂ॥ ਅਜਾਦਿ ਹੈਂ॥ ੩੩॥**

ਗਿਣਤੀ ਤੋਂ ਰਹਿਤ ਹੈਂ। ਮੁਢ ਤੋਂ ਰਹਿਤ ਹੈਂ। ਨਾ ਜਿੱਤਿਆ ਜਾਣ ਵਾਲਾ ਹੈਂ। ਬੰਧਨਾਂ ਤੋਂ ਮੁਕਤ ਹੈਂ।

**ਅਜਨਮ ਹੈਂ॥ ਅਬਰਨ ਹੈਂ॥**

**ਅਭੂਤ ਹੈਂ॥ ਅਭਰਨ ਹੈਂ॥ ੩੪॥**

ਜਨਮ ਤੋਂ ਰਹਿਤ ਹੈਂ। ਵਰਣਾਂ ਤੋਂ ਰਹਿਤ ਹੈਂ। ਤੱਤਾਂ ਤੋਂ ਰਹਿਤ ਹੈਂ। ਬੇ-ਮੁਥਾਜ ਹੈਂ।

**ਅਗੰਜ ਹੈਂ॥ ਅਭੰਜ ਹੈਂ॥**

**ਅਝੂਝ ਹੈਂ॥ ਅਝੰਝ ਹੈਂ॥ ੩੫॥**

ਅਜਿੱਤ ਹੈਂ। ਅਟੁੱਟ ਹੈਂ। ਅਡੋਲ ਹੈਂ। ਝਗੜੇ ਤੋਂ ਰਹਿਤ ਹੈਂ।

**ਅਮੀਕ ਹੈਂ॥ ਰਫ਼ੀਕ ਹੈਂ॥**

**ਅਧੰਧ ਹੈਂ॥ ਅਬੰਧ ਹੈਂ॥ ੩੬॥**

ਅਥਾਹ ਹੈਂ। ਮਿੱਤਰ ਹੈਂ। ਧੰਧਿਆਂ ਤੋਂ ਰਹਿਤ ਹੈਂ। ਬੰਧਨਾਂ ਤੋਂ ਮੁਕਤ ਹੈਂ।

**ਨ੍ਰਿਬੂਝ ਹੈਂ॥ ਅਸੂਝ ਹੈਂ॥**
**ਅਕਾਲ ਹੈਂ॥ ਅਜਾਲ ਹੈਂ॥ ੩੭॥**

ਨਾ ਬੁੱਝਿਆ ਜਾਣ ਵਾਲਾ ਹੈਂ। ਮਨੁੱਖੀ ਸਮਝ ਤੋਂ ਪਰੇ ਹੈਂ। ਮੌਤ ਰਹਿਤ ਹੈਂ। ਬੰਧਨਾਂ ਤੋਂ ਮੁਕਤ ਹੈਂ।

**ਅਲਾਹ ਹੈਂ॥ ਅਜਾਹ ਹੈਂ॥**
**ਅਨੰਤ ਹੈਂ॥ ਮਹੰਤ ਹੈਂ॥ ੩੮॥**

ਅੱਲਭ ਹੈਂ। ਖਾਸ ਨਿਸਚਿਤ ਥਾਂ ਵਿੱਚ ਨਹੀਂ ਹੈਂ। ਬੇਅੰਤ ਹੈਂ। ਸਭ ਤੋਂ ਵੱਡਾ ਹੈਂ।

**ਅਲੀਕ ਹੈਂ॥ ਨ੍ਰਿਸ੍ਰੀਕ ਹੈਂ॥**
**ਨ੍ਰਿਲੰਭ ਹੈਂ॥ ਅਸੰਭ ਹੈਂ॥ ੩੯॥**

ਤੇਰਾ ਕੋਈ ਹੱਦ ਬੰਨਾ ਨਹੀਂ। ਤੇਰਾ ਕੋਈ ਸ਼ਰੀਕ ਨਹੀਂ। ਤੈਨੂੰ ਕਿਸੇ ਦੇ ਆਸਰੇ ਦੀ ਲੋੜ ਨਹੀਂ। ਤੂੰ ਜਨਮ ਵਿੱਚ ਨਹੀਂ ਆਉਂਦਾ।

**ਅਗੰਮ ਹੈਂ॥ ਅਜੰਮ ਹੈਂ॥**
**ਅਭੂਤ ਹੈਂ॥ ਅਛੂਤ ਹੈਂ॥ ੪੦॥**

ਪਹੁੰਚ ਤੋਂ ਪਰੇ ਹੈਂ। ਜਨਮ ਤੋਂ ਰਹਿਤ ਹੈਂ। ਤੱਤਾਂ ਤੋਂ ਰਹਿਤ ਹੈਂ। ਛੂਹੇ ਜਾਣ ਤੋਂ ਪਰੇ ਹੈਂ।

**ਅਲੋਕ ਹੈਂ॥ ਅਸੋਕ ਹੈਂ॥**
**ਅਕਰਮ ਹੈਂ॥ ਅਭਰਮ ਹੈਂ॥ ੪੧॥**

ਦੇਖਿਆ ਨਹੀਂ ਜਾ ਸਕਦਾ। ਚਿੰਤਾਂ ਤੋਂ ਰਹਿਤ ਹੈਂ। ਕਰਮਾਂ ਤੋਂ ਰਹਿਤ ਹੈਂ। ਭਰਮਾਂ ਤੋਂ ਰਹਿਤ ਹੈਂ।

**ਅਜੀਤ ਹੈਂ॥ ਅਭੀਤ ਹੈਂ॥**
**ਅਬਾਹ ਹੈਂ॥ ਅਗਾਹ ਹੈਂ॥ ੪੨॥**

ਨਾ ਜਿੱਤੇ ਜਾਣ ਵਾਲਾ ਹੈਂ। ਡਰ ਤੋਂ ਰਹਿਤ ਹੈਂ। ਅਹਿੱਲ ਹੈਂ। ਪਕੜ ਤੋਂ ਪਰੇ ਹੈਂ।

**ਅਮਾਨ ਹੈਂ॥ ਨਿਧਾਨ ਹੈਂ॥**
**ਅਨੇਕ ਹੈਂ॥ ਫਿਰਿ ਏਕ ਹੈਂ॥ ੪੩॥**

ਅਮਿਣਵਾਂ ਹੈਂ। ਹਰ ਸ਼ੈ ਦਾ ਭੰਡਾਰ ਹੈਂ। ਅਨੇਕ ਹੁੰਦਿਆਂ ਫਿਰ ਭੀ ਇਕ ਹੀ ਹੈਂ।

**ਭੁਜੰਗ ਪ੍ਰਯਾਤ ਛੰਦ॥**

ਇਹ ਛੰਦ ਦਾ ਨਾਮ ਹੈ।

**ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥**
**ਨਮੋ ਦੇਵ ਦੇਵੇ॥ ਅਭੇਖੀ ਅਭੇਵੇ॥ ੪੪॥**

ਉਸ ਨੂੰ ਨਮਸਕਾਰ ਹੈ, ਜਿਸ ਨੂੰ ਸਭ ਮੰਨਦੇ (ਪੂਜਦੇ)

ਹਨ ਅਤੇ ਜੋ ਸਭ ਲਈ ਖ਼ਜ਼ਾਨਾ ਹੈ। ਦੇਵਤਿਆਂ ਦੇ ਦੇਵਤੇ ਨੂੰ ਨਮਸਕਾਰ ਹੈ, ਜੋ ਭੇਖ ਤੋਂ ਰਹਿਤ ਤੇ ਭੇਦ ਤੋਂ ਰਹਿਤ ਹੈ।

**ਨਮੋ ਕਾਲ ਕਾਲੇ।। ਨਮੋ ਸਰਬ ਪਾਲੇ।।**
**ਨਮੋ ਸਰਬ ਗਉਣੇ।। ਨਮੋ ਸਰਬ ਭਉਣੇ।। ੪੫।।**

ਕਾਲ ਨੂੰ ਭੀ ਮੁਕਾ ਦੇਣ ਵਾਲੇ ਨੂੰ ਨਮਸਕਾਰ ਹੈ। ਸਭ ਦੀ ਪਾਲਣਾ ਕਰਨ ਵਾਲੇ ਨੂੰ ਨਮਸਕਾਰ ਹੈ। ਹਰ ਇਕ ਤੱਕ ਪਹੁੰਚ ਜਾਣ ਵਾਲੇ ਨੂੰ ਨਮਸਕਾਰ ਹੈ। ਹਰ ਥਾਂ ਵੱਸਣ ਵਾਲੇ ਨੂੰ ਨਮਸਕਾਰ ਹੈ।

**ਅਨੰਗੀ ਅਨਾਥੇ।। ਨ੍ਰਿਸੰਗੀ ਪ੍ਰਮਾਥੇ।।**
**ਨਮੋ ਭਾਨ ਭਾਨੇ।। ਨਮੋ ਮਾਨ ਮਾਨੇ।। ੪੬।।**

ਅੰਗਾਂ ਤੋਂ ਰਹਿਤ, ਸੁਆਮੀ ਰਹਿਤ, ਕਿਸੇ ਸਾਥੀ ਤੋਂ ਬਿਨਾਂ, ਮਹਾਂ ਮਾਇਆ, ਸੂਰਜਾਂ ਦੇ ਸੂਰਜ ਨੂੰ ਨਮਸਕਾਰ ਹੈ ਅਤੇ ਮਾਨਯੋਗਾਂ ਦੇ ਮਾਨਯੋਗ ਨੂੰ ਨਮਸਕਾਰ ਹੈ।

**ਨਮੋ ਚੰਦ੍ਰ ਚੰਦ੍ਰੇ।। ਨਮੋ ਭਾਨ ਭਾਨੇ।।**
**ਨਮੋ ਗੀਤ ਗੀਤੇ।। ਨਮੋ ਤਾਨ ਤਾਨੇ।। ੪੭।।**

ਚੰਨਾਂ ਦੇ ਚੰਨ ਨੂੰ ਨਮਸਕਾਰ ਹੈ, ਸੂਰਜਾਂ ਦੇ ਸੂਰਜ ਨੂੰ

ਨਮਸਕਾਰ ਹੈ। ਗੀਤਾਂ ਦੇ ਮਹਾਨ ਗੀਤ ਨੂੰ ਨਮਸਕਾਰ ਹੈ ਅਤੇ ਤਾਨਾਂ ਵਿਚੋਂ ਮਹਾਨ ਤਾਨ ਨੂੰ ਨਮਸਕਾਰ ਹੈ।

**ਨਮੋ ਨ੍ਰਿੱਤ ਨ੍ਰਿੱਤੇ ।। ਨਮੋ ਨਾਦ ਨਾਦੇ ।।**
**ਨਮੋ ਪਾਨ ਪਾਨੇ ।। ਨਮੋ ਬਾਦ ਬਾਦੇ ।। ੪੮ ।।**

ਨਾਚ ਵਿੱਚ ਨਾਚ ਰੂਪ ਨੂੰ ਨਮਸਕਾਰ ਹੈ। ਅਲਾਪ ਵਿੱਚ ਅਲਾਪਿਤ ਰੂਪ ਨੂੰ ਨਮਸਕਾਰ ਹੈ। ਹੱਥਾਂ ਵਿਚੋਂ ਹੱਥੜ੍ਹ ਨੂੰ ਨਮਸਕਾਰ ਹੈ ਅਤੇ ਵਾਜੇ ਵਿੱਚ ਵਾਜਤ੍ਰ ਨੂੰ ਨਮਸਕਾਰ ਹੈ।

**ਅਨੰਗੀ ਅਨਾਮੇ ।। ਸਮਸਤੀ ਸਰੂਪੇ ।।**
**ਪ੍ਰਭੰਗੀ ਪ੍ਰਮਾਥੇ ।। ਸਮਸਤੀ ਬਿਭੂਤੇ ।। ੪੯ ।।**

ਹੇ ਦੇਹ ਰਹਿਤ ਤੇ ਨਾਮ ਰਹਿਤ, ਪਰ ਸਾਰੇ ਸਰੂਪਾਂ ਵਾਲੇ, ਪਰਲੋ ਲਿਆਉਣ ਵਾਲੇ ਤੇ ਨਾਸ ਕਰਨ ਵਾਲੇ ਅਤੇ ਸਾਰੀ ਸੰਪਦਾ ਦੇ ਰੂਪ।

**ਕਲੰਕੰ ਬਿਨਾ ਨੇ ਕਲੰਕੀ ਸਰੂਪੇ ।।**
**ਨਮੋ ਰਾਜ ਰਾਜੇਸ਼ੂਰੰ ਪਰਮ ਰੂਪੇ ।। ੫੦ ।।**

ਹੇ ਕਲੰਕ-ਰਹਿਤ ਪਵਿੱਤਰ ਹਸਤੀ ਵਾਲੇ, ਰਾਜਿਆਂ ਦੇ ਰਾਜੇ ਤੇ ਉੱਤਮ ਸਰੂਪ ਵਾਲੇ! ਤੈਨੂੰ ਨਮਸਕਾਰ ਹੈ।

**ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ।।**
**ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ।। ੫੧।।**

ਜੋਗੀਆਂ ਦੇ ਵੱਡੇ ਸਿਧ ਜੋਗੀ-ਰਾਜ ਨੂੰ ਨਮਸਕਾਰ ਹੈ। ਰਾਜਿਆਂ ਦੇ ਮਹਾਨ ਵੱਡੇ ਮਹਾਰਾਜੇ ਨੂੰ ਨਮਸਕਾਰ ਹੈ।

**ਨਮੋ ਸਸਤ੍ਰ ਪਾਣੇ।। ਨਮੋ ਅਸਤ੍ਰ ਮਾਣੇ।।**
**ਨਮੋ ਪਰਮ ਗਿਆਤਾ।। ਨਮੋ ਲੋਕ ਮਾਤਾ।। ੫੨।।**

ਸ਼ਸਤ੍ਰਧਾਰੀ ਨੂੰ ਨਮਸਕਾਰ ਹੈ। ਅਸਤ੍ਰ ਮਾਣਨ ਵਾਲੇ ਨੂੰ ਨਮਸਕਾਰ ਹੈ। ਪੂਰਨ ਜਾਣਨ-ਹਾਰ ਨੂੰ ਨਮਸਕਾਰ ਹੈ। ਜਗਤ ਦੇ ਮਾਤਾ (ਪਾਲਣਹਾਰ) ਨੂੰ ਨਮਸਕਾਰ ਹੈ।

**ਅਭੇਖੀ ਅਭਰਮੀ ਅਭੋਗੀ ਅਭੁਗਤੇ।।**
**ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ।। ੫੩।।**

ਭੇਖ ਰਹਿਤ, ਭਰਮ ਰਹਿਤ, ਨਾ ਭੋਗਣ ਵਾਲੇ, ਨਾ ਭੋਗੇ ਜਾਣ ਵਾਲੇ, ਜੋਗੀਆਂ ਦੇ ਜੋਗੀ-ਰਾਜ ਤੇ ਮਹਾਨ ਜੁਗਤ ਵਾਲੇ ! ਤੈਨੂੰ ਨਮਸਕਾਰ ਹੈ।

**ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ।।**
**ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ।। ੫੪।।**

ਸਦਾ ਸੁਖ ਦੇਣ ਵਾਲੇ ਤੇ ਦੋਖ ਰੂਪ ਕੰਮ ਕਰਨ ਵਾਲੇ

ਨੂੰ ਨਮਸਕਾਰ ਹੈ। ਚੰਗਿਆਂ ਤੇ ਮੰਦਿਆਂ ਦੇ ਮਾਲਕ ਤੇ ਧਰਮ ਰੂਪ ਨੂੰ ਨਮਸਕਾਰ ਹੈ।

**ਨਮੋ ਰੋਗ ਹਰਤਾ ਨਮੋ ਰਾਗ ਰੂਪੇ ॥**
**ਨਮੋ ਸਾਹ ਸਾਹੰ ਨਮੋ ਭੂਪ ਭੂਪੇ ॥ ੫੫ ॥**

ਰੋਗ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ। ਪ੍ਰੇਮ-ਸਰੂਪ ਨੂੰ ਨਮਸਕਾਰ ਹੈ। ਸ਼ਾਹਾਂ ਦੇ ਸ਼ਾਹ ਨੂੰ ਨਮਸਕਾਰ ਹੈ ਤੇ ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ।

**ਨਮੋ ਦਾਨ ਦਾਨੇ ਨਮੋ ਮਾਨ ਮਾਨੇ ॥**
**ਨਮੋ ਰੋਗ ਰੋਗੇ ਨਮਸਤੰ ਸਨਾਨੇ ॥ ੫੬ ॥**

ਦਾਨ ਦੇਣ ਵਾਲੇ ਨੂੰ ਨਮਸਕਾਰ ਤੇ ਸਨਮਾਨ ਮਾਣਨ ਵਾਲੇ ਨੂੰ ਨਮਸਕਾਰ ਹੈ। ਰੋਗਾਂ ਨੂੰ ਨਾਸ ਕਰਨ ਵਾਲੇ ਨੂੰ ਨਮਸਕਾਰ ਤੇ ਸ਼ੁੱਧ ਸਰੂਪ ਨੂੰ ਨਮਸਕਾਰ ਹੈ।

**ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥**
**ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥ ੫੭ ॥**

ਮੰਤਰਾਂ ਦੇ ਵੱਡੇ ਮੰਤਰ ਨੂੰ ਨਮਸਕਾਰ ਤੇ ਜੰਤਰਾਂ ਦੇ ਵੱਡੇ ਜੰਤਰ ਨੂੰ ਨਮਸਕਾਰ ਹੈ। ਪੂਜਨ-ਯੋਗਾਂ ਵਿਚੋਂ ਮਹਾਨ ਪੂਜਯ ਨੂੰ ਨਮਸਕਾਰ ਹੈ ਤੇ ਤੰਤਰਾਂ ਵਿਚੋਂ ਵੱਡੇ ਤੰਤਰ ਨੂੰ

ਨਮਸਕਾਰ ਹੈ।

**ਸਦਾ ਸੱਚਦਾਨੰਦ ਸਰਬੰ ਪ੍ਰਣਾਸੀ।।**
**ਅਨੂਪੇ ਅਰੂਪੇ ਸਮਸਤੁਲ ਨਿਵਾਸੀ।। ੫੮।।**

ਹਮੇਸ਼ਾ ਕਾਇਮ, ਚੇਤਨ ਤੇ ਅਨੰਦ ਸਰੂਪ ਅਤੇ ਸਭ ਨੂੰ ਨਾਸ ਕਰਨ ਵਾਲਾ ਹੈ। ਉਪਮਾ ਤੋਂ ਪਰੇ, ਰੂਪ ਤੋਂ ਰਹਿਤ ਤੇ ਸਭ ਵਿੱਚ ਇਕ-ਸਾਰ ਵੱਸ ਰਿਹਾ ਹੈ।

**ਸਦਾ ਸਿਧਦਾ ਬੁਧਦਾ ਬ੍ਰਿਧ ਕਰਤਾ।।**
**ਅਧੋ ਉਰਧ ਅਰਧੰ ਅਘੰ ਓਘ ਹਰਤਾ।। ੫੯।।**

ਹਮੇਸ਼ਾ ਸਿੱਧੀ ਦੇਣ ਵਾਲਾ, ਬੁੱਧੀ ਦੇਣ ਵਾਲਾ ਤੇ ਤਰੱਕੀ ਦੇਣ ਵਾਲਾ ਹੈ। ਨੀਚ, ਊਚ ਤੇ ਮਧਮ ਵਿੱਚ ਹੈ ਤੇ ਸਾਰੇ ਪਾਪਾਂ ਦਾ ਨਾਸ ਕਰਨ ਵਾਲਾ ਹੈ।

**ਪਰੰ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ।।**
**ਸਦਾ ਸਰਬਦਾ ਸਿੱਧ ਦਾਤਾ ਦਿਆਲੰ।। ੬੦।।**

ਸਭ ਤੋਂ ਵੱਡਾ ਉੱਚਾ ਮਾਲਕ ਹੈ, ਗੁਪਤ ਰਹਿ ਕੇ ਸਭ ਦੀ ਪਾਲਣਾ ਕਰਦਾ ਹੈ। ਹਮੇਸ਼ਾ ਹਰ ਥਾਂ ਸਿੱਧੀਆਂ ਵਾਲਾ ਦਾਤਾ ਤੇ ਦਿਆਲੂ ਹੈ।

**ਅਛੇਦੀ ਅਭੇਦੀ ਅਨਾਮੰ ਅਕਾਮੰ ॥**
**ਸਮਸਤੋ ਪਰਾਜੀ ਸਮਸਤਸਤੁ ਧਾਮੰ ॥ ੬੧ ॥**

ਉਹ ਤੋੜਿਆ ਨਹੀਂ ਜਾ ਸਕਦਾ ਤੇ ਭੱਜਣ ਵਾਲਾ ਨਹੀਂ। ਉਸ ਦਾ ਕੋਈ ਖਾਸ ਨਾਂ ਨਹੀਂ ਤੇ ਉਸ ਨੂੰ ਕੋਈ ਵਾਸ਼ਨਾ ਨਹੀਂ। ਸਭ ਨੂੰ ਜਿੱਤਣ ਵਾਲਾ ਹੈ ਤੇ ਉਹ ਸਭਨੀ ਥਾਈਂ ਹੈ।

**ਤੇਰਾ ਜੋਰੁ ॥**

ਤੇਰਾ ਬਲ (ਭਾਵ ਤੇਰੇ ਬਲ ਨਾਲ ਕਹਿ ਰਿਹਾ ਹਾਂ)।

**ਚਾਚਰੀ ਛੰਦ ॥**

ਇਹ ਛੰਦ ਦਾ ਨਾਮ ਹੈ।

**ਜਲੇ ਹੈਂ ॥ ਥਲੇ ਹੈਂ ॥**
**ਅਭੀਤ ਹੈਂ ॥ ਅਭੇ ਹੈਂ ॥ ੬੨ ॥**

(ਤੂੰ) ਪਾਣੀ ਵਿੱਚ ਹੈਂ। ਥਲ ਵਿੱਚ ਹੈਂ। ਡਰ ਤੋਂ ਰਹਿਤ ਹੈਂ ਤੇ ਭੇਖ ਤੋਂ ਰਹਿਤ ਹੈਂ।

**ਪ੍ਰਭੂ ਹੈਂ ॥ ਅਜੂ ਹੈਂ ॥**
**ਅਦੇਸ ਹੈਂ ॥ ਅਭੇਸ ਹੈਂ ॥ ੬੩ ॥**

(ਤੂੰ ਸਭ ਦਾ) ਮਾਲਕ ਹੈਂ। ਅੱਚਲ ਹੈਂ। ਦੇਸ਼ ਰਹਿਤ

ਹੈਂ। ਭੇਖ ਰਹਿਤ ਹੈਂ।

**ਭੁਜੰਗ ਪ੍ਰਯਾਤ ਛੰਦ॥**

ਇਹ ਛੰਦ ਦਾ ਨਾਮ ਹੈ।

**ਅਗਾਧੇ ਅਬਾਧੇ॥ ਅਨੰਦੀ ਸਰੂਪੇ॥**
**ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥ ੬੪॥**

ਹੇ ਅਥਾਹ! ਨਾਸ ਰਹਿਤ, ਅਨੰਦ ਸਰੂਪ, ਤੈਨੂੰ ਨਮਸਕਾਰ ਹੈ। ਤੂੰ ਸਭ ਦਾ ਮਾਨ ਰੂਪ ਹੈਂ ਤੇ ਸਾਰੇ ਪਦਾਰਥਾਂ ਦਾ ਖਜ਼ਾਨਾ ਹੈਂ।

**ਨਮਸਤ੍ਵੰ ਨ੍ਰਿਨਾਥੇ॥ ਨਮਸਤ੍ਵੰ ਪ੍ਰਮਾਥੇ॥**
**ਨਮਸਤ੍ਵੰ ਅਗੰਜੇ॥ ਨਮਸਤ੍ਵੰ ਅਭੰਜੇ॥ ੬੫॥**

ਤੈਨੂੰ ਨਮਸਕਾਰ ਹੈ, ਜਿਸ ਉੱਪਰ ਕੋਈ ਸੁਆਮੀ ਨਹੀਂ। ਤੈਨੂੰ ਨਮਸਕਾਰ ਹੈ, ਜੋ ਸਭ ਤੋਂ ਉੱਚਾ ਹੈਂ। ਤੈਨੂੰ ਨਮਸਕਾਰ ਹੈ, ਜੋ ਅਜਿੱਤ ਹੈਂ। ਤੈਨੂੰ ਨਮਸਕਾਰ ਹੈ, ਜੋ ਅਟੁੱਟ ਹੈਂ।

**ਨਮਸਤ੍ਵੰ ਅਕਾਲੇ॥ ਨਮਸਤ੍ਵੰ ਅਪਾਲੇ॥**
**ਨਮੋ ਸਰਬ ਦੇਸੇ॥ ਨਮੋ ਸਰਬ ਭੇਸੇ॥ ੬੬॥**

ਨਮਸਕਾਰ ਹੈ, ਕਾਲ-ਰਹਿਤ ਨੂੰ। ਨਮਸਕਾਰ ਹੈ ਉਸ ਨੂੰ, ਜਿਸ ਦਾ ਕੋਈ ਪਾਲਕ ਨਹੀਂ। ਸਾਰੇ ਦੇਸਾਂ ਵਾਲੇ ਨੂੰ

ਨਮਸਕਾਰ ਹੈ। ਸਾਰੇ ਭੇਖਾਂ ਵਾਲੇ ਨੂੰ ਨਮਸਕਾਰ ਹੈ।

**ਨਮੋ ਰਾਜ ਰਾਜੇ॥ ਨਮੋ ਸਾਜ ਸਾਜੇ॥**
**ਨਮੋ ਸ਼ਾਹ ਸ਼ਾਹੇ॥ ਨਮੋ ਮਾਹ ਮਾਹੇ॥ ੬੭॥**

ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ। ਰਚਨਾ ਰਚਣ ਵਾਲੇ ਨੂੰ ਨਮਸਕਾਰ ਹੈ। ਪਾਤਸ਼ਾਹਾਂ ਦੇ ਪਾਤਸ਼ਾਹ ਨੂੰ ਨਮਸਕਾਰ ਹੈ। ਚੰਨ ਨੂੰ ਚਾਨਣ ਦੇਣ ਵਾਲੇ ਨੂੰ ਨਮਸਕਾਰ ਹੈ।

**ਨਮੋ ਗੀਤ ਗੀਤੇ॥ ਨਮੋ ਪ੍ਰੀਤ ਪ੍ਰੀਤੇ॥**
**ਨਮੋ ਰੋਖ ਰੋਖੇ॥ ਨਮੋ ਸੋਖ ਸੋਖੇ॥ ੬੮॥**

ਗੀਤਾਂ ਦੇ ਮਹਾਂ ਗੀਤ ਨੂੰ ਨਮਸਕਾਰ ਹੈ। ਪਿਆਰ ਦੇ ਉੱਚੇ ਪਿਆਰ ਨੂੰ ਨਮਸਕਾਰ ਹੈ। ਕ੍ਰੋਧ ਵਿਚੋਂ ਮਹਾਂ ਕ੍ਰੋਧ ਰੂਪ ਨੂੰ ਨਮਸਕਾਰ ਹੈ। ਸੋਕਿਆਂ ਦੇ ਮਹਾਂ-ਸੋਕੇ ਨੂੰ ਨਮਸਕਾਰ ਹੈ।

**ਨਮੋ ਸਰਬ ਰੋਗੇ॥ ਨਮੋ ਸਰਬ ਭੋਗੇ॥**
**ਨਮੋ ਸਰਬ ਜੀਤੰ॥ ਨਮੋ ਸਰਬ ਭੀਤੰ॥ ੬੯॥**

ਸਾਰੇ ਰੋਗ ਰੂਪ ਨੂੰ ਨਮਸਕਾਰ ਹੈ। ਸਾਰੇ ਭੋਗ ਰੂਪ ਨੂੰ ਨਮਸਕਾਰ ਹੈ। ਸਭ ਨੂੰ ਜ਼ਿੱਤਣ ਵਾਲੇ ਨੂੰ ਨਮਸਕਾਰ ਹੈ।

ਸਭਨਾਂ ਲਈ ਭੈ ਰੂਪ ਨੂੰ ਨਮਸਕਾਰ ਹੈ।

**ਨਮੋ ਸਰਬ ਗਿਆਨੰ।। ਨਮੋ ਪਰਮ ਤਾਨੰ।।**
**ਨਮੋ ਸਰਬ ਮੰਤ੍ਰੰ।। ਨਮੋ ਸਰਬ ਜੰਤ੍ਰੰ।।੭੦।।**

ਸਭ ਦੇ ਜਾਣਨ ਵਾਲੇ ਨੂੰ ਨਮਸਕਾਰ ਹੈ। ਵੱਡੇ ਬਲ ਵਾਲੇ ਨੂੰ ਨਮਸਕਾਰ ਹੈ। ਸਾਰੇ ਮੰਤ੍ਰਾਂ ਦੇ ਜਾਣਨਹਾਰ ਨੂੰ ਨਮਸਕਾਰ ਹੈ। ਸਾਰੇ ਜੰਤ੍ਰਾਂ ਦੇ ਗਿਆਤਾ ਨੂੰ ਨਮਸਕਾਰ ਹੈ।

**ਨਮੋ ਸਰਬ ਦ੍ਰਿੱਸੰ।। ਨਮੋ ਸਰਬ ਕ੍ਰਿੱਸੰ।।**
**ਨਮੋ ਸਰਬ ਰੰਗੇ।। ਤ੍ਰਿਭੰਗੀ ਅਨੰਗੇ।।੭੧।।**

ਸਭ ਨੂੰ ਵੇਖਣ ਵਾਲੇ ਨੂੰ ਨਮਸਕਾਰ ਹੈ। ਸਭ ਨੂੰ ਖਿੱਚਣ ਵਾਲੇ ਨੂੰ ਨਮਸਕਾਰ ਹੈ। ਸਭ ਰੰਗਾਂ ਵਿੱਚ ਮੌਜੂਦ ਨੂੰ, ਤਿੰਨਾਂ ਹੀ ਕਾਲਾਂ ਦੇ ਨਾਸ ਕਰਨ ਵਾਲੇ ਨਿਰਾਕਾਰ ਨੂੰ ਨਮਸਕਾਰ ਹੈ।

**ਨਮੋ ਜੀਵ ਜੀਵੰ।। ਨਮੋ ਬੀਜ ਬੀਜੇ।।**
**ਅਖਿੱਜੇ ਅਭਿੱਜੇ।। ਸਮਸਤੰ ਪ੍ਰਸਿੱਜੇ।।੭੨।।**

ਜੀਵਾਂ ਦੇ ਜੀਵਨ ਰੂਪ ਨੂੰ ਨਮਸਕਾਰ ਹੈ। ਸ੍ਰਿਸ਼ਟੀ ਦੇ ਕਾਰਣਾਂ ਦੇ ਮੂਲ ਕਾਰਣ ਨੂੰ ਨਮਸਕਾਰ ਹੈ। ਨਾ ਖਿਜਣ ਵਾਲੇ ਤੇ ਨਾ ਭਿੱਜਣ ਵਾਲੇ ਅਤੇ ਸਭਨਾਂ ਉੱਪਰ ਪ੍ਰਸੰਨ ਹੋਣ

ਵਾਲੇ ਨੂੰ ਨਮਸਕਾਰ ਹੈ।

**ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ॥**
**ਸਦਾ ਸਰਬਦਾ ਰਿਧਿ ਸਿਧੰ ਨਿਵਾਸੀ॥੭੩॥**

ਤੂੰ ਕਿਰਪਾਲ ਸਰੂਪ ਹੈਂ। ਬੁਰੇ ਕੰਮਾਂ ਦਾ ਨਾਸ ਕਰਨ ਵਾਲਾ ਹੈਂ। ਹਮੇਸ਼ਾ ਹੀ ਸਾਰੇ ਸਮਿਆਂ ਵਿੱਚ ਰਿੱਧੀਆਂ ਸਿੱਧੀਆਂ ਦਾ ਨਿਵਾਸ ਅਸਥਾਨ ਹੈਂ।

**ਚਰਪਟ ਛੰਦ॥**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ॥**

ਤੇਰੀ ਕਿਰਪਾ ਨਾਲ (ਉਚਾਰਨ ਕਰਦਾ ਹਾਂ)।

**ਅੰਮ੍ਰਿੱਤ ਕਰਮੇ॥ ਅੰਬ੍ਰਿਤ ਧਰਮੇ॥**
**ਅਖੱਲ ਜੋਗੇ॥ ਅਚੱਲ ਭੋਗੇ॥੭੪॥**

ਅਮਰ ਕਰਮਾਂ ਵਾਲਾ ਹੈਂ। ਅਖੰਡ ਧਰਮ ਵਾਲਾ ਹੈਂ। ਸਭ ਨਾਲ ਜੁੜਿਆ ਹੋਇਆ ਹੈਂ। ਸਥਿਰ ਰੂਪ ਅਨੰਦ ਹੈਂ।

**ਅਚੱਲ ਰਾਜੇ॥ ਅਟੱਲ ਸਾਜੇ॥**
**ਅਖੱਲ ਧਰਮੰ॥ ਅਲੱਖ ਕਰਮੰ॥੭੫॥**

ਸਥਿਰ ਰਾਜ ਵਾਲਾ ਹੈਂ। ਅਟੱਲ ਰਚਨਾ ਵਾਲਾ ਹੈਂ।

ਅਟੁੱਟ ਧਰਮ ਵਾਲਾ ਹੈਂ। ਨਾ ਜਾਣੇ ਜਾਣ ਵਾਲੇ ਕਰਮਾਂ ਵਾਲਾ ਹੈਂ।

**ਸਰਬੰ ਦਾਤਾ॥ ਸਰਬੰ ਗਿਆਤਾ॥**
**ਸਰਬੰ ਭਾਨੇ॥ ਸਰਬੰ ਮਾਨੇ॥ ੭੬॥**

ਸਭ ਨੂੰ ਦੇਣ ਵਾਲਾ ਹੈਂ। ਸਭ ਨੂੰ ਜਾਣਨ ਵਾਲਾ ਹੈਂ। ਸਭ ਨੂੰ ਚਾਨਣ ਦੇਣ ਵਾਲਾ ਹੈਂ। ਸਭ ਨੂੰ ਮਾਣਦਾ (ਭੋਗਦਾ) ਹੈਂ।

**ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥**
**ਸਰਬੰ ਭੁਗਤਾ॥ ਸਰਬੰ ਜੁਗਤਾ॥ ੭੭॥**

ਸਭ ਦਾ ਪ੍ਰਾਣ ਰੂਪ ਹੈਂ। ਸਭ ਦਾ ਆਸਰਾ ਹੈਂ। ਸਭ ਨੂੰ ਭੋਗਣ ਵਾਲਾ ਹੈਂ। ਸਭ ਨਾਲ ਜੁੜਿਆ ਹੋਇਆ ਹੈਂ।

**ਸਰਬੰ ਦੇਵੰ॥ ਸਰਬੰ ਭੇਵੰ॥**
**ਸਰਬੰ ਕਾਲੇ॥ ਸਰਬੰ ਪਾਲੇ॥ ੭੮॥**

ਸਭ ਦਾ ਪੂਜਣ ਯੋਗ ਹੈਂ। ਸਭ ਦਾ ਭੇਤ ਜਾਣਦਾ ਹੈਂ। ਸਭ ਨੂੰ ਮਾਰਦਾ ਹੈਂ। ਸਭ ਨੂੰ ਪਾਲਦਾ ਹੈਂ।

## ਰੂਆਲ ਛੰਦ॥

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ ॥**

ਤੇਰੀ ਕਿਰਪਾ ਨਾਲ (ਬਾਣੀ ਉਚਾਰਦਾ ਹਾਂ)

**ਆਦਿ ਰੂਪ ਅਨਾਦਿ ਮੂਰਤਿ**
**ਅਜੋਨਿ ਪੁਰਖ ਅਪਾਰ ॥**

ਤੇਰੀ ਹਸਤੀ ਸਭ ਤੋਂ ਪਹਿਲਾਂ ਦੀ ਹੈ। ਤੇਰੀ ਹਸਤੀ ਦਾ ਕੋਈ ਮੁੱਢ ਨਹੀ, ਤੂੰ ਜੂਨਾਂ ਵਿੱਚ ਨਹੀਂ ਪੈਂਦਾ; ਤੂੰ ਸਰਬ ਵਿਆਪਕ ਤੇ ਬੇਅੰਤ ਹੈਂ।

**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥**

ਤੂੰ ਸਭ ਦਾ ਮਾਣ ਹੈਂ, ਤਿੰਨਾਂ ਹੀ ਲੋਕਾਂ ਦੇ ਜੀਵਾਂ ਲਈ ਪੂਜਣ ਯੋਗ ਹੈਂ, ਭੇਦ ਤੋਂ ਬਿਨਾਂ ਤੇ ਮੁੱਢ ਤੋਂ ਦਾਤਾ ਹੈਂ।

**ਸਰਬ ਪਾਲਕ ਸਰਬ ਘਾਲਕ**
**ਸਰਬ ਕੋ ਪੁਨਿ ਕਾਲ ॥**

ਸਭ ਨੂੰ ਪਾਲਣ ਵਾਲਾ, ਸਭ ਨੂੰ ਮਾਰਨ ਵਾਲਾ ਅਤੇ ਫਿਰ ਸਭ ਦਾ ਕਾਲ ਹੈਂ।

**ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥੭੯॥**

ਜਿਥੇ ਕਿਥੇ (ਦੇਖੋ) ਵੱਸ ਰਿਹਾ ਹੈਂ, ਤੂੰ ਬੇਪ੍ਰਵਾਹ ਤੇ ਅਨੰਦਮਈ ਰੂਪ ਵਾਲਾ ਹੈਂ।

**ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥**

ਜਿਸ ਦਾ ਕੋਈ ਖਾਸ ਟਿਕਾਣਾ ਨਹੀਂ ਹੈ ਅਤੇ ਨਾ ਹੀ ਕੋਈ ਰੂਪ, ਰੰਗ ਜਾਂ ਰੇਖਾ ਹੀ ਹੈ।

**ਆਦਿ ਪੁਰਖ ਉਦਾਰ ਮੂਰਤਿ**
**ਅਜੋਨਿ ਆਦਿ ਅਸੇਖ॥**

ਤੂੰ ਰਚਨਾ ਦਾ ਮੂਲ ਵਿਆਪਕ ਰੂਪ ਹੈਂ, ਖੁਲ੍ਹ-ਦਿਲ ਹਸਤੀ ਹੈਂ, ਜਨਮ ਵਿੱਚ ਨਹੀਂ ਆਉਂਦਾ ਤੇ ਸੰਪੂਰਨ ਹੈਂ।

**ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥**

ਤੇਰਾ ਕੋਈ ਖਾਸ ਦੇਸ਼ ਜਾਂ ਭੇਖ ਨਹੀਂ, ਨਾ ਕੋਈ ਰੂਪ, ਨਾ ਰੇਖ ਤੇ ਨਾ ਹੀ ਕੋਈ ਮੋਹ ਹੈ।

**ਜੱਤ੍ਰ ਤੱਤ੍ਰ ਦਿਸਾ ਵਿਸਾ**
**ਹੁਇ ਫੈਲਿਓ ਅਨੁਰਾਗ॥੮੦॥**

ਜਿਥੇ ਕਿਥੇ ਹਰ ਪਾਸੇ, ਹਰ ਨੁੱਕਰੇ, ਪ੍ਰੇਮ ਰੂਪ ਹੋ ਕੇ, ਪਸਰ ਰਿਹਾ ਹੈਂ।

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥**

(ਕਰਤਾਰ ਦਾ) ਕੋਈ ਖਾਸ ਨਾਂ ਨਹੀਂ, ਉਹ ਵਾਸ਼ਨਾ ਰਹਿਤ ਹੈ, ਉਸ ਦਾ ਕੋਈ ਖਾਸ ਟਿਕਾਣਾ ਭੀ ਨਹੀਂ ਦਿਸਦਾ।

**ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ।।**

ਜੋ ਸਭ ਦਾ ਮਾਨ ਹੈ, ਸਭ ਨੂੰ ਮਾਣਦਾ ਹੈ ਅਤੇ ਸਾਰੇ ਉਸ ਨੂੰ ਪੂਜਦੇ ਹਨ।

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ।।**

ਉਹ ਇਕ ਸਰੂਪ ਹੁੰਦਿਆਂ ਅਨੇਕਾਂ ਦਰਸ਼ਨ ਦੇਂਦਾ ਹੈ, ਕਿਉਂਕਿ ਉਸ ਨੇ ਅਨੇਕਾਂ ਰੂਪ ਧਾਰਨ ਕੀਤੇ ਹੋਏ ਹਨ।

**ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ।।੮੧ ।।**

ਖੇਡਾਂ ਖੇਡ ਕੇ ਜਦ ਖੇਡਣ ਤੋਂ ਅਖੇਡ ਹੁੰਦਾ ਹੈ ਤਾਂ ਫਿਰ ਅੰਤ ਨੂੰ ਇਕ ਆਪ ਹੀ ਆਪ ਰਹਿ ਜਾਂਦਾ ਹੈ।

**ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ।।**

ਜਿਸ ਦਾ ਭੇਦ ਦੇਵਤੇ ਨਹੀਂ ਜਾਣਦੇ ਅਤੇ ਨਾ ਹੀ ਵੇਦ ਜਾਂ ਸਾਮੀ ਮਜ਼ਬੀ ਕਿਤਾਬਾਂ।

**ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਂਹ ਜੇਬ ।।**

ਉਹ, ਉਸ ਦਾ ਰੂਪ ਜਾਂ ਰੰਗ, ਜਾਤ ਤੇ ਕੁਲ ਅਤੇ ਸ਼ੋਭਾ ਭੀ ਨਹੀਂ ਜਾਣਦੇ।

**ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ।।**

ਜਿਸ ਦਾ ਨਾ ਪਿਉ ਹੈ, ਨਾ ਮਾਂ, ਜੋ ਜਨਮ ਮਰਨ

ਵਿੱਚ ਨਹੀਂ ਆਉਂਦਾ।

**ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ**
**ਮਾਨਹੀ ਪੁਰ ਤੀਨ॥ ੯੨॥**

ਜਿਸ ਦਾ ਤੇਜ ਚੱਕਰ ਚੌਹਾਂ ਚੱਕਾਂ ਵਿੱਚ ਚਲ ਰਿਹਾ ਹੈ ਅਤੇ ਤਿੰਨ ਲੋਕ ਉਸ ਨੂੰ ਮੰਨਦੇ ਹਨ।

**ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿੰਹ ਜਾਪ॥**

ਚੌਦਾਂ ਲੋਕਾਂ ਵਿੱਚ, ਜਗਤ ਜਿਸ ਦਾ ਜਾਪ ਜਪਦਾ ਹੈ।

**ਆਦਿ ਦੇਵ ਅਨਾਦਿ ਮੂਰਤਿ**
**ਥਾਪਿਓ ਸਬੈ ਜਿੰਹ ਥਾਪਿ॥**

ਉਹ ਮੁੱਢਲਾ ਪੂਜਣ ਯੋਗ ਹੈ। ਐਸੀ ਹਸਤੀ ਹੈ ਜਿਸ ਦਾ ਮੁੱਢ ਨਹੀਂ ਅਤੇ ਜਿਸ ਨੇ ਰਚਨਾ ਕਾਇਮ ਕੀਤੀ ਹੈ।

**ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ॥**

ਜੋ ਮਹਾਨ ਰੂਪ ਤੇ ਪਵਿੱਤਰ ਹਸਤੀ ਹੈ ਅਤੇ ਹਰ ਤਰ੍ਹਾਂ ਮੁਕੰਮਲ ਸਭ ਵਿੱਚ ਵਿਆਪਕ ਤੇ ਬੇਅੰਤ ਹੈ।

**ਸਰਬ ਬਿਸ੍ਵ ਰਚਿਓ ਸੁਯੰਭਵ**
**ਗੜਨ ਭੰਜਨਹਾਰ॥ ੯੩॥**

ਜਿਸ ਨੇ ਆਪਣੇ ਪ੍ਰਕਾਸ਼ ਤੋਂ ਸਾਰੇ ਜਗਤ ਦੀ ਰਚਨਾ ਕੀਤੀ ਹੈ ਅਤੇ ਘੜਨ ਤੇ ਭੰਨਣ ਵਾਲਾ ਹੈ।

**ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ।।**

ਉਹ ਮੌਤ ਤੋਂ ਰਹਿਤ ਹੈ, ਸ਼ਕਤੀ ਵਾਲਾ ਹੈ, ਕਾਲ ਰਹਿਤ, ਵਿਆਪਕ ਤੇ ਕਿਸੇ ਖਾਸ ਦੇਸ਼ ਵਾਲਾ ਨਹੀਂ।

**ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ।।**

ਧਰਮ ਦਾ ਘਰ ਹੈ। ਉਹ ਭਰਮ ਤੋਂ ਬਿਨਾਂ ਹੈ। ਪੰਜ ਤੱਤਾਂ ਤੋਂ ਰਹਿਤ ਹੈ। ਨਾ ਜਾਣੇ ਜਾਣ ਵਾਲਾ ਤੇ ਭੇਖ ਤੋਂ ਭੀ ਬਿਨਾਂ ਹੈ।

**ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ।।**

ਜਿਸ ਦਾ ਸਰੀਰ ਨਹੀਂ, ਜਿਸ ਨੂੰ ਮੋਹ ਨਹੀਂ ਅਤੇ ਜਾਤ ਤੇ ਕੁਲ ਜਾਂ ਕਿਸੇ ਖਾਸ ਨਾਮ ਵਾਲਾ ਨਹੀਂ।

**ਗਰਬ ਗੰਜਨ ਦੁਸਟ ਭੰਜਨ**
**ਮੁਕਤਿ ਦਾਇਕ ਕਾਮ ।। ੯੪ ।।**

ਹੰਕਾਰ ਤੋੜਨ ਵਾਲਾ ਹੈ, ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈ, ਮੁਕਤੀ ਦੇਣ ਤੇ ਕਾਮਨਾ ਪੂਰੀ ਕਰਨ ਵਾਲਾ ਹੈ।

**ਆਪ ਰੂਪ ਅਮੀਕ ਅਨਉਸਤਤਿ**
**ਏਕ ਪੁਰਖ ਅਵਧੂਤ ।।**

ਉਹ ਇਕ ਆਪਣੇ ਆਪ ਤੋਂ ਪ੍ਰਗਟ ਹੋਇਆ ਗੰਭੀਰ, ਵਡਿਆਈ ਤੋਂ ਪਰੇ, ਵਿਆਪਕ ਤੇ ਮਾਇਆ ਦੇ ਬੰਧਨਾਂ ਤੋਂ ਰਹਿਤ ਹੈ।

**ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ।।**

ਉਹ ਹੰਕਾਰ ਦੂਰ ਕਰਨ ਵਾਲਾ ਤੇ ਸਭ ਨੂੰ(ਸਮੇਂ ਅਨੁਸਾਰ)ਮਾਰਨ ਵਾਲਾ, ਆਦਿ ਰੂਪ ਤੇ ਸਬੰਧ ਰਹਿਤ ਹੈ।

**ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ।।**

ਉਹ ਬੇਅੰਤ, ਵਿਆਪਕ, ਦੇਹ ਤੋਂ ਰਹਿਤ ਤੇ ਨਾਸ ਨਾ ਹੋਣ ਵਾਲਾ ਤੇ ਜੀਵਾਤਮਾ ਤੋਂ ਬਿਨਾਂ ਹੈ।

**ਸਰਬ ਲਾਇਕ ਸਰਬ ਘਾਇਕ**
**ਸਰਬ ਕੋ ਪ੍ਰਤਿਪਾਰ ।। ੯੫ ।।**

ਸਭ ਕੁਝ ਕਰਨ ਯੋਗ, ਸਭ ਨੂੰ ਨਾਸ ਕਰਨ ਵਾਲਾ ਅਤੇ ਸਭ ਦੀ ਪਾਲਣਾ ਕਰਨ ਵਾਲਾ ਹੈ।

**ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ।।**

ਸਭ ਤਕ ਪਹੁੰਚ ਵਾਲਾ, ਸਭ ਨੂੰ ਮਾਰਨ ਵਾਲਾ,

ਸਾਰਿਆਂ ਤੋਂ ਨਿਰਾਲੇ ਭੇਖ ਵਾਲਾ ਹੈ।

**ਸਰਬ ਸਾਸਤ੍ਰ ਨ ਜਾਨਹੀ ਜਿੰਹ ਰੂਪ ਰੰਗੁ ਅਰੁ ਰੇਖ॥**

ਸਾਰੇ ਸ਼ਾਸਤਰ ਜਿਸ ਦਾ ਰੂਪ, ਰੰਗ ਤੇ ਰੇਖ-ਭੇਖ ਨਹੀਂ ਜਾਣਦੇ।

**ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ॥**

ਜਿਸ ਨੂੰ ਵੇਦ ਤੇ ਪੁਰਾਣ ਸਦਾ ਹੀ ਉੱਚਾ ਤੇ ਬੇਅੰਤ ਆਖਦੇ ਹਨ।

**ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ**
**ਨ ਆਵਈ ਵਹੁ ਚਿੱਤ॥੯੬॥**

ਕ੍ਰੋੜਾਂ ਹੀ ਸਿੰਮ੍ਰਿਤੀਆਂ, ਪੁਰਾਣਾਂ ਤੇ ਸ਼ਾਸਤਰਾਂ ਰਾਹੀਂ ਭੀ ਉਹ ਪੂਰੇ ਤੌਰ 'ਤੇ ਸਮਝ ਵਿੱਚ ਨਹੀਂ ਆਉਂਦਾ।

**ਮਧੁਭਾਰ ਛੰਦ॥**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ॥**

ਤੇਰੀ ਕਿਰਪਾ ਨਾਲ (ਬਾਣੀ ਉਚਾਰਦਾ ਹਾਂ)।

**ਗੁਨ ਗਨ ਉਦਾਰ॥ ਮਹਿਮਾ ਅਪਾਰ॥**
**ਆਸਨ ਅਭੰਗ॥ ਉਪਮਾ ਅਨੰਗ॥੯੭॥**

ਬੇਸ਼ੁਮਾਰ ਗੁਣਾਂ ਵਾਲਾ ਦਾਤਾ, ਜਿਸ ਦੀ ਵਡਿਆਈ ਬੇਅੰਤ ਹੈ। ਜਿਸ ਦਾ ਆਸਣ ਸਿਖਰ ਹੈ ਅਤੇ ਅਸੀਮ ਵਡਿਆਈ ਵਾਲਾ ਹੈ।

**ਅਨਭਉ ਪ੍ਰਕਾਸ ।। ਨਿਸ ਦਿਨ ਅਨਾਸ ।।**
**ਆਜਾਨ ਬਾਹੁ ।। ਸਾਹਾਨ ਸਾਹੁ ।। ੮੮ ।।**

ਆਪਣੇ ਆਪ ਗਿਆਨ ਦਾ ਪ੍ਰਕਾਸ਼ਕ ਹੈ। ਰਾਤ ਦਿਨ ਨਾਸ-ਰਹਿਤ ਹੈ। ਲੰਮੀਆਂ ਬਾਹਾਂ ਵਾਲਾ ਅਤੇ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਹੈ।

**ਰਾਜਾਨ ਰਾਜ ।। ਭਾਨਾਨ ਭਾਨ ।।**
**ਦੇਵਾਨ ਦੇਵ ।। ਉਪਮਾ ਮਹਾਨ ।। ੮੯ ।।**

ਰਾਜਿਆਂ ਦਾ ਰਾਜਾ ਤੇ ਸੂਰਜਾਂ ਦਾ ਸੂਰਜ ਹੈ। ਦੇਵਤਿਆਂ ਦਾ ਵੱਡਾ ਦੇਵਤਾ ਹੈ, ਵੱਡੀ ਸਿਫਤ ਵਾਲਾ ਹੈ।

**ਇੰਦ੍ਰਾਨ ਇੰਦ੍ਰ ।। ਬਾਲਾਨ ਬਾਲ ।।**
**ਰੰਕਾਨ ਰੰਕ ।। ਕਾਲਾਨ ਕਾਲ ।। ੯੦ ।।**

ਦੇਵਤਿਆਂ ਦੇ ਰਾਜੇ ਦਾ ਵੀ ਮਹਾਰਾਜਾ ਹੈ। ਉੱਚਿਓ-ਉੱਚਾ ਹੈ, ਕੰਗਾਲਾਂ ਵਿੱਚ ਕੰਗਾਲ ਹੈ ਤੇ ਮੌਤ ਦੀ ਭੀ ਮੌਤ ਹੈ।

**ਅਨਭੂਤ ਅੰਗ ।। ਆਭਾ ਅਭੰਗ ।।**
**ਗਤਿ ਮਿਤਿ ਅਪਾਰ ।। ਗੁਨ ਗਨ ਉਦਾਰ ।। ੯੧ ।।**

ਉਸ ਦਾ ਸਰੀਰ ਤੱਤਾਂ ਤੋਂ ਰਹਿਤ ਹੈ। ਉਸ ਦਾ ਪ੍ਰਕਾਸ਼ ਨਾਸ-ਰਹਿਤ ਹੈ। ਉਸ ਦੀ ਗਤੀ ਤੇ ਮਰਯਾਦਾ ਬੇਅੰਤ ਹੈ ਅਤੇ ਬੇਅੰਤ ਗੁਣਾਂ ਵਾਲਾ ਦਾਤਾਰ ਹੈ।

**ਮੁਨਿ ਗਨ ਪ੍ਰਨਾਮ ।। ਨਿਰਭੈ ਨਿਕਾਮ ।।**
**ਅਤਿ ਦੁਤਿ ਪ੍ਰਚੰਡ ।। ਮਿਤਿ ਗਤਿ ਅਖੰਡ ।। ੯੨ ।।**

ਜਿਸ ਨੂੰ ਸਭ ਮੁਨੀ ਨਮਸਕਾਰ ਕਰਦੇ ਹਨ। ਜੋ ਡਰ ਤੇ ਕਾਮਨਾ ਰਹਿਤ ਹੈ। ਜੋ ਮਹਾਨ ਤੇ ਅਸਹਿ ਤੇਜ ਵਾਲਾ ਹੈ ਤੇ ਜਿਸ ਦੀ ਗਤੀ ਤੇ ਮਰਯਾਦਾ ਨਾਸ ਨਹੀਂ ਹੁੰਦੀ।

**ਆਲਿਸਜ ਕਰਮ ।। ਆਦ੍ਰਿਸਜ ਧਰਮ ।।**
**ਸਰਬਾ ਭਰਣਾਢਯ ।। ਅਨਡੰਡ ਬਾਢਯ ।। ੯੩ ।।**

ਉਸ ਦਾ ਕਰਮ ਅਕਰਮ ਹੈ। ਉਹ ਧਰਮ ਦੀ ਮਿਸਾਲ ਹੈ। ਸਾਰੇ ਸ਼ਿੰਗਾਰ ਦਾ ਧਾਰਨੀ ਹੈ। ਸੱਚ-ਮੁੱਚ ਉਸ ਨੂੰ ਕੋਈ ਦੰਡ ਨਹੀਂ ਦੇ ਸਕਦਾ।

**ਚਾਚਰੀ ਛੰਦ ।।**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ ॥**

ਤੇਰੀ ਕਿਰਪਾ ਨਾਲ (ਬਾਣੀ ਉਚਾਰਦਾ ਹਾਂ)।

**ਗੁਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥ ੯੪ ॥**

ਸ੍ਰਿਸ਼ਟੀ ਦਾ ਪਾਲਕ ਹੈ। ਮੁਕਤੀ ਦੇਣ ਵਾਲਾ ਹੈ। ਦਾਤਾ ਹੈ। ਬੇਅੰਤ ਹੈ।

**ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥ ੯੫ ॥**

ਨਾਸ ਕਰਨ ਵਾਲਾ ਹੈ। ਰਚਨਹਾਰ ਹੈ। ਉਸ ਦਾ ਕੋਈ ਇਕ ਨਾਮ ਨਹੀਂ ਹੈ। ਉਹ ਕਾਮਨਾ ਰਹਿਤ ਹੈ।

**ਭੁਜੰਗ ਪ੍ਰਯਾਤ ਛੰਦ ॥**

ਇਹ ਛੰਦ ਦਾ ਨਾਮ ਹੈ।

**ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥**
**ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥ ੯੬ ॥**

ਉਹ ਚੌਹਾਂ ਚੱਕਾਂ (ਸਾਰੀ ਸ੍ਰਿਸ਼ਟੀ) ਨੂੰ ਬਨਾਉਣ ਵਾਲਾ ਹੈ। ਚੌਹਾਂ ਚੱਕਾਂ ਦਾ ਨਾਸ ਕਰਨ ਵਾਲਾ ਹੈ। ਚੌਹਾਂ ਚੱਕਾਂ ਨੂੰ ਦੇਣ ਵਾਲਾ ਤੇ ਚੌਹਾਂ ਚੱਕਾਂ ਦੀ ਜਾਣਨ ਵਾਲਾ ਹੈ।

**ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥**
**ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥ ੯੭ ॥**

ਚੌਹੀਂ ਪਾਸੀਂ ਵਰਤ ਰਿਹਾ ਹੈ। ਚੌਹਾਂ ਪਾਸਿਆਂ ਨੂੰ ਭਰ ਰਿਹਾ ਹੈ। ਚੌਹਾਂ ਚੱਕਾਂ ਦੀ ਪਾਲਣਾ ਕਰਦਾ ਤੇ ਚੌਹਾਂ ਚੱਕਾਂ ਲਈ ਕਾਲ ਵੀ ਹੈ।

**ਚੱਤ੍ਰ ਚੱਕ੍ਰ ਪਾਸੇ॥ ਚੱਤ੍ਰ ਚੱਕ੍ਰ ਵਾਸੇ॥**
**ਚੱਤ੍ਰ ਚੱਕ੍ਰ ਮਾਨਯੇ॥ ਚੱਤ੍ਰ ਚੱਕ੍ਰ ਦਾਨਯੇ॥ ੯੮॥**

ਚੌਹਾਂ ਚੱਕਾਂ ਦੇ ਕੋਲ ਹੈ। ਚੌਹਾਂ ਚੱਕਾਂ ਵਿੱਚ ਵਸਦਾ ਹੈ। ਚੌਹਾਂ ਚੱਕਾਂ ਵਿੱਚ ਮੰਨਿਆ ਜਾਂਦਾ ਹੈ ਤੇ ਚੌਹਾਂ ਚੱਕਾਂ ਨੂੰ ਦੇਣ ਵਾਲਾ ਹੈ।

**ਚਾਚਰੀ ਛੰਦ॥**

ਇਹ ਛੰਦ ਦਾ ਨਾਮ ਹੈ।

**ਨ ਸੱਤ੍ਰੈ॥ ਨ ਮਿੱਤ੍ਰੈ॥**
**ਨ ਭਰਮੰ॥ ਨ ਭਿੱਤ੍ਰੈ॥ ੯੯॥**

ਉਸ ਦਾ ਕੋਈ ਦੁਸ਼ਮਣ ਨਹੀਂ। ਖਾਸ ਦੋਸਤ ਵੀ ਨਹੀਂ ਹੈ। ਉਸ ਨੂੰ ਭਰਮ ਨਹੀਂ ਤੇ ਡਰ ਨਹੀਂ।

**ਨ ਕਰਮੰ॥ ਨ ਕਾਏ॥**
**ਅਜਨਮੰ॥ ਅਜਾਏ॥ ੧੦੦॥**

ਕਰਮਾਂ ਵਿੱਚ ਫਸਿਆ ਹੋਇਆ ਨਹੀਂ ਹੈ। ਉਸ ਦਾ

ਸਰੀਰ ਨਹੀਂ ਹੈ। ਉਹ ਜਨਮਿਆ ਨਹੀਂ ਤੇ ਨਾ ਹੀ ਕਿਸੇ ਦਾ ਜਾਇਆ ਹੈ।

**ਨ ਚਿੱਤ੍ਰੈ॥ ਨ ਮਿੱਤ੍ਰੈ॥**
**ਪਰੇ ਹੈਂ॥ ਪਵਿੱਤ੍ਰੈ॥੧੦੧॥**

ਉਸ ਦੀ ਮੂਰਤੀ ਨਹੀਂ। ਕੋਈ ਖਾਸ ਮਿੱਤਰ ਨਹੀਂ। ਨਿਰਲੇਪ ਹੈ ਤੇ ਪਵਿੱਤਰ ਹੈ।

**ਪ੍ਰਿਥੀਸੈ॥ ਅਦੀਸੈ॥**
**ਅਦ੍ਰਿਸੈ॥ ਅਕ੍ਰਿਸੈ॥੧੦੨॥**

ਪ੍ਰਿਥਵੀ ਦਾ ਮਾਲਕ ਹੈ। ਆਦਿ ਤੋਂ ਸੁਆਮੀ ਹੈ। ਦਿਸਦਾ ਨਹੀਂ, ਕਦੇ ਲਿੱਸਾ ਹੋਣ ਵਾਲਾ ਨਹੀਂ ਹੈ।

**ਭਗਵਤੀ ਛੰਦ॥**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ ਕਥਤੇ॥**

ਤੇਰੀ ਕਿਰਪਾ ਨਾਲ ਕਹਿੰਦਾ ਹਾਂ।

**ਕਿ ਆਛਿੱਜ ਦੇਸੈ॥ ਕਿ ਆਭਿੱਜ ਭੇਸੈ॥**
**ਕਿ ਆਗੰਜ ਕਰਮੈ॥ ਕਿ ਆਭੰਜ ਭਰਮੈ॥੧੦੩॥**

ਜੋ ਅਖੰਡ ਦੇਸ਼ ਵਾਲਾ ਹੈ। ਜੋ ਅਖੰਡ ਸਰੂਪ ਵਾਲਾ

ਹੈ। ਜੋ ਕਰਮਾਂ ਕਰ ਕੇ ਨਾਸ ਨਹੀਂ ਹੁੰਦਾ। ਜੋ ਭਰਮਾਂ ਕਰ ਕੇ ਝੁਕਦਾ ਨਹੀਂ।

**ਕਿ ਆਭਿਜ ਲੋਕੈ ।। ਕਿ ਆਦਿਤ ਸੋਕੈ ।।**
**ਕਿ ਅਵਧੂਤ ਬਰਨੈ ।। ਕਿ ਬਿਭੂਤ ਕਰਨੈ ।।੧੦੪ ।।**

ਜੋ ਲੋਕਾਂ ਨਾਲ ਮੋਹ ਤੋਂ ਬਿਨਾਂ ਹੈ। ਜੋ ਸੂਰਜ ਨੂੰ ਵੀ ਸੁਕਾ ਦੇਣ (ਨਾਸ ਕਰਨ) ਵਾਲਾ ਹੈ। ਜੋ ਪਵਿੱਤਰ ਸਰੂਪ ਵਾਲਾ ਹੈ। ਜੋ ਸਾਰੀ ਸੰਪਦਾ (ਬ੍ਰਹਮੰਡ) ਦਾ ਕਰਨ ਵਾਲਾ ਹੈ।

**ਕਿ ਰਾਜੰ ਪ੍ਰਭਾ ਹੈਂ ।। ਕਿ ਧਰਮੰ ਧੁਜਾ ਹੈਂ ।।**
**ਕਿ ਆਸੋਕ ਬਰਨੈ ।। ਕਿ ਸਰਬਾ ਅਭਰਨੈ ।।੧੦੫ ।।**

ਜੋ ਰਾਜ ਦੀ ਸੋਭਾ ਹੈ। ਜੋ ਧਰਮ ਦਾ ਝੰਡਾ ਹੈ। ਜੋ ਚਿੰਤਾਂ ਤੋਂ ਰਹਿਤ ਹਸਤੀ ਵਾਲਾ ਹੈ। ਜੋ ਸਭ ਦਾ ਸ਼ਿੰਗਾਰ ਹੈ।

**ਕਿ ਜਗਤੰ ਕ੍ਰਿਤੀ ਹੈਂ ।। ਕਿ ਛਤ੍ਰੰ ਛਤ੍ਰੀ ਹੈਂ ।।**
**ਕਿ ਬ੍ਰਹਮੰ ਸਰੂਪੇ ।। ਕਿ ਅਨਭਉ ਅਨੂਪੇ ।।੧੦੬ ।।**

ਜੋ ਜਗਤ ਦੇ ਕਰਨ ਵਾਲਾ ਹੈ। ਜੋ ਸੂਰਮਿਆਂ ਦਾ ਭੀ ਸੂਰਮਾ ਹੈ। ਜੋ ਵਿਆਪਕ ਸਰੂਪ ਹੈ। ਜੋ ਬੇ-ਮਿਸਾਲ

ਗਿਆਨ ਵਾਲਾ ਹੈ।

**ਕਿ ਆਦਿ ਅਦੇਵ ਹੈਂ।। ਕਿ ਆਪਿ ਅਭੇਵ ਹੈਂ।।**
**ਕਿ ਚਿਤ੍ਰੰ ਬਿਹੀਨੈ।। ਕਿ ਏਕੈ ਅਧੀਨੈ।। ੧੦੭।।**

ਤੂੰ ਜੋ ਮੁੱਢ ਤੋਂ ਸੁਆਮੀ ਰਹਿਤ ਹੈਂ। ਜੋ ਆਪ ਭੇਦ ਤੋਂ ਰਹਿਤ ਹੈਂ। ਜੋ ਸ਼ਕਲ ਤੋਂ ਬਿਨਾਂ ਹੈ। ਜੋ ਇਕ ਹੈ ਤੇ ਦੀਨਤਾ ਤੋਂ ਰਹਿਤ ਹੈ।

**ਕਿ ਰੋਜ਼ੀ ਰਜ਼ਾਕੈ।। ਰਹੀਮੈ ਰਿਹਾਕੈ।।**
**ਕਿ ਪਾਕ ਬਿਐਬ ਹੈਂ।। ਕਿ ਗੈਬੁਲ ਗ਼ੈਬ ਹੈਂ।।੧੦੮।।**

ਜੋ ਰੋਜ਼ੀ (ਰਿਜ਼ਕ) ਦੇਣ ਵਾਲਾ ਹੈ। ਜੋ ਰਹਿਮ ਕਰਨ ਵਾਲਾ ਤੇ ਛੁਟਕਾਰਾ ਦਿਵਾਉਣ ਵਾਲਾ ਹੈ। ਤੂੰ ਜੋ ਪਵਿੱਤਰ ਤੇ ਨਿਰਦੋਸ਼ ਹੈਂ। ਤੂੰ ਜੋ ਗੁਪਤ ਤੋਂ ਵੀ ਗੁਪਤ ਹੈਂ !

**ਕਿ ਅਫਵੁਲ ਗੁਨਾਹ ਹੈਂ।।**
**ਕਿ ਸ਼ਾਹਾਨ ਸ਼ਾਹ ਹੈਂ।।**
**ਕਿ ਕਾਰਨ ਕੁਨਿੰਦ ਹੈਂ।।**
**ਕਿ ਰੋਜ਼ੀ ਦਿਹੰਦ ਹੈਂ।। ੧੦੯।।**

ਤੂੰ ਜੋ ਅਪਰਾਧ ਬਖਸ਼ਣ ਵਾਲਾ ਹੈਂ। ਜੋ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ। ਜੋ ਕਾਰਨਾਂ ਦੇ ਕਰਨ ਵਾਲਾ ਹੈਂ। ਜੋ

ਰੋਜ਼ੀ ਦੇਣ ਵਾਲਾ ਹੈਂ।

**ਕਿ ਰਾਜ਼ਕ ਰਹੀਮ ਹੈਂ।। ਕਿ ਕਰਮੰ ਕਰੀਮ ਹੈਂ।।**
**ਕਿ ਸਰਬੰ ਕਲੀ ਹੈਂ।।ਕਿ ਸਰਬੰ ਦਲੀ ਹੈਂ।।੧੧੦।।**

ਤੂੰ ਜੋ ਰਿਜ਼ਕ ਦੇਣ ਵਾਲਾ ਦਿਆਲੂ ਹੈਂ। ਜੋ ਬਖਸ਼ਸ਼ਾਂ ਕਰਨ ਵਾਲਾ ਬਖ਼ਸ਼ਿੰਦ ਹੈਂ। ਤੂੰ ਸਭ ਨੂੰ ਤਾਕਤ ਦੇਣ ਵਾਲਾ ਹੈਂ। ਤੂੰ ਸਭ ਨੂੰ ਦਲਣ (ਨਾਸ ਕਰਨ) ਵਾਲਾ ਹੈਂ।

**ਕਿ ਸਰਬਤ੍ਰ ਮਾਨਿਯੈ।। ਕਿ ਸਰਬਤ੍ਰ ਦਾਨਿਯੈ।।**
**ਕਿ ਸਰਬੱਤ੍ਰ ਗਉਨੈ।।ਕਿ ਸਰਬਤ੍ਰ ਭਉਨੈ।।੧੧੧।।**

ਜੋ ਸਭ ਦਾ ਮਾਨ-ਯੋਗ ਹੈ। ਜੋ ਸਭ ਨੂੰ ਦੇਣ ਵਾਲਾ ਹੈ। ਜੋ ਸਭ ਥਾਈਂ ਪਹੁੰਚ ਵਾਲਾ ਹੈ। ਜੋ ਸਾਰਿਆਂ ਅਸਥਾਨਾਂ 'ਤੇ ਹੈ।

**ਕਿ ਸਰਬੱਤ੍ਰ ਦੇਸੈ।। ਕਿ ਸਰਬੱਤ੍ਰ ਭੇਸੈ।।**
**ਕਿ ਸਰਬੱਤ੍ਰ ਰਾਜੈ।। ਕਿ ਸਰਬਤ੍ਰ ਸਾਜੈ।।੧੧੨।।**

ਜੋ ਸਭਨਾਂ ਦੇਸ਼ਾਂ ਵਿੱਚ ਹੈ। ਜੋ ਸਾਰੇ ਭੇਖਾਂ ਵਿੱਚ ਹੈ। ਜੋ ਸਾਰੇ ਰਾਜਾਂ ਵਿੱਚ ਹੈ। ਜੋ ਸਭ ਨੂੰ ਸਾਜਦਾ ਹੈ।

**ਕਿ ਸਰਬਤ੍ਰ ਦੀਨੈ।। ਕਿ ਸਰਬਤ੍ਰ ਲੀਨੈ।।**
**ਕਿ ਸਰਬੱਤ੍ਰ ਜਾਹੋ।। ਕਿ ਸਰਬੱਤ੍ਰ ਭਾਹੋ।।੧੧੩।।**

ਜੋ ਸਭ ਨੂੰ ਦੇਣ ਵਾਲਾ ਹੈ। ਜੋ ਸਰਬ ਥਾਈਂ ਵਿਆਪਕ ਹੈ। ਜੋ ਸਭ ਥਾਵਾਂ 'ਤੇ ਹੈ। ਜੋ ਸਭ ਥਾਈਂ ਪ੍ਰਕਾਸ਼ਮਾਨ ਹੈ।

**ਕਿ ਸਰਬਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥**
**ਕਿ ਸਰਬੱਤ੍ਰ ਕਾਲੈ॥ ਕਿ ਸਰਬਤ੍ਰ ਪਾਲੈ॥੧੧੪॥**

ਜੋ ਸਭ ਦੇਸ਼ਾਂ ਵਿੱਚ ਹੈ। ਜੋ ਸਭ ਭੇਖਾਂ ਵਿੱਚ ਹੈ। ਜੋ ਸਭ ਦਾ ਕਾਲ ਹੈ। ਜੋ ਸਭ ਦੀ ਪਾਲਣਾ ਕਰਨ ਵਾਲਾ ਹੈ।

**ਕਿ ਸਰਬੱਤ੍ਰ ਹੰਤਾ॥ ਕਿ ਸਰਬੱਤ੍ਰ ਗੰਤਾ॥**
**ਕਿ ਸਰਬੱਤ੍ਰ ਭੇਖੀ॥ ਕਿ ਸਰਬਤ੍ਰ ਪੇਖੀ॥੧੧੫॥**

ਜੋ ਸਭ ਨੂੰ ਮਾਰਨ ਵਾਲਾ ਹੈ। ਜੋ ਸਭ ਨੂੰ ਜਾਣਦਾ ਹੈ। ਜੋ ਸਾਰੇ ਭੇਖਾਂ ਵਾਲਾ ਹੈ। ਜੋ ਸਭ ਨੂੰ ਦੇਖਦਾ ਹੈ।

**ਕਿ ਸਰਬਤ੍ਰ ਕਾਜੈ॥ ਕਿ ਸਰਬੱਤ੍ਰ ਰਾਜੈ॥**
**ਕਿ ਸਰਬੱਤ੍ਰ ਸੋਖੈ॥ ਕਿ ਸਰਬਤ੍ਰ ਪੋਖੈ॥੧੧੬॥**

ਜੋ ਸਭ ਕੰਮਾਂ ਵਿੱਚ ਹੈ। ਜੋ ਸਭ ਥਾਈਂ ਸ਼ੋਭ ਰਿਹਾ ਹੈ। ਜੋ ਸਭ ਨੂੰ ਸੁਕਾਂਦਾ ਹੈ। ਜੋ ਸਭ ਨੂੰ ਪਾਲਦਾ ਹੈ।

**ਕਿ ਸਰਬੱਤ੍ਰ ਤ੍ਰਾਣੈ॥ ਕਿ ਸਰਬਤ੍ਰ ਪ੍ਰਾਣੈ॥**
**ਕਿ ਸਰਬੱਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥੧੧੭॥**

ਜੋ ਸਭਨਾਂ ਦੀ ਸ਼ਕਤੀ ਹੈ। ਜੋ ਸਭ ਦੀ ਜੀਵਨ ਰੌ

ਹੈ। ਜੋ ਸਭ ਥਾਂ ਮੌਜੂਦ ਹੈ। ਜੋ ਸਭ ਭੇਸਾਂ ਵਿੱਚ ਹੈ।

**ਕਿ ਸਰਬੱਤ੍ਰ ਮਾਨਿਯੈਂ॥**
**ਸਦੈਵੰ ਪ੍ਰਧਾਨਿਯੈਂ॥**
**ਕਿ ਸਰਬੱਤ੍ਰ ਜਾਪਿਯੈ॥**
**ਕਿ ਸਰਬੱਤ੍ਰ ਥਾਪਿਯੈ॥ ੧੧੮॥**

ਜੋ ਸਭ ਥਾਈਂ ਪੂਜਿਆ ਜਾਂਦਾ ਹੈ। ਜੋ ਸਦਾ ਹੀ ਪ੍ਰਧਾਨ ਹੈ। ਜੋ ਸਭ ਥਾਈਂ ਜਪਿਆ ਜਾ ਰਿਹਾ ਹੈ। ਜੋ ਸਭ ਥਾਈਂ ਕਾਇਮ ਹੈ।

**ਕਿ ਸਰਬੱਤ੍ਰ ਭਾਨੈ॥ ਕਿ ਸਰਬੱਤ੍ਰ ਮਾਨੈ॥**
**ਕਿ ਸਰਬੱਤ੍ਰ ਇੰਦ੍ਰੈ॥ ਕਿ ਸਰਬੱਤ੍ਰ ਚੰਦ੍ਰੈ॥ ੧੧੯॥**

ਜੋ ਸਭ ਥਾਂ ਪ੍ਰਕਾਸ਼ਕ ਹੈ। ਜੋ ਸਭ ਥਾਈਂ ਮਾਨ ਪਾਉਂਦਾ ਹੈ। ਜੋ ਸਭਨਾਂ ਦਾ ਰਾਜਾ ਹੈ। ਜੋ ਸਭਨਾ ਦਾ ਚੰਦਰਮਾ ਹੈ।

**ਕਿ ਸਰਬੰ ਕਲੀਮੈ॥**
**ਕਿ ਪਰਮੰ ਫ਼ਹੀਮੈ॥**
**ਕਿ ਆਕਲ ਅਲਾਮੈ॥**
**ਕਿ ਸਾਹਿਬ ਕਲਾਮੈ॥ ੧੨੦॥**

ਜੋ ਸਭ ਵਿੱਚ ਬੋਲਣ ਵਾਲਾ ਹੈ। ਜੋ ਵੱਡਾ ਬੁੱਧੀਮਾਨ

ਹੈ। ਜੋ ਦਾਨਾ ਤੇ ਵਿਦਵਾਨ ਹੈ। ਜੋ ਬੋਲੀਆਂ ਦਾ ਮਾਲਕ ਹੈ।

**ਕਿ ਹੁਸਨਲ ਵਜੂ ਹੈਂ।। ਤਮਾਮੁਲ ਰੁਜੂ ਹੈਂ।।**
**ਹਮੇਸੁਲ ਸਲਾਮੈਂ।। ਸਲੀਖਤ ਮੁਦਾਮੈਂ।। ੧੨੧।।**

ਤੂੰ ਜੋ ਸੁੰਦਰ ਸਰੂਪ ਹੈਂ। (ਜਿਸ ਦਾ) ਸਭ ਵਲ ਧਿਆਨ ਹੈ। ਸਦਾ ਹੀ ਸਲਾਮਤ ਹੈਂ। ਸਦਾ ਹੀ ਨਿਪੁੰਨ ਹੈਂ।

**ਗ਼ਨੀਮੁਲ ਸ਼ਿਕਸਤੇ।। ਗ਼ਰੀਬੁਲ ਪਰਸਤੇ।।**
**ਬਿਲੰਦੁਲ ਮਕਾਨੈਂ।। ਜ਼ਿਮੀਨੁਲ ਜ਼ਮਾਨੇ।।੧੨੨।।**

ਵੈਰੀਆਂ ਨੂੰ ਹਾਰ ਦੇਣ ਵਾਲਾ ਹੈਂ। ਗਰੀਬਾਂ ਦਾ ਪੱਖ ਕਰਨ ਵਾਲਾ ਹੈਂ। ਉੱਚੇ ਟਿਕਾਣੇ ਵਾਲਾ ਹੈਂ। ਸਾਰੇ ਜਗਤ ਵਿਚ ਪਸਰਿਆ ਹੋਇਆ ਹੈਂ।

**ਤਮੀਜ਼ੁਲ ਤਮਾਮੈਂ।। ਰੁਜੂਅਲ ਨਿਧਾਨੈਂ।।**
**ਹਰੀਫੁਲ ਅਜੀਮੈਂ।। ਰਜ਼ਾਇਕ ਯਕੀਨੈਂ।।੧੨੩।।**

ਤੈਨੂੰ ਸਭ ਦੀ ਪਛਾਣ ਹੈ। ਸਭ ਦਾ ਧਿਆਨ ਰੱਖਣ ਦੀ ਰੁਚੀ ਦਾ ਖਜ਼ਾਨਾ ਹੈਂ। ਮਹਾਨ ਮਿੱਤਰ ਹੈਂ। ਸੱਚ-ਮੁੱਚ ਹੀ ਰੋਜ਼ੀ ਦੇਣ ਵਾਲਾ ਹੈ।

**ਅਨੇਕੁਲ ਤਰੰਗ ਹੈਂ॥**
**ਅਭੇਦ ਹੈਂ ਅਭੰਗ ਹੈਂ॥**
**ਅਜ਼ੀਜ਼ੁਲ ਨਿਵਾਜ਼ ਹੈਂ॥**
**ਗ਼ਨੀਮੁਲ ਖ਼ਿਰਾਜ ਹੈਂ॥ ੧੨੪॥**

ਅਨੇਕਾਂ ਲਹਿਰਾਂ ਵਾਲਾ ਹੈਂ। ਭੇਦ ਤੋਂ ਬਿਨਾਂ ਹੈਂ ਤੇ ਨਾਸ ਰਹਿਤ ਹੈਂ। ਆਪਣੇ ਪਿਆਰਿਆਂ ਨੂੰ ਮਾਣ ਦੇਣ ਵਾਲਾ ਹੈਂ। ਵੈਰੀਆਂ ਨੂੰ ਦੰਡ ਲਾਉਂਦਾ ਹੈਂ।

**ਨਿਰੁਕਤ ਸਰੂਪ ਹੈਂ॥ ਤ੍ਰਿਮੁਕਤਿ ਬਿਭੂਤ ਹੈਂ॥**
**ਪ੍ਰਭੁਗਤਿ ਪ੍ਰਭਾ ਹੈਂ॥ ਸੁਜੁਗਤਿ ਸੁਧਾ ਹੈਂ॥ ੧੨੫॥**

ਕਥਨ ਨਾ ਕੀਤੇ ਜਾਣ ਵਾਲਾ ਸਰੂਪ ਹੈਂ। ਤਿੰਨ ਗੁਣਾਂ ਤੋਂ ਨਿਰਾਲੇ ਸੰਪਦਾ ਵਾਲਾ ਸਰੂਪ ਹੈਂ। ਚੰਗੀ ਤਰ੍ਹਾਂ ਮਾਣੇ ਜਾਣ ਵਾਲਾ ਪ੍ਰਕਾਸ਼ ਹੈਂ। ਸਭ ਨਾਲ ਭਲੀ-ਭਾਂਤ ਮਿਲਿਆ ਹੋਇਆ ਹੈਂ।

**ਸਦੈਵੰ ਸਰੂਪ ਹੈਂ॥**
**ਅਭੇਦੀ ਅਨੂਪ ਹੈਂ॥**
**ਸਮਸਤੋ ਪਰਾਜ ਹੈਂ॥**
**ਸਦਾ ਸਰਬ ਸਾਜ ਹੈਂ॥ ੧੨੬॥**

ਨਿੱਤ ਰਹਿਣ ਵਾਲਾ ਸਰੂਪ ਹੈਂ। ਭੇਦ ਤੋਂ ਬਿਨਾਂ ਤੇ ਉਪਮਾ ਤੋਂ ਰਹਿਤ ਹੈਂ। ਸਭ ਨੂੰ ਪੈਦਾ ਕਰਨ ਵਾਲਾ ਹੈਂ। ਹਮੇਸ਼ਾ ਹੀ ਸਾਰਿਆਂ ਨੂੰ ਸਾਜਣ ਵਾਲਾ ਹੈਂ।

**ਸਮਸਤੁਲ ਸਲਾਮ ਹੈਂ॥**
**ਸਦੈਵਲ ਅਕਾਮ ਹੈਂ॥**
**ਨ੍ਰਿਬਾਧ ਸਰੂਪ ਹੈਂ॥**
**ਅਗਾਧ ਹੈਂ ਅਨੂਪ ਹੈਂ॥ ੧੨੭॥**

ਸਭ ਵਿੱਚ ਕਾਇਮ ਹੈਂ। ਸਦਾ ਹੀ ਕਾਮਨਾ ਤੋਂ ਰਹਿਤ ਹੈਂ। ਅਕੱਟ ਸਰੂਪ ਵਾਲਾ ਹੈਂ। ਅਥਾਹ ਹੈਂ, ਅਤੀ ਸੁੰਦਰ ਹੈਂ।

**ਓਅੰ ਆਦਿ ਰੂਪੇ॥ ਅਨਾਦਿ ਸਰੂਪੈ॥**
**ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥ ੧੨੮॥**

ਓਅੰਕਾਰ ਦਾ ਮੁੱਢ ਰੂਪ ਹੈਂ। ਪਰ ਤੇਰੇ ਸਰੂਪ ਦਾ ਕੋਈ ਮੁੱਢ ਨਹੀਂ। ਦੇਹ ਤੋਂ ਰਹਿਤ ਹੈਂ। ਖਾਸ ਨਾਮ ਵਾਲਾ ਨਹੀਂ ਹੈ। ਤਿੰਨਾਂ ਭਵਨਾਂ ਦੀ ਕਾਮਨਾ ਪੂਰੀ ਕਰਨ ਵਾਲਾ ਹੈਂ।

**ਤ੍ਰਿਬਰਗੰ ਤ੍ਰਿਬਾਧੇ॥ ਅਗੰਜੇ ਅਗਾਧੇ॥**
**ਸੁਭੰ ਸਰਬ ਭਾਗੇ॥ ਸੁ ਸਰਬਾ ਅਨੁਰਾਗੇ॥ ੧੨੯॥**

ਤਿੰਨ ਗੁਣਾਂ ਵਿੱਚ ਤਿੰਨ ਲੋਕਾਂ ਨੂੰ ਬੰਨ੍ਹਣ ਵਾਲਾ ਹੈਂ। ਤੂੰ ਨਾਸ ਰਹਿਤ ਤੇ ਅਥਾਹ ਹੈਂ। ਸਾਰਿਆਂ ਦੇ ਭਾਗਾਂ ਨੂੰ ਪ੍ਰਕਾਸ਼ਣ ਵਾਲਾ ਹੈਂ। ਸਭ ਨੂੰ ਪਿਆਰ ਕਰਨ ਵਾਲਾ ਹੈਂ।

**ਤ੍ਰਿਭੁਗਤ ਸਰੂਪ ਹੈਂ॥**
**ਅਛਿੱਜ ਹੈਂ ਅਛੂਤ ਹੈਂ॥**
**ਕਿ ਨਰਕੰ ਪ੍ਰਣਾਸ ਹੈਂ॥**
**ਪ੍ਰਿਥੀਉਲ ਪ੍ਰਵਾਸ ਹੈਂ॥ ੧੩੦॥**

ਤੂੰ ਤਿੰਨਾਂ ਲੋਕਾਂ ਨੂੰ ਭੋਗਣਹਾਰ ਹੈਂ। ਨਾਸ ਰਹਿਤ ਤੇ ਅਛੋਹ ਹੈਂ। ਨਰਕ ਨੂੰ ਨਾਸ ਕਰਨ ਵਾਲਾ ਹੈਂ। ਪ੍ਰਿਥਵੀ ਵਿੱਚ ਪੂਰਨ ਵਸ ਰਿਹਾ ਹੈਂ।

**ਨਿਰੁਕਤਿ ਪ੍ਰਭਾ ਹੈਂ॥**
**ਸਦੈਵੰ ਸਦਾ ਹੈਂ॥**
**ਬਿਭੁਗਤਿ ਸਰੂਪ ਹੈਂ॥**
**ਪ੍ਰਜੁਗਤਿ ਅਨੂਪ ਹੈਂ॥ ੧੩੧॥**

ਨਾ ਕਥਨ ਕੀਤੇ ਜਾਣ ਵਾਲੀ ਸੋਭਾ ਵਾਲਾ ਹੈਂ। ਸਦਾ ਹੀ ਨਿੱਤ ਹੈਂ, ਭਿੰਨ-ਭਿੰਨ ਸਰੂਪ ਵਾਲਾ ਹੈਂ। ਸਭ ਨਾਲ ਮਿਲਿਆ ਹੋਇਆ ਤੇ ਉਪਮਾ ਤੋਂ ਰਹਿਤ ਹੈਂ।

**ਨਿਰੁਕਤਿ ਸਦਾ ਹੈਂ॥**
**ਬਿਭੁਗਤਿ ਪ੍ਰਭਾ ਹੈਂ॥**
**ਅਨਉਕਤਿ ਸਰੂਪ ਹੈਂ॥**
**ਪ੍ਰਜੁਗਤਿ ਅਨੂਪ ਹੈਂ॥ ੧੩੨॥**

ਸਦਾ ਹੀ ਕਥਨ ਤੋਂ ਪਰੇ ਹੈਂ। ਭਿੰਨ-ਭਿੰਨ ਤਰ੍ਹਾਂ ਦੀ ਸੋਭਾ ਵਾਲਾ ਹੈਂ। ਕਥਨ ਰਹਿਤ ਸਰੂਪ ਵਾਲਾ ਹੈਂ। ਸਭ ਨਾਲ ਮਿਲਿਆ ਹੋਇਆ ਤੇ ਉਪਮਾ ਤੋਂ ਰਹਿਤ ਹੈਂ।

**ਚਾਚਰੀ ਛੰਦ॥**

ਛੰਦ ਦਾ ਨਾਮ ਹੈ।

**ਅਭੰਗ ਹੈਂ॥ ਅਨੰਗ ਹੈਂ॥**
**ਅਭੇਖ ਹੈਂ॥ ਅਲੇਖ ਹੈਂ॥ ੧੩੩॥**

ਨਾਸ ਰਹਿਤ ਹੈਂ। ਸਰੀਰ ਤੋਂ ਬਿਨਾਂ ਹੈਂ। ਭੇਖ ਤੋਂ ਬਿਨਾਂ ਹੈਂ। ਲੇਖੇ ਤੋਂ ਬਾਹਰ ਹੈਂ।

**ਅਭਰਮ ਹੈਂ॥ ਅਕਰਮ ਹੈਂ॥**
**ਅਨਾਦਿ ਹੈਂ॥ ਜੁਗਾਦਿ ਹੈਂ॥ ੧੩੪॥**

ਭਰਮ ਤੋਂ ਰਹਿਤ ਹੈਂ। ਕਰਮ ਤੋਂ ਬਿਨਾਂ ਹੈਂ॥ ਮੁੱਢ ਤੋਂ ਰਹਿਤ ਹੈਂ। ਜੁਗਾਂ ਦਾ ਮੁੱਢ ਹੈਂ।

**ਅਜੇ ਹੈਂ॥ ਅਭੈ ਹੈਂ॥**
**ਅਭੂਤ ਹੈਂ॥ ਅਧੂਤ ਹੈਂ॥ ੧੩੫॥**

ਜਿੱਤਿਆ ਨਹੀਂ ਜਾਂਦਾ ਹੈਂ। ਨਾਸ ਰਹਿਤ ਹੈਂ। ਤੱਤਾਂ ਤੋਂ ਬਿਨਾਂ ਹੈਂ। ਨਿਰਭੈ ਹੈਂ।

**ਅਨਾਸ ਹੈਂ॥ ਉਦਾਸ ਹੈਂ॥**
**ਅਧੰਧ ਹੈਂ॥ ਅਬੰਧ ਹੈਂ॥ ੧੩੬॥**

ਨਾਸ ਰਹਿਤ ਹੈਂ। ਨਿਰਲੇਪ ਹੈਂ। ਧੰਦਿਆਂ ਤੋਂ ਰਹਿਤ ਹੈਂ। ਬੰਧਨਾਂ ਤੋਂ ਮੁਕਤ ਹੈਂ।

**ਅਭਗਤ ਹੈਂ॥ ਬਿਰਕਤ ਹੈਂ॥**
**ਅਨਾਸ ਹੈਂ॥ ਪ੍ਰਕਾਸ ਹੈਂ॥ ੧੩੭॥**

ਸੰਪੂਰਨ ਹੈਂ। ਰੰਗ ਤੋਂ ਬਿਨਾਂ ਹੈਂ। ਨਾਸ ਰਹਿਤ ਹੈਂ। ਚਾਨਣ ਰੂਪ ਹੈਂ।

**ਨਿਚਿੰਤ ਹੈਂ॥ ਸੁਨਿੰਤ ਹੈਂ॥**
**ਅਲਿੱਖ ਹੈਂ॥ ਅਦਿੱਖ ਹੈਂ॥ ੧੩੮॥**

ਚਿੰਤਾਂ ਤੋਂ ਰਹਿਤ ਹੈਂ। ਸਦਾ ਕਾਇਮ ਹੈਂ। ਲਿਖਿਆ ਨਹੀਂ ਜਾ ਸਕਦਾ। ਦੇਖਿਆ ਨਹੀਂ ਜਾ ਸਕਦਾ।

**ਅਲੇਖ ਹੈਂ॥ ਅਭੇਖ ਹੈਂ॥**
**ਅਢਾਹ ਹੈਂ॥ ਅਗਾਹ ਹੈਂ॥ ੧੩੯॥**

ਲੇਖੇ ਤੋਂ ਬਾਹਰ ਹੈਂ। ਭੇਖ ਤੋਂ ਰਹਿਤ ਹੈਂ। ਡੇਗਿਆ ਨਹੀਂ ਜਾ ਸਕਦਾ। ਅਥਾਹ ਹੈਂ।

**ਅਸੰਭ ਹੈਂ॥ ਅਗੰਭ ਹੈਂ॥**
**ਅਨੀਲ ਹੈਂ॥ ਅਨਾਦਿ ਹੈਂ॥ ੧੪੦॥**

ਜਨਮ ਰਹਿਤ ਹੈਂ। ਪਹੁੰਚ ਤੋਂ ਪਰੇ ਹੈਂ। ਗਿਣਤੀ ਤੋਂ ਪਰੇ ਹੈਂ। ਸ਼ਬਦ ਰਹਿਤ ਹੈਂ।

**ਅਨਿੱਤ ਹੈਂ॥ ਸੁਨਿੱਤ ਹੈਂ॥**
**ਅਜਾਤ ਹੈਂ॥ ਅਜਾਦ ਹੈਂ॥ ੧੪੧॥**

ਕਿਸੇ ਦਾ ਨੀਅਤ ਕੀਤਾ ਹੋਇਆ ਨਹੀਂ ਹੈਂ। ਸਦਾ ਰਹਿਣ ਵਾਲਾ ਹੈਂ। ਜਨਮ ਤੋਂ ਰਹਿਤ ਹੈਂ। ਸੁਤੰਤਰ ਹੈਂ।

**ਚਰਪਟ ਛੰਦ॥**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ॥**

ਤੇਰੀ ਕਿਰਪਾ ਨਾਲ (ਬਾਣੀ ਉਚਾਰਦਾ ਹਾਂ)।

**ਸਰਬੰ ਹੰਤਾ॥ ਸਰਬੰ ਗੰਤਾ॥**
**ਸਰਬੰ ਖਿਆਤਾ॥ ਸਰਬੰ ਗਿਆਤਾ॥ ੧੪੨॥**

ਸਭ ਨੂੰ ਮਾਰਨ ਵਾਲਾ ਹੈਂ। ਸਭ ਤਕ ਜਾਣ ਵਾਲਾ ਹੈਂ। ਸਭ ਵਿੱਚ ਪ੍ਰਗਟ ਹੈਂ। ਸਭ ਦਾ ਜਾਣੂੰ ਹੈਂ।

**ਸਰਬੰ ਹਰਤਾ॥ ਸਰਬੰ ਕਰਤਾ॥**
**ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥ ੧੪੩॥**

ਸਭ ਨੂੰ ਨਾਸ ਕਰਨ ਵਾਲਾ ਹੈਂ। ਸਭ ਨੂੰ ਬਨਾਉਣ ਵਾਲਾ ਹੈਂ। ਸਭ ਦੀ ਜਿੰਦ-ਜਾਨ ਹੈਂ। ਸਭ ਦੀ ਸੱਤਿਆ ਹੈਂ।

**ਸਰਬੰ ਕਰਮੰ॥ ਸਰਬੰ ਧਰਮੰ॥**
**ਸਰਬੰ ਜੁਗਤਾ॥ ਸਰਬੰ ਮੁਕਤਾ॥ ੧੪੪॥**

ਸਭ ਕੰਮਾਂ ਵਿੱਚ ਹੈਂ। ਸਭ ਧਰਮਾਂ ਵਿੱਚ ਹੈਂ। ਸਭ ਨਾਲ ਜੁੜਿਆ ਹੋਇਆ ਹੈਂ। ਸਭ ਤੋਂ ਨਿਰਲੇਪ ਵੀ ਹੈਂ।

**ਰਸਾਵਲ ਛੰਦ॥**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ॥**

ਤੇਰੀ ਕਿਰਪਾ ਨਾਲ (ਬਾਣੀ ਉਚਾਰਦਾ ਹਾਂ)।

**ਨਮੋ ਨਰਕ ਨਾਸੇ॥ ਸਦੈਵੰ ਪ੍ਰਕਾਸੇ॥**
**ਅਨੰਗੰ ਸਰੂਪੇ॥ ਅਭੰਗੰ ਬਿਭੂਤੇ॥੧੪੫॥**

ਨਮਸਕਾਰ ਹੈ ਜੋ ਨਰਕਾਂ ਦਾ ਨਾਸ ਕਰਨ ਵਾਲਾ ਹੈ। ਜੋ ਹਮੇਸ਼ਾ ਚਾਨਣ ਸਰੂਪ ਹੈ। ਜੋ ਅੰਗਾਂ ਤੋਂ ਰਹਿਤ ਸਰੂਪ ਵਾਲਾ ਹੈ। ਜੋ ਨਾਸ ਰਹਿਤ ਸੰਪਦਾ ਵਾਲਾ ਹੈ।

**ਪ੍ਰਮਾਥੰ ਪ੍ਰਮਾਥੇ॥ ਸਦਾ ਸਰਬ ਸਾਥੇ॥**
**ਅਗਾਧ ਸਰੂਪੇ॥ ਨ੍ਰਿਬਾਧ ਬਿਭੂਤੇ॥੧੪੬॥**

ਜੋ ਦੁੱਖ ਦੇਣ ਵਾਲਿਆਂ ਦਾ ਨਾਸ ਕਰਨ ਵਾਲਾ ਹੈ। ਜੋ ਸਦਾ ਹੀ ਸਭ ਦੇ ਨਾਲ ਹੈ। ਜਿਸ ਦੀ ਹਸਤੀ ਅਥਾਹ ਹੈ। ਜੋ ਬੰਧਨ ਤੋਂ ਰਹਿਤ ਤੇਜ ਪ੍ਰਤਾਪ ਵਾਲਾ ਹੈ।

**ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥**
**ਨ੍ਰਿਭੰਗੀ ਸਰੂਪੇ॥ ਸਰਬੰਗੀ ਅਨੂਪੇ॥੧੪੭॥**

ਜੋ ਅੰਗਾਂ ਤੋਂ ਰਹਿਤ ਤੇ ਖਾਸ ਨਾਮ ਵਾਲਾ ਨਹੀਂ। ਜੋ ਤਿੰਨਾਂ (ਲੋਕਾਂ) ਦਾ ਨਾਸ਼ਕ ਤੇ ਤਿੰਨਾਂ ਦਾ ਉਤਪਤ ਕਰਨ ਵਾਲਾ ਹੈ। ਜੋ ਨਾਸ ਰਹਿਤ ਹਸਤੀ ਵਾਲਾ ਹੈ। ਜੋ ਸਭ ਅੰਗਾਂ ਤੇ ਉਪਮਾ ਤੋਂ ਰਹਿਤ ਹੈ।

**ਨ ਪੋਤ੍ਰੈ ਨ ਪੁੱਤ੍ਰੈ।। ਨ ਸੱਤ੍ਰੈ ਨ ਮਿਤ੍ਰੈ।।**
**ਨ ਤਾਤੇ ਨ ਮਾਤੇ।। ਨ ਜਾਤੇ ਨ ਪਾਤੇ।। ੧੪੮।।**

ਜਿਸ ਦਾ ਨਾ ਪੋਤ੍ਰਾ ਹੈ, ਨਾ ਪੁੱਤਰ ਹੈ। ਨਾ ਵੈਰੀ ਹੈ, ਨਾ ਮਿੱਤਰ ਹੈ। ਨਾ ਪਿਤਾ ਹੈ, ਨਾ ਮਾਤਾ ਹੈ। ਨਾ ਜਾਤਿ ਹੈ, ਨਾ ਬਿਰਾਦਰੀ ਹੈ।

**ਨ੍ਰਿਸਾਕੰ ਸਰੀਕ ਹੈਂ।। ਅਮਿਤੋ ਅਮੀਕ ਹੈਂ।।**
**ਸਦੈਵੰ ਪ੍ਰਭਾ ਹੈਂ।। ਅਜੈ ਹੈਂ ਅਜਾ ਹੈਂ।। ੧੪੯।।**

ਜੋ ਸਾਕ ਤੇ ਸ਼ਰੀਕ ਤੋਂ ਰਹਿਤ ਹੈ। ਜੋ ਬੇਅੰਤ ਤੇ ਅਥਾਹ ਹੈ। ਨਿੱਤ ਹੀ ਪ੍ਰਕਾਸ਼ ਰੂਪ ਹੈ। ਜੋ ਜਿੱਤਿਆ ਨਹੀਂ ਜਾਂਦਾ ਤੇ ਜਨਮ ਵਿੱਚ ਨਹੀਂ ਆਉਂਦਾ।

**ਭਗਵਤੀ ਛੰਦ।।**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ।।**

ਤੇਰੀ ਕਿਰਪਾ ਨਾਲ (ਬਾਣੀ ਉਚਾਰਦਾ ਹਾਂ)।

**ਕਿ ਜ਼ਾਹਰ ਜ਼ਹੂਰ ਹੈਂ।।**
**ਕਿ ਹਾਜ਼ਰ ਹਜ਼ੂਰ ਹੈਂ।।**
**ਹਮੇਸੁਲ ਸਲਾਮ ਹੈਂ।।**
**ਸਮਸਤੁਲ ਕਲਾਮ ਹੈਂ।। ੧੫੦।।**

ਤੂੰ ਜੋ ਪ੍ਰਗਟ ਰੂਪ ਹੈਂ। ਨੇੜੇ ਤੇ ਸਾਹਮਣੇ ਹੈਂ। ਸਦਾ ਕਾਇਮ ਰਹਿਣ ਵਾਲਾ ਹੈਂ। ਸਭਨਾਂ ਵਿੱਚ ਬੋਲਦਾ ਹੈਂ।

**ਕਿ ਸਾਹਿਬ ਦਿਮਾਗ਼ ਹੈਂ॥**
**ਕਿ ਹੁਸਨਲ ਚਰਾਗ਼ ਹੈਂ॥**
**ਕਿ ਕਾਮਲ ਕਰੀਮ ਹੈਂ॥**
**ਕਿ ਰਾਜ਼ਕ ਰਹੀਮ ਹੈਂ॥ ੧੫੧॥**

ਤੂੰ ਜੋ ਉੱਚੀ ਸਮਝ ਦਾ ਮਾਲਕ ਹੈਂ। ਸੁੰਦਰਤਾ ਦੀ ਜੋਤਿ ਹੈਂ। ਪੂਰਾ ਬਖ਼ਸ਼ਿੰਦ ਹੈਂ। ਰੋਜ਼ੀ ਦੇਣ ਵਾਲਾ ਦਿਆਲੂ ਹੈਂ।

**ਕਿ ਰੋਜ਼ੀ ਦਿਹਿੰਦ ਹੈਂ॥**
**ਕਿ ਰਾਜ਼ਕ ਰਹਿੰਦ ਹੈਂ॥**
**ਕਰੀਮੁਲ ਕਮਾਲ ਹੈਂ॥**
**ਕਿ ਹੁਸਨਲ ਜਮਾਲ ਹੈਂ॥ ੧੫੨॥**

ਤੂੰ ਜੋ ਕਿ ਰੋਜ਼ੀ ਦੇਣ ਵਾਲਾ ਹੈਂ। ਜੋ ਰਿਜ਼ਕ ਦਾ ਦਾਤਾ ਤੇ ਸਦਾ ਰਹਿਣ ਵਾਲਾ ਹੈਂ। ਪੂਰਨ ਕ੍ਰਿਪਾਲੂ ਹੈਂ ਅਤੇ ਬਹੁਤ ਹੀ ਸੁੰਦਰ ਹੈਂ।

**ਗ਼ਨੀਮੁਲ ਖ਼ਿਰਾਜ ਹੈਂ॥**
**ਗ਼ਰੀਬੁਲ ਨਿਵਾਜ਼ ਹੈਂ॥**
**ਹਰੀਫ਼ੁਲ ਸ਼ਿਕੰਨ ਹੈਂ॥**
**ਹਿਰਾਸੁਲ ਫਿਕੰਨ ਹੈਂ॥ ੧੫੩॥**

ਤੂੰ ਵੈਰੀਆਂ ਨੂੰ ਦੰਡ ਦੇਣ ਵਾਲਾ ਹੈਂ। ਗਰੀਬਾਂ ਨੂੰ ਉੱਚਾ ਕਰਦਾ ਹੈਂ। ਦੁਸ਼ਮਣਾਂ ਦਾ ਨਾਸ ਕਰਨ ਵਾਲਾ ਹੈਂ। ਡਰ ਦੂਰ ਕਰਨ ਵਾਲਾ ਹੈਂ।

**ਕਲੰਕੰ ਪ੍ਰਣਾਸ ਹੈਂ॥**
**ਸਮਸਤੁਲ ਨਿਵਾਸ ਹੈਂ॥**
**ਅਗੰਜੁਲ ਗ਼ਨੀਮ ਹੈਂ॥**
**ਰਜਾਇਕ ਰਹੀਮ ਹੈਂ॥ ੧੫੪॥**

ਕਲੰਕਾਂ ਦਾ ਨਾਸ ਕਰਤਾ ਹੈਂ। ਸਭ ਥਾਈਂ ਵਸਦਾ ਹੈਂ। ਵੈਰੀਆਂ ਤੋਂ ਜਿੱਤੇ ਜਾਣ ਵਾਲਾ ਨਹੀਂ ਹੈਂ। ਰੋਜ਼ੀ ਦੇਣ ਵਾਲਾ ਕ੍ਰਿਪਾਲੂ ਹੈਂ।

**ਸਮਸਤੁਲ ਜ਼ੁਬਾਂ ਹੈਂ॥**
**ਕਿ ਸਾਹਿਬ ਕਿਰਾਂ ਹੈਂ॥**
**ਕਿ ਨਰਕੰ ਪ੍ਰਣਾਸ ਹੈਂ॥**
**ਬਹਿਸਤੁਲ ਨਿਵਾਸ ਹੈਂ॥ ੧੫੫॥**

ਸਾਰੀਆਂ ਬੋਲੀਆਂ ਦਾ ਮਾਲਕ ਹੈਂ। ਸਾਰੇ ਦੇਸ਼ਾਂ ਦਾ ਮਾਲਕ ਹੈਂ। ਨਰਕ ਨੂੰ ਨਾਸ ਕਰਨ ਵਾਲਾ ਹੈਂ। ਸੁਰਗ ਵਿੱਚ ਵਸਦਾ ਹੈ।

**ਕਿ ਸਰਬੁਲ ਗਵੰਨ ਹੈਂ।।**
**ਹਮੇਸੁਲ ਰਵੰਨ ਹੈਂ।।**
**ਤਮਾਮੁਲ ਤਮੀਜ ਹੈਂ।।**
**ਸਮਸਤੁਲ ਅਜੀਜ ਹੈਂ।। ੧੫੬।।**

ਤੂੰ ਜੋ ਸਭ ਤੱਕ ਪਹੁੰਚ ਵਾਲਾ ਹੈਂ। ਹਮੇਸ਼ਾ ਹੀ ਵਿਆਪਕ ਹੈਂ। ਸਭ ਦੀ ਸਮਝ ਰੱਖਦਾ ਹੈਂ। ਸਭ ਦਾ ਪਿਆਰਾ ਹੈਂ।

**ਪਰੰ ਪਰਮ ਈਸ ਹੈਂ।।**
**ਸਮਸਤੁਲ ਅਦੀਸ ਹੈਂ।।**
**ਅਦੇਸੁਲ ਅਲੇਖ ਹੈਂ।।**
**ਹਮੇਸੁਲ ਅਭੇਖ ਹੈਂ।। ੧੫੭।।**

ਸਭ ਤੋਂ ਵੱਡਾ ਮਾਲਕ ਹੈਂ। ਸਭਨਾਂ ਤੋਂ ਗੁਪਤ ਹੈਂ। ਦੇਸ਼ ਦੀ ਹੱਦ ਤੇ ਲੇਖੇ ਤੋਂ ਮੁਕਤ ਹੈਂ। ਸਦਾ ਹੀ ਭੇਖ ਰਹਿਤ ਹੈਂ।

ਜ਼ਮੀਨੁਲ ਜ਼ਮਾ ਹੈਂ॥
ਅਮੀਕੁਲ ਇਮਾ ਹੈਂ॥
ਕਰੀਮੁਲ ਕਮਾਲ ਹੈਂ॥
ਕਿ ਜੁਰਅਤਿ ਜਮਾਲ ਹੈਂ॥ ੧੫੮॥

ਧਰਤੀ ਤੇ ਆਕਾਸ਼ ਵਿੱਚ ਹੈਂ। ਗੰਭੀਰ ਧਰਮ ਵਾਲਾ ਹੈਂ। ਪੂਰਨ ਕਿਰਪਾਲੂ ਹੈਂ। ਸਾਹਸ ਦਾ ਜੋਬਨ ਹੈਂ।

ਕਿ ਅਚਲੰ ਪ੍ਰਕਾਸ ਹੈਂ॥
ਕਿ ਅਮਿਤੋ ਸੁਬਾਸ ਹੈਂ॥
ਕਿ ਅਜਬ ਸਰੂਪ ਹੈਂ॥
ਕਿ ਅਮਿਤੋ ਬਿਭੂਤ ਹੈਂ॥ ੧੫੯॥

ਤੂੰ ਜੋ ਅਚੱਲ ਪ੍ਰਕਾਸ਼ ਵਾਲਾ ਹੈਂ। ਅਮਿਣਵੀਂ ਸੁਗੰਧੀ ਵਾਲਾ ਹੈਂ। ਅਸਚਰਜ ਸਰੂਪ ਵਾਲਾ ਹੈਂ ਅਤੇ ਅਮਿਣਵੀਂ ਸੰਪਦਾ ਵਾਲਾ ਹੈਂ।

ਕਿ ਅਮਿਤੋ ਪਸਾ ਹੈਂ॥
ਕਿ ਆਤਮ ਪ੍ਰਭਾ ਹੈਂ॥
ਕਿ ਅਚਲੰ ਅਨੰਗ ਹੈਂ॥
ਕਿ ਅਮਿਤੋ ਅਭੰਗ ਹੈਂ॥ ੧੬੦॥

ਤੂੰ ਜੋ ਬੇਅੰਤ ਪਸਾਰੇ ਵਾਲਾ ਹੈਂ। ਆਪਣੇ ਆਪ ਪ੍ਰਕਾਸ਼ਮਾਨ ਹੈਂ। ਸਦਾ ਅਚੱਲ ਤੇ ਦੇਹ ਰਹਿਤ ਹੈਂ। ਮਿਣਤੀ ਤੋਂ ਬਾਹਰ ਤੇ ਨਾਸ ਰਹਿਤ ਹੈਂ।

**ਮਧੁਭਾਰ ਛੰਦ ॥**

ਇਹ ਛੰਦ ਦਾ ਨਾਮ ਹੈ।

**ਤ੍ਵ ਪ੍ਰਸਾਦਿ ॥**

ਤੇਰੀ ਕਿਰਪਾ ਨਾਲ (ਕਹਿੰਦਾ ਹਾਂ)।

**ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥**
**ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥ ੧੯੧ ॥**

ਜਿਸ ਨੂੰ ਮੁਨੀ ਮਨ ਕਰ ਕੇ ਪ੍ਰਣਾਮ ਕਰਦੇ ਹਨ। ਬੇਅੰਤ ਗੁਣਾਂ ਦਾ ਖ਼ਜ਼ਾਨਾ ਹੈ। ਵੈਰੀਆਂ 'ਤੇ ਭਾਰੂ ਤੇ ਨਾਸ-ਰਹਿਤ ਹੈ। ਬੰਦਿਆਂ ਦਾ ਮਾਲਕ ਤੇ ਨਾਸ ਕਰਨ ਵਾਲਾ ਹੈ।

**ਅਨਗਨ ਪ੍ਰਨਾਮ ॥ ਮੁਨਿ ਮਨਿ ਸਲਾਮ ॥**
**ਹਰਿ ਨਰ ਅਖੰਡ ॥ ਬਰ ਨਰ ਅਮੰਡ ॥ ੧੯੨ ॥**

ਜਿਸ ਨੂੰ ਅਨੇਕਾਂ ਨਮਸਕਾਰਾਂ ਕਰਦੇ ਹਨ। ਮੁਨੀ ਮਨ ਕਰ ਕੇ ਪ੍ਰਣਾਮ ਕਰਦੇ ਹਨ। ਬੰਦਿਆਂ ਦਾ ਮਾਲਕ ਤੇ

ਸੰਪੂਰਨ ਹੈ। ਮਨੁੱਖਾਂ ਤੋਂ ਸ੍ਰੇਸ਼ਟ ਤੇ ਕਿਸੇ ਦਾ ਥਾਪਿਆ ਹੋਇਆ ਨਹੀਂ ਹੈ।

**ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥**
**ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੧੬੩॥**

ਸੁਤੇ ਪ੍ਰਕਾਸ਼ ਤੇ ਨਾਸ-ਰਹਿਤ ਹੈ। ਮੁਨੀਆਂ ਦੇ ਮਨਾਂ ਵਿੱਚ ਪ੍ਰਕਾਸ਼ਵਾਨ ਹੈ। ਬੇਅੰਤ ਗੁਣਵਾਨ ਜਿਸ ਨੂੰ ਪ੍ਰਣਾਮ ਕਰਦੇ ਹਨ। ਜਲਾਂ ਤੇ ਥਲਾਂ ਵਿੱਚ ਹਮੇਸ਼ਾ ਕਾਇਮ ਹੈ।

**ਅਨਛਿੱਜ ਅੰਗ ॥ ਆਸਨ ਅਭੰਗ ॥**
**ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੬੪॥**

ਤੇਰਾ ਨਾ ਛਿੱਜਣ ਵਾਲਾ ਸਰੂਪ ਹੈ। ਤਖ਼ਤ ਅਚੱਲ ਹੈ। ਤੇਰੀ ਬੇਹੱਦ ਉਪਮਾ ਹੈ। ਚਾਲ ਤੇ ਮਰਯਾਦਾ ਉਦਾਰਤਾ ਵਾਲੀ ਹੈ।

**ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥**
**ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥੧੬੫॥**

ਜੋ ਜਲ ਤੇ ਥਲ ਵਿੱਚ ਵਡੀ ਸ਼ੋਭਾ ਵਾਲਾ ਹੈ। ਸਭ ਦਿਸ਼ਾਵਾਂ ਤੇ ਪਾਸਿਆਂ ਵਿੱਚ ਨਿੰਦਿਆ ਰਹਿਤ ਹੈ। ਜਲ ਤੇ ਥਲ ਵਿੱਚ ਪੂਜਯ ਹੈ। ਸਾਰੀਆਂ ਦਿਸ਼ਾਵਾਂ ਤੇ ਪਾਸਿਆਂ ਵਿੱਚ

ਬੇਅੰਤ ਹੈ।

**ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥**
**ਆਜਾਨ ਬਾਹੁ ॥ ਏਕੈ ਸਦਾਹੁ ॥ ੧੬੬ ॥**

ਸੁਤੇ ਪ੍ਰਕਾਸ਼ ਤੇ ਨਾਸ ਰਹਿਤ ਹੈ। ਧੀਰਜ ਧਰਨ ਵਾਲਿਆਂ ਵਿੱਚ ਉੱਚਾ ਸਥਾਨ ਹੈ। ਜਗਤ ਰਚਨਾ ਦੇ ਵਸੀਲੇ ਜਿਸ ਦੇ ਹੱਥ ਹਨ। ਸਦਾ ਤੋਂ ਇਕ ਹੈ।

**ਓਅੰਕਾਰ ਆਦਿ ॥ ਕਥਨੀ ਅਨਾਦਿ ॥**
**ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥ ੧੬੭ ॥**

ਰਚਨਾ ਦਾ ਮੁੱਢ ਰੂਪ ਓਅੰਕਾਰ ਹੈ। ਜਿਸ ਦਾ ਬਿਆਨ ਬਾਣੀ ਤੋਂ ਪਰੇ ਹੈ। ਫੁਰਨੇ ਵਿੱਚ ਦੁਸ਼ਟਾਂ ਦਾ ਨਾਸ ਕਰਦਾ ਹੈ। ਵੱਡੇ ਬਲ ਵਾਲਾ ਤੇ ਮੌਤ ਤੋਂ ਰਹਿਤ ਹੈ।

**ਘਰ ਘਰਿ ਪ੍ਰਨਾਮ ॥ ਚਿਤ ਚਰਨ ਨਾਮ ॥**
**ਅਨਛਿੱਜ ਗਾਤ ॥ ਆਜਿਜ ਨ ਬਾਤ ॥ ੧੬੮ ॥**

ਜਿਸ ਨੂੰ ਘਰ-ਘਰ ਨਮਸਕਾਰ ਹੋ ਰਿਹਾ ਹੈ। ਮਨ ਵਿੱਚ ਉਸ ਦੇ ਚਰਨ ਤੇ ਨਾਮ 'ਦਾ ਵਾਸਾ ਹੈ। ਜਿਸ ਦਾ ਸਰੀਰ ਕਦੇ ਛਿੱਜਣ ਵਾਲਾ ਨਹੀਂ। ਜਿਸ ਵਿੱਚ ਦੀਨਤਾ ਦੀ ਗੱਲ ਨਹੀਂ।

**ਅਨਭੰਭ ਗਾਤ ॥ ਅਨਰੰਜ ਬਾਤ ॥**
**ਅਨਟੁਟ ਭੰਡਾਰ ॥ ਅਨਠਟ ਅਪਾਰ ॥ ੧੬੯ ॥**

ਜਿਸ ਦਾ ਸਰੀਰ ਡੋਲਦਾ ਨਹੀਂ। ਜਿਸ ਦੀ ਕਿਸੇ ਗੱਲ ਵਿੱਚ ਗੁੱਸਾ ਨਹੀਂ। ਜਿਸ ਦੇ ਭੰਡਾਰ ਮੁੱਕਦੇ ਨਹੀਂ। ਜੋ ਕਿਸੇ ਦਾ ਕਾਇਮ ਕੀਤਾ ਹੋਇਆ ਨਹੀਂ ਤੇ ਬੇਅੰਤ ਹੈ।

**ਆਡੀਠ ਧਰਮ ॥ ਅਤਿ ਢੀਠ ਕਰਮ ॥**
**ਅਣਬ੍ਰਣ ਅਨੰਤ ॥ ਦਾਤਾ ਮਹੰਤ ॥ ੧੭੦ ॥**

ਨਾ ਦਿਸਣ ਵਾਲੇ ਕਾਨੂੰਨ ਵਾਲਾ। ਬੜੇ ਨਿਧੜਕ ਕੰਮ ਕਰਨ ਵਾਲਾ। ਵਰਨ-ਰਹਿਤ, ਬੇਅੰਤ ਅਤੇ ਦਾਤਾ ਤੇ ਵੱਡਾ ਹੈ।

## ਹਰਿਬੋਲਮਨਾ ਛੰਦ ॥

ਇਹ ਛੰਦ ਦਾ ਨਾਮ ਹੈ।

## ਤ੍ਵ ਪ੍ਰਸਾਦਿ ॥

ਤੇਰੀ ਕਿਰਪਾ ਨਾਲ (ਖਿਆਨ ਕਰਦਾ ਹਾਂ)।

**ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥**
**ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥ ੧੭੧ ॥**

ਤੂੰ ਕਿਰਪਾ ਦਾ ਘਰ ਹੈਂ। ਵੈਰੀਆਂ ਨੂੰ ਮਾਰਨ ਵਾਲਾ

ਹੈਂ। ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈਂ। ਧਰਤੀ ਨੂੰ ਸਜਾਉਣ ਵਾਲਾ ਹੈਂ।

**ਜਗਤੇਸ੍ਵਰ ਹੈਂ।। ਪਰਮੇਸ੍ਵਰ ਹੈਂ।।**
**ਕਲਿ ਕਾਰਣ ਹੈਂ।। ਸਰਬ ਉਬਾਰਣ ਹੈਂ।।੧੭੨।।**

ਜਗਤ ਦਾ ਮਾਲਕ ਹੈਂ। ਸਭ ਤੋਂ ਵੱਡਾ ਮਾਲਕ ਹੈਂ। ਮਾਇਆ ਦਾ ਮੂਲ ਹੈਂ। ਸਭ ਨੂੰ ਬਚਾਉਣ ਵਾਲਾ ਹੈਂ।

**ਧ੍ਰਿਤ ਕੇ ਧ੍ਰਣ ਹੈਂ।। ਜਗ ਕੇ ਕ੍ਰਣ ਹੈਂ।।**
**ਮਨ ਮਾਨਿਯ ਹੈਂ।। ਜਗ ਜਾਨਿਯ ਹੈਂ।।੧੭੩।।**

ਧਰਤੀ ਦਾ ਆਸਰਾ ਹੈਂ। ਜਗਤ ਦਾ ਕਰਤਾ ਹੈਂ। ਮਨਾਂ ਵਿੱਚ ਮਾਨਯੋਗ ਹੈਂ। ਜਗਤ ਵਿੱਚ ਜਾਣਨ ਯੋਗ ਹੈਂ।

**ਸਰਬੰ ਭਰ ਹੈਂ।। ਸਰਬੰ ਕਰ ਹੈਂ।।**
**ਸਰਬ ਪਾਸਿਯ ਹੈਂ।। ਸਰਬ ਨਾਸਿਯ ਹੈਂ।।੧੭੪।।**

ਸਭ ਨੂੰ ਪਾਲਣ ਵਾਲਾ ਹੈਂ। ਸਭ ਕੁਝ ਕਰਨ ਵਾਲਾ ਹੈਂ। ਸਭਨਾਂ ਦੇ ਨੇੜੇ ਹੈਂ। ਸਭ ਦਾ ਨਾਸ ਕਰਨ ਵਾਲਾ ਹੈਂ।

**ਕਰੁਣਾਕਰ ਹੈਂ।। ਬਿਸ੍ਵੰਭਰ ਹੈਂ।।**
**ਸਰਬੇਸ੍ਵਰ ਹੈਂ।। ਜਗਤੇਸ੍ਵਰ ਹੈਂ।।੧੭੫।।**

ਕਿਰਪਾ ਦੀ ਖਾਣ ਹੈਂ। ਜਗਤ ਨੂੰ ਪਾਲਣ ਵਾਲਾ ਹੈਂ।

ਸਭ ਦਾ ਮਾਲਕ ਹੈਂ। ਜਗਤ ਦਾ ਮਾਲਕ ਹੈਂ।

**ਬ੍ਰਹਮੰਡਸ ਹੈਂ॥ ਖਲ ਖੰਡਸ ਹੈਂ॥**
**ਪਰ ਤੇ ਪਰ ਹੈਂ॥ ਕਰੁਣਾਕਰ ਹੈਂ॥ ੧੭੬॥**

ਜਗਤ ਦਾ ਜੀਵਨ ਹੈਂ। ਦੁਸ਼ਟਾਂ ਨੂੰ ਮਾਰਨ ਵਾਲਾ ਹੈਂ। ਪਰੇ ਤੋਂ ਪਰੇ ਹੈਂ। ਕਿਰਪਾ ਦਾ ਸੋਮਾ ਹੈਂ।

**ਅਜਪਾ ਜਪ ਹੈਂ॥ ਅਥਪਾ ਥਪ ਹੈਂ॥**
**ਅਕ੍ਰਿਤਾ ਕ੍ਰਿਤ ਹੈਂ॥ ਅੰਮ੍ਰਿਤਾ ਮ੍ਰਿਤ ਹੈਂ॥ ੧੭੭॥**

ਪੂਰੀ ਤਰ੍ਹਾਂ ਜਪਿਆ ਨਹੀਂ ਜਾ ਸਕਦਾ। ਕਿਸੇ ਦੇ ਕਾਇਮ ਕੀਤੇ ਬਿਨਾਂ ਕਾਇਮ ਹੈਂ। ਤੇਰਾ ਸਰੂਪ ਕਿਸੇ ਦਾ ਬਣਾਇਆ ਹੋਇਆ ਨਹੀਂ। ਤੂੰ ਅੰਮ੍ਰਿਤ ਦਾ ਵੀ ਅੰਮ੍ਰਿਤ ਹੈਂ।

**ਅਮ੍ਰਿਤਾ ਮ੍ਰਿਤ ਹੈਂ॥ ਕਰਣਾ ਕ੍ਰਿਤ ਹੈਂ॥**
**ਅਕ੍ਰਿਤਾ ਕ੍ਰਿਤ ਹੈਂ॥ ਧਰਣੀ ਧ੍ਰਿਤ ਹੈਂ॥ ੧੭੮॥**

ਤੂੰ ਅੰਮ੍ਰਿਤ ਦਾ ਵੀ ਅੰਮ੍ਰਿਤ ਹੈਂ। ਕਿਰਪਾ ਸਰੂਪ ਹੈਂ। ਤੇਰਾ ਸਰੂਪ ਕਿਸੇ ਦਾ ਬਣਾਇਆ ਹੋਇਆ ਨਹੀਂ। ਧਰਤੀ ਦਾ ਆਸਰਾ ਹੈਂ।

**ਅਮ੍ਰਿਤੇਸ੍ਵਰ ਹੈਂ॥ ਪਰਮੇਸ੍ਵਰ ਹੈਂ॥**
**ਅਕ੍ਰਿਤਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥ ੧੭੯॥**

ਅੰਮ੍ਰਿਤ ਦਾ ਸੁਆਮੀ ਹੈਂ। ਸਭ ਤੋਂ ਵੱਡਾ ਮਾਲਕ ਹੈਂ। ਤੇਰਾ ਸਰੂਪ ਕਿਸੇ ਦਾ ਬਣਾਇਆ ਹੋਇਆ ਨਹੀਂ। ਤੂੰ ਅੰਮ੍ਰਿਤ ਦਾ ਵੀ ਅੰਮ੍ਰਿਤ ਹੈਂ।

**ਅਜਬਾ ਕ੍ਰਿਤ ਹੈਂ॥ ਅਮ੍ਰਿਤਾ ਅਮ੍ਰਿਤ ਹੈਂ॥**
**ਨਰ ਨਾਇਕ ਹੈਂ॥ ਖਲ ਘਾਇਕ ਹੈਂ॥ ੧੯੦॥**

ਤੂੰ ਅਸਚਰਜ ਸਰੂਪ ਵਾਲਾ ਹੈਂ। ਅੰਮ੍ਰਿਤ ਦਾ ਵੀ ਅੰਮ੍ਰਿਤ ਹੈਂ। ਮਨੁੱਖਾਂ ਦਾ ਮਾਲਕ ਹੈਂ। ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈਂ।

**ਬਿਸ੍ਵੰਭਰ ਹੈਂ॥ ਕਰੁਣਾਲਯ ਹੈਂ॥**
**ਨ੍ਰਿਪ ਨਾਇਕ ਹੈਂ॥ ਸਰਬ ਪਾਇਕ ਹੈਂ॥ ੧੯੧॥**

ਤੂੰ ਜਗਤ ਦਾ ਪਾਲਕ ਹੈਂ। ਦਇਆ ਦਾ ਘਰ ਹੈਂ। ਰਾਜਿਆਂ ਦਾ ਵੀ ਮਾਲਕ ਹੈਂ। ਸਭ ਦਾ ਰਖਿਅਕ ਹੈਂ।

**ਭਵ ਭੰਜਨ ਹੈਂ॥ ਅਰਿ ਗੰਜਨ ਹੈਂ॥**
**ਰਿਪੁ ਤਾਪਨ ਹੈਂ॥ ਜਪੁ ਜਾਪਨ ਹੈਂ॥ ੧੯੨॥**

ਤੂੰ ਡਰ ਦਾ ਨਾਸ ਕਰਨ ਵਾਲਾ ਹੈਂ। ਵੈਰੀਆਂ ਨੂੰ ਮਾਰਨ ਵਾਲਾ ਹੈਂ। ਦੁਸ਼ਮਣਾਂ ਨੂੰ ਦੁੱਖ ਦੇਣ ਵਾਲਾ ਹੈਂ। ਜਾਪ ਜਪਾਉਣ ਵਾਲਾ ਹੈਂ।

**ਅਕਲੰ ਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥**
**ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥ ੧੯੩ ॥**

ਤੂੰ ਅਖੰਡ ਰੂਪ ਹੈਂ। ਸੰਪੂਰਨ ਰੂਪ ਹੈਂ। ਕਰਤਿਆਂ ਦੇ ਕਰਨ ਵਾਲਾ ਹੈਂ। ਮਾਰਨ ਵਾਲਿਆਂ ਨੂੰ ਨਾਸ ਕਰਨ ਵਾਲਾ ਹੈਂ।

**ਪਰਮਾਤਮ ਹੈਂ ॥ ਸਰਬਾਤਮ ਹੈਂ ॥**
**ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥ ੧੯੪ ॥**

ਤੂੰ ਮਹਾਨ ਆਤਮਾ ਹੈਂ। ਸਾਰਿਆਂ ਦੀ ਆਤਮਾ ਹੈਂ। ਖੁਦ-ਮੁਖਤਿਆਰ ਹੈਂ। ਜਿਉਂ ਦਾ ਤਿਉਂ ਹੈ।

**ਭੁਜੰਗ ਪ੍ਰਯਾਤ ਛੰਦ ॥**

ਇਹ ਛੰਦ ਦਾ ਨਾਮ ਹੈ।

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥**

ਸੂਰਜਾਂ ਦੇ ਸੂਰਜ ਨੂੰ ਨਮਸਕਾਰ ਹੈ। ਚੰਦਰਮਾ ਦੇ ਚੰਦਰਮਾ ਨੂੰ ਨਮਸਕਾਰ ਹੈ।

**ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥**

ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ। ਇੰਦਰ ਦੇਵਤੇ ਦੇ ਵੀ ਮਹਾਂਦੇਵ ਨੂੰ ਨਮਸਕਾਰ ਹੈ।

**ਨਮੋ ਅੰਧਕਾਰੇ ਨਮੋ ਤੇਜ ਤੇਜੇ ॥**

ਹਨੇਰੇ ਰੂਪ ਨੂੰ ਨਮਸਕਾਰ ਹੈ। ਚਾਨਣਾ ਦੇ ਚਾਨਣ ਨੂੰ ਨਮਸਕਾਰ ਹੈ।

**ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥ ੧੯੫ ॥**

ਵੱਡਿਆਂ ਦੇ ਵੱਡੇ ਨੂੰ ਨਮਸਕਾਰ ਹੈ, ਸੂਖਮ ਤੋਂ ਸੂਖਮ ਰੂਪ ਨੂੰ ਨਮਸਕਾਰ ਹੈ।

**ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥**

ਰਜੋ, ਤਮੋ ਤੇ ਸਤੋ ਰੂਪ ਹੋ ਕੇ ਵਿਚਰਨ ਵਾਲੇ ਨੂੰ ਨਮਸਕਾਰ ਹੈ।

**ਨਮੋ ਪਰਮ ਤੱਤੰ ਅਤੱਤੰ ਸਰੂਪੇ ॥**

ਤੱਤਾਂ ਵਾਲੇ ਵੱਡੇ (ਸਰਗੁਣ), ਤੱਤਾਂ ਤੋਂ ਰਹਿਤ (ਸਰੂਪ ਵਾਲੇ ਨਿਰਗੁਣ) ਨੂੰ ਨਮਸਕਾਰ ਹੈ।

**ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥**

ਜੋਗ ਵਿੱਚ ਜੋਗ ਰੂਪ ਨੂੰ ਨਮਸਕਾਰ ਹੈ ਤੇ ਗਿਆਨ ਵਿੱਚ ਗਿਆਨ ਰੂਪ ਨੂੰ ਨਮਸਕਾਰ ਹੈ।

**ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥ ੧੯੬ ॥**

ਮੰਤ੍ਰ ਵਿੱਚ ਮੰਤ੍ਰ ਰੂਪ ਨੂੰ ਨਮਸਕਾਰ ਹੈ ਤੇ ਧਿਆਨ

ਵਿੱਚ ਧਿਆਨ ਰੂਪ ਨੂੰ ਨਮਸਕਾਰ ਹੈ।

**ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥**

ਜੁੱਧ ਵਿੱਚ ਜੁੱਧ ਰੂਪ ਨੂੰ ਨਮਸਕਾਰ ਹੈ ਤੇ ਗਿਆਨ ਵਿੱਚ ਗਿਆਨ ਰੂਪ ਨੂੰ ਨਮਸਕਾਰ ਹੈ।

**ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥**

ਭੋਜਨ ਵਿੱਚ ਭੋਜਨ ਰੂਪ ਨੂੰ ਨਮਸਕਾਰ ਹੈ, ਜਲ ਵਿੱਚ ਜਲ ਰੂਪ ਨੂੰ ਨਮਸਕਾਰ ਹੈ।

**ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥**

ਝਗੜੇ ਕਰਨ ਵਾਲੇ ਨੂੰ ਨਮਸਕਾਰ ਹੈ, ਸ਼ਾਂਤੀ ਦੇ ਸਰੂਪ ਨੂੰ ਨਮਸਕਾਰ ਹੈ।

**ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥ ੧੮੭ ॥**

ਇੰਦਰ ਦੇਵਤੇ ਦੇ ਰਾਜੇ ਨੂੰ ਨਮਸਕਾਰ ਹੈ, ਜਿਸ ਦਾ ਆਦਿ ਨਹੀਂ ਤੇ ਜੋ ਸੰਪਦਾ ਵਾਲਾ ਹੈ।

**ਕਲੰਕਾਰ ਰੂਪੇ ਅਲੰਕਾਰ ਅਲੰਕੇ ॥**

ਸ਼ਕਤੀਆਂ ਦੇ ਰੂਪ ਨੂੰ, ਗਹਿਣਿਆਂ ਦੇ ਗਹਿਣੇ ਨੂੰ (ਨਮਸਕਾਰ ਹੈ)।

**ਨਮੋ ਆਸ ਆਸੇ ਨਮੋ ਬਾਂਕ ਬੰਕੇ ॥**

ਆਸਾਂ ਦੀ ਆਸ ਨੂੰ ਨਮਸਕਾਰ ਹੈ, ਸੋਹਣਿਆਂ ਵਿਚੋਂ ਸੋਹਣੇ ਨੂੰ ਨਮਸਕਾਰ ਹੈ।

**ਅਭੰਗੀ ਸਰੂਪੇ ਅਨੰਗੀ ਅਨਾਮੇ ॥**
**ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੮੮॥**

ਨਾਸ-ਰਹਿਤ ਸਰੂਪ ਵਾਲੇ, ਸਰੀਰ-ਰਹਿਤ ਤੇ ਨਾਮ-ਰਹਿਤ, ਤਿੰਨਾਂ ਲੋਕਾਂ ਨੂੰ ਨਾਸ ਕਰਤਾ ਤੇ ਤਿੰਨਾਂ ਕਾਲਾਂ ਵਿੱਚ ਕਾਇਮ, ਸਰੀਰ-ਰਹਿਤ ਤੇ ਕਾਮਨਾ-ਰਹਿਤ ਨੂੰ (ਨਮਸਕਾਰ ਹੈ)।

**ਏਕ ਅਛਰੀ ਛੰਦ ॥**

ਇਹ ਛੰਦ ਦਾ ਨਾਮ ਹੈ।

**ਅਜੈ ॥ ਅਲੈ ॥ ਅਭੈ ॥ ਅਬੈ ॥ ੧੮੯ ॥**

ਜਿੱਤਿਆ ਨਹੀਂ ਜਾਂਦਾ। ਨਾਸ ਨਹੀਂ ਹੁੰਦਾ। ਡਰ ਰਹਿਤ ਹੈ। ਸਦਾ ਇਕ ਰਸ ਹੈ।

**ਅਭੂ ॥ ਅਜੂ ॥ ਅਨਾਸ ॥ ਅਕਾਸ ॥ ੧੯੦ ॥**

ਜਨਮ ਰਹਿਤ ਹੈ। ਜੂਨਾਂ ਵਿੱਚ ਨਹੀ ਆਉਂਦਾ। ਨਾਸ ਨਹੀਂ ਹੁੰਦਾ। ਸਰਬ ਵਿਆਪੀ ਹੈ।

**ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥ ੧੯੧ ॥**

ਨਾਸ ਨਹੀ ਹੁੰਦਾ। ਟੁੱਟਦਾ ਨਹੀਂ। ਜਾਣਿਆ ਨਹੀਂ

ਜਾਂਦਾ। ਜੋ ਕੁਝ ਨਹੀਂ ਖਾਂਦਾ॥

**ਅਕਾਲ॥ ਦਿਆਲ॥ ਅਲੇਖ॥ ਅਭੇਖ॥ ੧੯੨॥**

ਕਾਲ ਰਹਿਤ ਹੈ। ਦਿਆਲੂ ਹੈ। ਲੇਖੇ ਤੋਂ ਬਾਹਰ ਹੈ। ਭੇਖ ਤੋਂ ਮੁਕਤ ਹੈ।

**ਅਨਾਮ॥ ਅਕਾਮ॥ ਅਗਾਹ॥ ਅਢਾਹ॥ ੧੯੩॥**

ਨਾਮ ਰਹਿਤ ਹੈ। ਕਾਮਨਾ ਰਹਿਤ ਹੈ। ਅਥਾਹ ਹੈ। ਢਹਿਣ ਵਾਲਾ ਨਹੀਂ ਹੈ।

**ਅਨਾਥੇ॥ ਪ੍ਰਮਾਥੇ॥ ਅਜੋਨੀ॥ ਅਮੋਨੀ॥ ੧੯੪॥**

ਉਸ ਦਾ ਕੋਈ ਮਾਲਕ ਨਹੀਂ। ਵੱਡਾ ਸਿਰਤਾਜ ਹੈ। ਜਨਮਾਂ ਵਿੱਚ ਨਹੀਂ ਆਉਂਦਾ। ਚੁੱਪ ਨਹੀਂ ਹੈ।

**ਨ ਰਾਗੇ॥ ਨ ਰੰਗੇ॥ ਨ ਰੂਪੇ॥ ਨ ਰੇਖੇ॥ ੧੯੫॥**

ਜਿਸ ਨੂੰ ਮੋਹ ਨਹੀਂ। ਰੰਗ ਨਹੀਂ। ਰੂਪ ਨਹੀਂ। ਚਿੰਨ੍ਹ ਨਹੀਂ।

**ਅਕਰਮੰ॥ ਅਭਰਮੰ॥ ਅਗੰਜੇ॥ ਅਲੇਖੇ॥ ੧੯੬॥**

ਕਰਮਾਂ ਤੋਂ ਰਹਿਤ ਹੈ। ਭਰਮ ਨਹੀਂ। ਨਾਸ ਨਹੀਂ ਹੁੰਦਾ। ਲੇਖੇ ਤੋਂ ਪਰੇ ਹੈ।

**ਭੁਜੰਗ ਪ੍ਰਯਾਤ ਛੰਦ ।।**

ਇਹ ਛੰਦ ਦਾ ਨਾਮ ਹੈ।

**ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ।।**

ਨਮਸਕਾਰ ਯੋਗ ਨੂੰ ਪ੍ਰਣਾਮ ਹੈ, ਜੋ ਸਭ ਦਾ ਨਾਸ ਕਰਨ ਵਾਲਾ ਹੈ।

**ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ।।**

ਜਿੱਤਿਆ ਨਹੀਂ ਜਾ ਸਕਦਾ, ਨਾਮ ਰਹਿਤ ਹੈ। ਸਭਨਾਂ ਵਿੱਚ ਵਸਣ ਵਾਲਾ ਹੈ।

**ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ।।**

ਕਾਮਨਾ ਤੋਂ ਬਿਨਾਂ, ਸੰਪਦਾ ਵਾਲਾ, ਸਭਨਾਂ ਵਿੱਚ ਜਿਸ ਦਾ ਸਰੂਪ ਹੈ।

**ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ।। ੧੯੦ ।।**

ਬੁਰੇ ਕਰਮਾਂ ਦਾ ਨਾਸ ਕਰਨ ਵਾਲਾ ਅਤੇ ਸ਼ੁਭ ਧਰਮ ਨਾਲ ਭੂਸ਼ਤ ਕਰਨ ਵਾਲਾ ਹੈ।

**ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ।।**

ਤੂੰ ਹਮੇਸ਼ਾ ਗਿਆਨ ਦਾ ਅਨੰਦ ਰੂਪ ਹੈਂ ਤੇ ਵੈਰੀਆਂ ਦਾ ਨਾਸ ਕਰਨ ਵਾਲਾ ਹੈਂ।

**ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ।।**

ਬਖ਼ਸ਼ਸ਼ ਕਰਨ ਵਾਲਾ ਤੇ ਸਭ ਵਿੱਚ ਵਸਦਾ ਹੈਂ।

**ਅਜਾਇਬ ਬਿਭੂਤੇ ਗਜਾਇਬ ਗਨੀਮੇ॥**

ਅਸਚਰਜ ਸੰਪਦਾ ਵਾਲਾ ਤੇ ਵੈਰੀਆਂ ਉੱਪਰ ਗਜ਼ਬ ਢਾਹੁਣ ਵਾਲਾ ਹੈਂ।

**ਹਰੀਅੰ ਕਰੀਅੰ ਕਰੀਮੁਲ ਰਹੀਮੇ॥ ੧੯੮॥**

ਨਾਸ ਕਰਨ ਵਾਲਾ, ਪੈਦਾ ਕਰਨ ਵਾਲਾ, ਬਖਸ਼ਿੰਦ ਤੇ ਰਹਿਮ ਕਰਨ ਵਾਲਾ ਹੈਂ।

**ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥**

ਚੌਹੀਂ ਪਾਸੀਂ ਮੌਜੂਦ ਤੇ ਚਹੁੰ ਪਾਸੀਂ ਜਗਤ ਨੂੰ ਭੋਗਦਾ ਹੈਂ।

**ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥**

ਆਪਣੇ ਆਪ ਪ੍ਰਕਾਸ਼ਵਾਨ ਸੋਭਦਾ ਹੈ। ਹਮੇਸ਼ਾਂ ਹੀ ਸਭ ਨਾਲ ਮਿਲਿਆ ਹੋਇਆ ਹੈ।

**ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥**

ਬੁਰੇ ਵੇਲੇ ਦਾ ਨਾਸ ਕਰਨ ਵਾਲਾ, ਦਇਆ ਦਾ ਸਰੂਪ ਹੈਂ।

**ਸਦਾ ਅੰਗ ਸੰਗੇ ਅਭੰਗੰ ਬਿਭੂਤੇ॥ ੧੯੯॥**

ਹਮੇਸ਼ਾ ਸਭ ਦੇ ਅੰਗ-ਸੰਗ ਹੈ ਅਤੇ ਉਸ ਦੀ ਸੰਪਦਾ ਕੱਦੇ ਮੁਕਦੀ ਨਹੀਂ। ★★

ੴ ਸਤਿਗੁਰ ਪ੍ਰਸਾਦਿ ।।

# ਤ੍ਵ ਪ੍ਰਸਾਦਿ ।। ਸਵੱਯੇ ।।

(ਪਾ: ੧੦)*

**ਸ੍ਰਾਵਗ ਸੁੱਧ ਸਮੂਹ ਸਿਧਾਨ ਕੇ**
**ਦੇਖਿ ਫਿਰਿਓ ਘਰ ਜੋਗ ਜਤੀ ਕੇ ।।**

ਮੈਂ ਜੈਨੀ, ਬੁੱਧ ਧਰਮ ਦੇ ਸਾਧੂ ਅਤੇ ਸਿੱਧਾਂ ਦੇ ਟੋਲੇ, ਜੋਗੀਆਂ ਤੇ ਬ੍ਰਹਮਚਾਰੀਆਂ ਦੇ ਘਰ ਫਿਰ ਕੇ ਵੇਖ ਚੁੱਕਿਆ ਹਾਂ।

**ਸੂਰ ਸੁਰਾਰਦਨ ਸੁੱਧ ਸੁਧਾਦਿਕ**
**ਸੰਤ ਸਮੂਹ ਅਨੇਕ ਮਤੀ ਕੇ ।।**

ਸੂਰਮੇ, ਦੈਂਤ, ਨਿਰਮਲ ਅੰਮ੍ਰਿਤ ਪੀਣ ਵਾਲੇ ਦੇਵਤੇ ਅਤੇ ਕਈ ਹੋਰ ਮੱਤਾਂ ਦੀਆਂ ਸੰਤ-ਮੰਡਲੀਆਂ (ਵੀ ਵੇਖ ਚੁਕਿਆ ਹਾਂ)।

**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ**
**ਕੋਊ ਨ ਦੇਖੀਅਤ ਪ੍ਰਾਨਪਤੀ ਕੇ ।।**

---

* ਉਚਾਰਨ ਹੈ ਪਾਤਸ਼ਾਹੀ ਦਸਵੀਂ। ਪਾਤਸ਼ਾਹੀ ਦਸ ਪਾਠ ਅਸ਼ੁੱਧ ਹੈ।

ਸਾਰੇ ਦੇਸ਼ ਦੇ ਮੱਤਾਂ ਨੂੰ ਵੇਖ ਚੁੱਕਾ ਹਾਂ, ਕੋਈ ਭੀ ਪ੍ਰਾਣਾਂ ਦੇ ਮਾਲਕ ਨੂੰ ਨਹੀਂ ਦੇਖਦਾ।

**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ**
**ਏਕ ਰਤੀ ਬਿਨੁ ਏਕ ਰਤੀ ਕੇ।।੧।।**

ਸੋਭਾ ਵਾਲੇ ਭਗਵਾਨ ਦੀ ਸ਼ਰਧਾ, ਕਿਰਪਾ ਅਤੇ ਉਸ ਨਾਲ ਇਕ ਪ੍ਰੇਮ ਤੋਂ ਬਗੈਰ ਇਕ ਰੱਤੀ ਭਰ ਮੁੱਲ ਦੇ ਹਨ।

**ਮਾਤੇ ਮਤੰਗ ਜਰੇ ਜਰ ਸੰਗ**
**ਅਨੂਪ ਉਤੰਗ ਸੁਰੰਗ ਸਵਾਰੇ।।**

ਮਸਤ ਹਾਥੀ ਹੋਣ ਜੋ ਸੋਨੇ ਨਾਲ ਸਜੇ ਹੋਣ, ਜੋ ਬੇ-ਮਿਸਾਲ, ਉੱਚੇ ਕੱਦ ਵਾਲੇ, ਸੋਹਣੇ ਰੰਗਾਂ ਨਾਲ ਸੰਵਾਰੇ ਹੋਣ।

**ਕੋਟ ਤੁਰੰਗ ਕੁਰੰਗ ਸੇ ਕੂਦਤ**
**ਪਉਨ ਕੇ ਗਉਨ ਕੋ ਜਾਤ ਨਿਵਾਰੇ।।**

ਕਰੋੜਾਂ ਘੋੜੇ, ਹਰਨਾਂ ਵਾਂਗ ਕੁੱਦਦੇ ਹੋਣ ਅਤੇ ਹਵਾ ਦੀ ਚਾਲ ਨੂੰ ਵੀ ਮਾਤ ਪਾਉਂਦੇ ਹੋਣ।

**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ**
**ਨਿਆਵਤ ਸੀਸ ਨ ਜਾਤ ਬਿਚਾਰੇ।।**

ਵੱਡੀਆਂ ਬਾਹਵਾਂ ਵਾਲੇ, ਅਨੇਕਾਂ ਰਾਜੇ ਚੰਗੀ ਤਰ੍ਹਾਂ ਸਿਰ ਨਿਵਾਉਂਦੇ ਹੋਣ, ਜਿਨ੍ਹਾਂ ਦਾ ਅੰਦਾਜ਼ਾ ਨਹੀਂ ਲੱਗ ਸਕਦਾ।

**ਏਤੇ ਭਏ ਤੁ ਕਹਾ ਭਏ ਭੂਪਤਿ**
**ਅੰਤ ਕੋ ਨਾਂਗੇ ਹੀ ਪਾਂਇ ਪਧਾਰੇ ।। ੨ ।।**

ਏਡੇ ਵੱਡੇ ਰਾਜੇ ਹੋਣ ਤਾਂ ਕੀ ਹੋਇਆ? ਅੰਤ ਨੂੰ ਤਾਂ ਇਥੋਂ ਨੰਗੇ ਪੈਰੀਂ ਚਲੇ ਜਾਂਦੇ ਹਨ।

**ਜੀਤ ਫਿਰੇ ਸਭ ਦੇਸ ਦਿਸਾਨ ਕੋ**
**ਬਾਜਤ ਢੋਲ ਮ੍ਰਿਦੰਗ ਨਗਾਰੇ ।।**

ਭਾਵੇਂ ਕੋਈ ਦੇਸ਼ ਦੇਸ਼ਾਂਤਰਾਂ ਨੂੰ ਜਿੱਤਦਾ ਫਿਰੇ ਅਤੇ ਖ਼ੁਸ਼ੀ ਵਿੱਚ ਢੋਲ, ਮਿਰਦੰਗ, ਧੌਂਸੇ ਵਜਦੇ ਹੋਣ।

**ਗੁੰਜਤ ਗੂੜ ਗਜਾਨ ਕੇ ਸੁੰਦਰ**
**ਹਿੰਸਤ ਹੈਂ ਹਯਰਾਜ ਹਜਾਰੇ ।।**

ਸੁੰਦਰ ਹਾਥੀਆਂ ਦੇ ਝੁੰਡ ਝੂਮਦੇ ਹੋਣ ਅਤੇ ਹਜ਼ਾਰਾਂ ਹੀ ਵਧੀਆ ਘੋੜੇ ਹਿਣਕਦੇ ਹੋਣ।

**ਭੂਤ ਭਵਿੱਖ ਭਵਾਨ ਕੇ ਭੂਪਤ**
**ਕਉਨੁ ਗਨੇ ਨਹੀਂ ਜਾਤ ਬਿਚਾਰੇ ।।**

ਬੀਤੇ, ਆਉਣ ਵਾਲੇ ਤੇ ਬੀਤ ਰਹੇ ਸਮੇਂ ਵਿੱਚ ਕਿਤਨੇ ਐਸੇ ਰਾਜੇ ਹੋਣਗੇ ? ਕੌਣ ਗਿਣੇ ? ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

**ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ**
**ਅੰਤ ਕਉ ਅੰਤ ਕੇ ਧਾਮ ਸਿਧਾਰੇ ।। ੩ ।।**

ਮਾਇਆ ਦੇ ਮਾਲਕ ਪਰਮਾਤਮਾ ਦੇ ਸਿਮਰਨ ਤੋਂ ਬਿਨਾਂ, ਅੰਤ ਨੂੰ ਉਹ ਮੌਤ ਦੇ ਘਰ ਹੀ ਜਾਂਦੇ ਹਨ।

**ਤੀਰਥ ਨਾਨ ਦਇਆ ਦਮ ਦਾਨ**
**ਸੁ ਸੰਜਮ ਨੇਮ ਅਨੇਕ ਬਿਸੇਖੈ ।।**

ਤੀਰਥ-ਇਸ਼ਨਾਨ, ਰਹਿਮ, ਮਨ ਨੂੰ ਬੁਰਾਈ ਵਲੋਂ ਰੋਕਣ, ਦਾਨ ਪੁੰਨ ਕਰਦਾ ਅਤੇ ਅਨੇਕਾਂ ਵਿਸ਼ੇਸ਼ ਸੰਜਮ ਤੇ ਨੇਮ ਪਾਲਦਾ ਫਿਰੇ।

**ਬੇਦ ਪੁਰਾਨ ਕਤੇਬ ਕੁਰਾਨ**
**ਜਮੀਨ ਜਮਾਨ ਸਬਾਨ ਕੇ ਪੇਖੈ ।।**

ਧਰਤੀ ਦੇ ਸਾਰੇ ਸੀਮਿਆਂ ਦੇ ਵੇਦ, ਪੁਰਾਣ ਅਤੇ ਕੁਰਾਨ ਆਦਿ ਪੱਛਮੀ ਕਿਤਾਬਾਂ ਪੜ੍ਹ ਲਵੇ।

**ਪਉਨ ਅਹਾਰ ਜਤੀ ਜਤ ਧਾਰ**
**ਸਬੈ ਸੁ ਬਿਚਾਰ ਹਜਾਰ ਕ ਦੇਖੈ॥**

ਨਿਰੀ ਹਵਾ ਨੂੰ ਖੁਰਾਕ ਬਣਾਏ, ਜਤ ਦੁਆਰਾ ਬ੍ਰਹਮਚਾਰੀ ਹੋਵੇ, ਸਾਰੀਆਂ ਸ਼ੁਭ ਵਿਚਾਰਾਂ ਕਰਨ ਵਾਲੇ ਹਜ਼ਾਰਾਂ ਹੀ ਦੇਖੇ ਹਨ।

**ਸ੍ਰੀ ਭਗਵਾਨ ਭਜੇ ਬਿਨੁ ਭੂਪਤਿ**
**ਏਕ ਰਤੀ ਬਿਨੁ ਏਕ ਨ ਲੇਖੈ॥੪॥**

ਸ੍ਰਿਸ਼ਟੀ ਦੇ ਮਾਲਕ ਪਰਮਾਤਮਾ ਦੇ ਸਿਮਰਨ ਤੇ ਪਿਆਰ ਤੋਂ ਬਿਨਾਂ ਕਿਸੇ ਲੇਖੇ ਵਿੱਚ ਨਹੀਂ।

**ਸੁੱਧ ਸਿਪਾਹ ਦੁਰੰਤ ਦੁਬਾਹ**
**ਸੁ ਸਾਜ ਸਨਾਹ ਦੁਰਜਾਨ ਦਲੈਂਗੇ॥**

ਚੰਗੀ ਫੌਜ ਹੋਵੇ, ਜਿਸ ਦੇ ਆਦਮੀ ਘੋਰ ਯੁੱਧ ਕਰ ਕੇ, ਸੰਜੋਆਂ ਸਜਾ ਕੇ, ਵੈਰੀਆਂ ਨੂੰ ਦਲ ਸੁੱਟਣ।

**ਭਾਰੀ ਗੁਮਾਨ ਭਰੇ ਮਨ ਮੈਂ**
**ਕਰ ਪਰਬਤ ਪੰਖ ਹਲੇ ਨ ਹਲੈਂਗੇ॥**

ਉਹ ਮਨ ਵਿੱਚ ਭਾਰੀ ਗੁਮਾਨ ਨਾਲ ਭਰੇ ਹੋਣ, ਪਰਬਤ ਤਾਂ ਭਾਵੇਂ ਖੰਭ ਲਾ ਕੇ ਹਿਲ ਜਾਣ, ਪਰ ਉਹ ਨਾ

ਹਿੱਲਣਗੇ।

**ਤੋਰਿ ਅਗੀਨ ਮਰੋਰਿ ਮਵਾਸਨ**
**ਮਾਤੇ ਮਤੰਗਨਿ ਮਾਨ ਮਲੈਂਗੇ।।**

ਜੋ ਵੈਰੀਆਂ ਨੂੰ ਵੱਢ ਦੇਣ, ਆਕੀਆਂ ਨੂੰ ਮਰੋੜ ਸੁੱਟਣ, ਮਸਤ ਹਾਥੀਆਂ ਦੇ ਮਾਨ ਨੂੰ ਮਲ ਸੁੱਟਣਗੇ।

**ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ**
**ਤਿਆਗਿ ਜਹਾਨ ਨਿਦਾਨ ਚਲੈਂਗੇ।। ੫।।**

ਮਾਇਆ ਦੇ ਮਾਲਕ ਸ੍ਰੀ ਵਾਹਿਗੁਰੂ ਦੀ ਕਿਰਪਾ ਤੋਂ ਬਿਨਾਂ ਐਸੇ ਸੂਰਮੇ ਵੀ ਅੰਤ ਵੇਲੇ ਜਗਤ ਨੂੰ ਛੱਡ ਕੇ ਚਲੇ ਜਾਣਗੇ।

**ਬੀਰ ਅਪਾਰ ਬਡੇ ਬਰਿਆਰ**
**ਅਬਿਚਾਰਹਿ ਸਾਰ ਕੀ ਧਾਰ ਭਛੱਯਾ।।**

ਬੇਅੰਤ ਸੂਰਮੇ ਵੱਡੇ ਬਲਵਾਨ ਜੋ ਨਿਸ਼ੰਕ ਹੋ ਕੇ ਸ਼ਸਤਰਾਂ ਦੀ ਮਾਰ ਖਾਂਦੇ ਹਨ।

**ਤੋਰਤ ਦੇਸ ਮਲਿੰਦ ਮਵਾਸਨ**
**ਮਾਤੇ ਗਜਾਨ ਕੇ ਮਾਨ ਮਲੱਯਾ।।**

ਦੇਸ਼ਾਂ ਨੂੰ ਜਿੱਤਦੇ ਤੇ ਆਕੀਆਂ ਨੂੰ ਮਲ ਸੁੱਟਦੇ ਹਨ,

ਮਸਤ ਹਾਥੀਆਂ ਦੇ ਮਾਨ ਨੂੰ ਤੋੜ ਦਿੰਦੇ ਹਨ।

**ਗਾੜ੍ਹੇ ਗੜ੍ਹਾਨ ਕੋ ਤੋੜਨਹਾਰ**
**ਸੁ ਬਾਤਨ ਹੀਂ ਚਕ ਚਾਰ ਲਵੱਯਾ ।।**

ਮਜ਼ਬੂਤ ਕਿਲ੍ਹਿਆਂ ਨੂੰ ਤੋੜਨ ਵਾਲੇ ਹਨ ਅਤੇ ਗੱਲਾਂ ਨਾਲ ਹੀ ਚੌਂਹ ਚੱਕਾਂ ਨੂੰ ਜਿੱਤਣ ਵਾਲੇ ਹਨ।

**ਸਾਹਿਬੁ ਸ੍ਰੀ ਸਭ ਕੋ ਸਿਰਨਾਇਕ**
**ਜਾਚਕ ਅਨੇਕ ਸੁ ਏਕ ਦਿਵੱਯਾ ।। ੬ ।।**

ਸੋਭਾ ਦਾ ਮਾਲਕ, ਸਭ ਦੇ ਸਿਰ ਦਾ ਸਾਹਿਬ ਹੈ, ਅਨੇਕਾਂ ਐਸੇ ਸੂਰਮੇ ਉਸ ਪਾਸੋਂ ਮੰਗਦੇ ਹਨ ਤੇ ਉਹ ਇਕ ਦੇਣ ਵਾਲਾ ਹੈ।

**ਦਾਨਵ ਦੇਵ ਫਨਿੰਦ ਨਿਸਾਚਰ**
**ਭੂਤ ਭਵਿਖ ਭਵਾਨ ਜਪੈਂਗੇ ।।**

ਦੈਂਤ, ਦੇਵਤੇ, ਸ਼ੇਸ਼ ਨਾਗ, ਰਾਤ ਨੂੰ ਫਿਰਨ ਵਾਲੇ ਜੀਵ, ਭੂਤ ਕਾਲ, ਭਵਿੱਖ ਤੇ ਵਰਤਮਾਨ ਵਿੱਚ ਜਿਸ ਨੂੰ ਜਪਦੇ ਹਨ।

**ਜੀਵ ਜਿਤੇ ਜਲ ਮੈ ਥਲ ਮੈ**
**ਪਲ ਹੀ ਪਲ ਮੈ ਸਭ ਥਾਪ ਥਪੈਂਗੇ ।।**

ਜਲ ਵਿੱਚ ਤੇ ਧਰਤੀ ਉੱਪਰ ਜਿੰਨੇ ਜੀਵ ਹਨ, ਸਭਨਾਂ ਦੀ ਥਾਪਨਾ ਜੋ ਪਲ ਹੀ ਪਲ ਵਿੱਚ ਥਾਪ ਦੇਂਦਾ ਹੈ।

**ਪੁੰਨ ਪ੍ਰਤਾਪਨ ਬਾਢ ਜੈਤ ਧੁਨ**
**ਪਾਪਨ ਕੇ ਬਹੁ ਪੁੰਜ ਖਪੈਂਗੇ ।।**

ਨੇਕ ਕੰਮਾਂ ਦੇ ਤੇਜ ਤੇ ਵਾਧੇ ਦੀ ਧੁਨੀ ਉਠਦੀ ਹੈ ਅਤੇ ਪਾਪਾਂ ਦੇ ਬਹੁਤੇ ਝੁੰਡ ਨਾਸ ਹੋ ਜਾਂਦੇ ਹਨ।

**ਸਾਧ ਸਮੂਹ ਪ੍ਰਸੰਨ ਫਿਰੈਂ ਜਗ**
**ਸਤ੍ਰ ਸਭੈ ਅਵਲੋਕ ਚਪੈਂਗੇ ।। ੭।।**

ਜਗਤ ਵਿੱਚ ਸਾਰੇ ਸੰਤ ਖੁਸ਼ ਵਿਚਰਦੇ ਹਨ ਅਤੇ ਸ਼ੱਤਰੂ ਵੇਖ ਕੇ ਸਾਰੇ ਦਬ ਗਏ ਹਨ।

**ਮਾਨਵ ਇੰਦ੍ਰ ਗਜਿੰਦ੍ਰ ਨਰਾਧਪ**
**ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ।।**

ਮਨੁੱਖਾਂ ਦੇ ਰਾਜੇ, ਹਾਥੀਆਂ ਦੇ ਮਾਲਕ, ਮਨੁੱਖਾਂ ਦੇ ਰਾਖੇ, ਜੋ ਸਾਰੀ ਸ੍ਰਿਸ਼ਟੀ ਉੱਪਰ ਰਾਜ ਕਰਦੇ ਹਨ।

**ਕੋਟਿ ਇਸਨਾਨ ਗਜਾਦਿਕ ਦਾਨ**
**ਅਨੇਕ ਸੁਅੰਬਰ ਸਾਜ ਬਰੈਂਗੇ ।।**

ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਕਰ ਕੇ, ਹਾਥੀ ਦਾਨ

ਕਰ ਕੇ ਤੇ ਅਨੇਕਾਂ ਸੁਯੰਬਰ ਰਚਾ ਕੇ ਵਿਆਹ ਕਰਦੇ ਹਨ।

**ਬ੍ਰਹਮ ਮਹੇਸਰ ਬਿਸਨ ਸਚੀਪਤਿ**
**ਅੰਤ ਫਸੇ ਜਮ ਫਾਸ ਪਰੈਂਗੇ॥**

ਐਸੇ ਮਨੁੱਖ ਹੀ ਨਹੀਂ, ਬ੍ਰਹਮਾ, ਸ਼ਿਵ ਜੀ, ਵਿਸ਼ਨੂੰ ਤੇ ਇੰਦਰ ਵਰਗੇ ਵੀ ਅੰਤ ਨੂੰ ਮੌਤ ਦੇ ਫੰਦੇ ਵਿੱਚ ਫਸ ਜਾਂਦੇ ਹਨ।

**ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ**
**ਤੇ ਨਰ ਫੇਰ ਨ ਦੇਹ ਧਰੈਂਗੇ॥੮॥**

ਜੋ ਮਨੁੱਖ ਕਰਤਾਰ ਦੇ ਚਰਨਾਂ ਨੂੰ ਪਰਸਦੇ ਹਨ, ਉਹ ਮਨੁੱਖ ਮੁੜ ਕੇ ਦੇਹ ਨਹੀਂ ਧਾਰਨਗੇ।

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ**
**ਬੈਠਿ ਰਹਿਓ ਬਕ ਧਿਆਨ ਲਗਾਇਓ॥**

ਕੀ ਹੋਇਆ ਜੇ ਦੋਵੇਂ ਅੱਖਾਂ ਮੀਟ ਕੇ ਬੈਠ ਗਿਆ ਅਤੇ ਬਗਲੇ ਵਾਂਗ ਧਿਆਨ ਲਗਾ ਲਿਆ।

**ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ**
**ਲੋਕ ਗਯੋ ਪਰਲੋਕ ਗਵਾਇਓ॥**

ਸੱਤਾਂ ਸਮੁੰਦਰਾਂ ਵਿੱਚ ਨਹਾਉਂਦਾ ਫਿਰਿਆ, ਉਸ ਦਾ

ਲੋਕ ਵੀ ਗਿਆ ਤੇ ਉਸ ਨੇ ਪਰਲੋਕ ਵੀ ਗਵਾ ਲਿਆ ਹੈ।

**ਬਾਸ ਕੀਓ ਬਿਖਿਆਨ ਸੋਂ ਬੈਠ ਕੈ**
**ਐਸੇ ਹੀ ਐਸੇ ਸੁ ਬੈਸ ਬਿਤਾਇਓ ।।**

ਜੋ ਵਿਸ਼ਈ ਪੁਰਖਾਂ ਨਾਲ ਬੈਠ ਕੇ ਵਿਸ਼ਿਆਂ ਵਿੱਚ ਵਾਸ ਕੀਤਾ, ਉਹਨਾਂ ਉਮਰ ਨੂੰ ਐਵੇਂ ਹੀ ਵਿਅਰਥ ਬਿਤਾ ਦਿੱਤਾ।

**ਸਾਚੁ ਕਹੋਂ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ।। ੯ ।।**

ਸੱਚ ਕਹਿੰਦਾ ਹਾਂ, ਸਾਰੇ ਸੁਣ ਲਓ, ਜਿਸ ਨੇ ਪ੍ਰਭੂ ਨਾਲ ਪ੍ਰੇਮ ਕੀਤਾ ਹੈ, ਉਸ ਨੇ ਪ੍ਰਭੂ ਨੂੰ ਪਾਇਆ ਹੈ।

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ ।।**

ਕਿਸੇ ਨੇ ਪੱਥਰ ਲੈ ਕੇ ਪੂਜਾ ਕੀਤੀ ਤੇ ਉਸ ਉੱਪਰ ਸਿਰ ਧਰਿਆ, ਕਿਸੇ ਨੇ 'ਸ਼ਿਵ-ਲਿੰਗ' ਲੈ ਕੇ ਗਲੇ ਵਿੱਚ ਲਟਕਾ ਲਿਆ ਹੈ।

**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸੁ ਨਿਵਾਇਓ ।।**

ਕਿਸੇ ਨੇ ਹਰੀ ਨੂੰ ਪੂਰਬ ਦੀ ਤਰਫ਼ ਜਾਣਿਆ ਹੈ ਅਤੇ ਕਿਸੇ ਨੇ ਪੱਛਮ ਵੱਲ ਸੀਸ ਨਿਵਾਇਆ ਹੈ।

**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**

ਕੋਈ ਬੇ-ਸਮਝ ਬੁੱਤਾਂ ਨੂੰ ਪੂਜਦਾ ਹੈ ਅਤੇ ਕੋਈ ਕਬਰਾਂ ਨੂੰ ਪੂਜਣ ਲਈ ਭੱਜਾ ਫਿਰਦਾ ਹੈ।

**ਕੂਰ ਕ੍ਰਿਆ ਉਰਝਿਓ ਸਭ ਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥**

ਸਾਰਾ ਹੀ ਜੱਗ ਝੂਠੇ ਕੰਮਾਂ ਵਿੱਚ ਫਸਿਆ ਪਿਆ ਹੈ ਅਤੇ ਪਰਮਾਤਮਾ ਦਾ ਭੇਦ ਕਿਸੇ ਨਹੀਂ ਪਾਇਆ।

★ ★

# ਅਨੰਦੁ ਸਾਹਿਬ

## ਰਾਮਕਲੀ ਮਹਲਾ ੩ ਅਨੰਦੁ

ਰਾਮਕਲੀ ਰਾਗ ਵਿੱਚ ਤੀਜੀ ਪਾਤਸ਼ਾਹੀ ਦੀ ਉਚਾਰਨ ਕੀਤੀ, ਅਨੰਦ ਨਾਮ ਦੀ ਬਾਣੀ।

**ੴ ਸਤਿਗੁਰ ਪ੍ਰਸਾਦਿ ॥**

ਉਸ ਸਦਾ ਥਿਰ ਗੁਰੂ ਦੀ ਕਿਰਪਾ ਨਾਲ ਜੋ ਇਕ ਹੈ ਤੇ ਸਾਰੇ ਪਸਰਿਆ ਹੈ।

**ਅਨੰਦੁ ਭਇਆ ਮੇਰੀ ਮਾਏ**
**ਸਤਿਗੁਰੂ ਮੈ ਪਾਇਆ ॥**

ਮੇਰੀ ਮਾਂ! ਮੈਂ ਸੱਚਾ ਗੁਰੂ ਪਾ ਲਿਆ ਹੈ, ਇਸ ਲਈ ਮੈਨੂੰ ਖ਼ੁਸ਼ੀ ਹੋਈ ਹੈ।

**ਸਤਿਗੁਰੂ ਤ ਪਾਇਆ ਸਹਜ ਸੇਤੀ**
**ਮਨਿ ਵਜੀਆ ਵਾਧਾਈਆ ॥**

ਸੱਚਾ ਗੁਰੂ ਸਹਿਜੇ ਹੀ ਪਾਇਆ ਹੈ, ਮਨ ਵਿੱਚ

ਵਧਾਈਆਂ ਦੀ ਗੁੰਜਾਰ ਹੋਣ ਲੱਗ ਪਈ ਹੈ।

**ਰਾਗ ਰਤਨ ਪਰਵਾਰ ਪਰੀਆ**
**ਸਬਦ ਗਾਵਣ ਆਈਆ ॥**

ਅਮੋਲਕ ਰਾਗ, ਆਪਣੀਆਂ ਰਾਗਣੀਆਂ ਤੇ ਪਰਵਾਰ ਸਮੇਤ ਸ਼ਬਦ ਗਾਉਣ ਆਏ ਹਨ।

**ਸਬਦੋ ਤ ਗਾਵਹੁ ਹਰੀ ਕੇਰਾ**
**ਮਨਿ ਜਿਨੀ ਵਸਾਇਆ ॥**

ਪ੍ਰਭੂ ਦਾ ਸ਼ਬਦ ਗਾਵੋ, ਜਿਸ ਨੇ ਮਨ ਨੂੰ ਆਬਾਦ ਕੀਤਾ ਹੈ।

**ਕਹੈ ਨਾਨਕੁ ਅਨੰਦੁ ਹੋਆ**
**ਸਤਿਗੁਰੂ ਮੈ ਪਾਇਆ ॥ ੧ ॥**

ਗੁਰੂ ਜੀ ਕਹਿੰਦੇ ਹਨ ਕਿ ਮੈਂ ਸੱਚਾ ਗੁਰੂ ਪਾ ਲਿਆ ਹੈ, ਇਸ ਲਈ ਮੈਨੂੰ ਖੁਸ਼ੀ ਹੋਈ ਹੈ।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

ਹੇ ਮੇਰੇ ਮਨਾ! ਤੂੰ ਸਦਾ ਹਰੀ ਦੇ ਨਾਲ ਜੁੜਿਆ ਰਹੋ।

**ਹਰਿ ਨਾਲਿ ਰਹੁ ਤੂ ਮੰਨ ਮੇਰੇ**
**ਦੂਖ ਸਭਿ ਵਿਸਾਰਣਾ ।।**

ਹਰੀ ਦੇ ਨਾਲ ਰਹੋ, ਜੋ ਕਿ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ।

**ਅੰਗੀਕਾਰੁ ਓਹੁ ਕਰੇ ਤੇਰਾ**
**ਕਾਰਜ ਸਭਿ ਸਵਾਰਣਾ ।।**

ਉਹ ਤੈਨੂੰ ਕਬੂਲ ਕਰੇਗਾ, ਜੋ ਕਿ ਸਾਰੇ ਕੰਮ ਸੰਵਾਰਣ ਵਾਲਾ ਹੈ।

**ਸਭਨਾ ਗਲਾ ਸਮਰਥੁ ਸੁਆਮੀ**
**ਸੋ ਕਿਉ ਮਨਹੁ ਵਿਸਾਰੇ ।।**

ਉਹ ਮਾਲਕ ਸਾਰੀਆਂ ਗੱਲਾਂ ਵਿੱਚ ਸਮਰੱਥ ਹੈ, ਉਸ ਨੂੰ ਮਨ ਤੋਂ ਕਿਉਂ ਭੁਲਾਂਦਾ ਹੈਂ?

**ਕਹੈ ਨਾਨਕੁ ਮੰਨ ਮੇਰੇ**
**ਸਦਾ ਰਹੁ ਹਰਿ ਨਾਲੇ ।। ੨ ।।**

ਗੁਰੂ ਸਾਹਿਬ ਫੁਰਮਾਂਦੇ ਹਨ- ਹੇ ਮੇਰੇ ਮਨ ! ਤੂੰ ਹਮੇਸ਼ਾਂ ਪ੍ਰਭੂ ਦੇ ਨਾਲ ਰਹੋ।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ।।**

ਹੇ ਸੱਚੇ ਮਾਲਕ! ਤੇਰੇ ਘਰ ਵਿੱਚ ਕਿਹੜੀ ਚੀਜ਼ ਨਹੀਂ ਹੈ?

**ਘਰਿ ਤ ਤੇਰੈ ਸਭੁ ਕਿਛੁ ਹੈ**
**ਜਿਸੁ ਦੇਹਿ ਸੁ ਪਾਵਏ॥**

ਤੇਰੇ ਘਰ ਵਿੱਚ ਸਭ ਕੁਝ ਹੈ, ਜਿਸ ਨੂੰ ਦੇਂਦਾ ਹੈਂ, ਉਹ ਪਾਉਂਦਾ ਹੈ।

**ਸਦਾ ਸਿਫਤਿ ਸਲਾਹ ਤੇਰੀ**
**ਨਾਮੁ ਮਨਿ ਵਸਾਵਏ॥**

ਉਹ ਹਮੇਸ਼ਾ ਤੇਰੀ ਉਪਮਾ ਤੇ ਜਸ ਕਰਦਾ ਹੈ ਤੇ ਤੇਰਾ ਨਾਮ ਮਨ ਵਿੱਚ ਵਸਾਉਂਦਾ ਹੈ।

**ਨਾਮੁ ਜਿਨ ਕੈ ਮਨਿ ਵਸਿਆ**
**ਵਾਜੇ ਸਬਦ ਘਨੇਰੇ॥**

ਜਿਨ੍ਹਾਂ ਦੇ ਮਨ ਵਿੱਚ ਨਾਮ ਵਸਿਆ ਹੈ, ਉਨ੍ਹਾਂ ਦੇ ਹਿਰਦੇ ਵਿੱਚ ਬਹੁਤ ਧੁਨੀਆਂ ਵੱਜਦੀਆਂ ਹਨ।

**ਕਹੈ ਨਾਨਕੁ ਸਚੇ ਸਾਹਿਬ**
**ਕਿਆ ਨਾਹੀ ਘਰਿ ਤੇਰੈ॥੩॥**

ਗੁਰੂ ਸਾਹਿਬ ਕਹਿੰਦੇ ਹਨ-ਹੇ ਸੱਚੇ ਸਾਹਿਬ ਤੇਰੇ ਘਰ

ਕੀ ਨਹੀਂ ਹੈ?

**ਸਾਚਾ ਨਾਮੁ ਮੇਰਾ ਆਧਾਰੋ ।।**

ਸੱਚਾ ਨਾਮ ਮੇਰਾ ਆਸਰਾ ਹੈ।

**ਸਾਚੁ ਨਾਮੁ ਅਧਾਰੁ ਮੇਰਾ**
**ਜਿਨਿ ਭੁਖਾ ਸਭਿ ਗਵਾਈਆ ।।**

ਸੱਚਾ ਨਾਮ ਮੇਰਾ ਆਸਰਾ ਹੈ, ਜਿਸ ਨੇ ਮੇਰੀਆਂ ਸਾਰੀਆਂ ਭੁੱਖਾਂ ਮਿਟਾ ਦਿਤੀਆਂ ਹਨ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ**
**ਜਿਨਿ ਇਛਾ ਸਭਿ ਪੁਜਾਈਆ ।।**

ਮਨ ਵਿੱਚ ਸ਼ਾਂਤੀ ਕਰ ਕੇ ਸੁਖ ਆ ਵਸਿਆ ਹੈ, ਜਿਸ ਨੇ ਸਾਰੀਆਂ ਮੁਰਾਦਾਂ ਪੂਰੀਆਂ ਕੀਤੀਆਂ ਹਨ।

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ**
**ਜਿਸ ਦੀਆ ਏਹਿ ਵਡਿਆਈਆ ।।**

ਮੈਂ ਹਮੇਸ਼ਾ ਗੁਰੂ ਤੋਂ ਕੁਰਬਾਨ ਹਾਂ, ਜਿਸ ਦੀਆਂ ਇਹ ਵਡਿਆਈਆਂ ਹਨ।

**ਕਹੈ ਨਾਨਕੁ ਸੁਣਹੁ ਸੰਤਹੁ**
**ਸਬਦਿ ਧਰਹੁ ਪਿਆਰੋ ।।**

ਗੁਰੂ ਜੀ ਕਹਿੰਦੇ ਹਨ- ਹੇ ਸੰਤੋ ! ਸੁਣੋ, ਸ਼ਬਦ (ਨਾਮ) ਨਾਲ ਪਿਆਰ ਕਾਇਮ ਕਰੋ।

**ਸਾਚਾ ਨਾਮੁ ਮੇਰਾ ਆਧਾਰੋ ।। ੪ ।।**

ਸੱਚਾ ਨਾਮ ਹੀ ਮੇਰਾ ਆਸਰਾ ਹੈ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ।।**

ਉਸ ਭਾਗਾਂ ਵਾਲੇ ਘਰ (ਹਿਰਦੇ) ਵਿੱਚ ਸ਼੍ਰੋਮਣੀ ਸ਼ਬਦਾਂ ਦੀ ਧੁਨ ਵੱਜੀ ਹੈ।

**ਘਰਿ ਸਭਾਗੈ ਸਬਦ ਵਾਜੇ**
**ਕਲਾ ਜਿਤੁ ਘਰਿ ਧਾਰੀਆ ।।**

ਭਾਗਾਂ ਵਾਲੇ ਉਸ ਹਿਰਦੇ ਵਿੱਚ ਸ਼ਬਦਾਂ ਦੀ ਧੁਨ ਵੱਜੀ ਹੈ, ਜਿਸ ਹਿਰਦੇ ਵਿੱਚ ਤੂੰ ਸ਼ਕਤੀ ਵਰਤਾਈ ਹੈ।

**ਪੰਚ ਦੂਤ ਤੁਧੁ ਵਸਿ ਕੀਤੇ**
**ਕਾਲੁ ਕੰਟਕੁ ਮਾਰਿਆ ।।**

ਕਾਮਾਦਿਕ ਪੰਜੇ ਵੈਰੀ ਤੂੰ ਹੀ ਵਸ ਕੀਤੇ ਹਨ ਅਤੇ ਮੌਤ ਜਿਹੇ ਦੁਸ਼ਮਣ ਨੂੰ ਮਾਰ ਮੁਕਾਇਆ ਹੈ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ**
**ਸਿ ਨਾਮਿ ਹਰਿ ਕੈ ਲਾਗੇ ।।**

ਧੁਰ ਤੋਂ ਹੀ ਜਿਨ੍ਹਾਂ ਦੇ ਨਸੀਬ ਵਿੱਚ ਤੂੰ ਪਾਇਆ ਹੈ, ਓਹੀ ਹਰਿ ਨਾਮ ਵਿੱਚ ਲੱਗੇ ਹਨ।

**ਕਹੈ ਨਾਨਕੁ ਤਹ ਸੁਖੁ ਹੋਆ**
**ਤਿਤੁ ਘਰਿ ਅਨਹਦ ਵਾਜੇ ॥ ੫॥**

ਗੁਰੂ ਜੀ ਕਹਿੰਦੇ ਹਨ-ਉਥੇ ਸੁਖ ਹੋਇਆ ਹੈ, ਉਸ ਘਰ ਵਿੱਚ ਅਨਹਦ ਸ਼ਬਦ ਵੱਜਿਆ ਹੈ।

**ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥**

ਸੱਚੀ ਪ੍ਰੀਤ ਤੋਂ ਬਗੈਰ ਸਰੀਰ ਨਿਮਾਣਾ ਹੈ।

**ਦੇਹ ਨਿਮਾਣੀ ਲਿਵੈ ਬਾਝਹੁ**
**ਕਿਆ ਕਰੇ ਵੇਚਾਰੀਆ ॥**

ਪ੍ਰੀਤ ਤੋਂ ਬਿਨਾਂ ਸਰੀਰ ਨਿਮਾਣਾ ਹੈ, ਇਹ ਵਿਚਾਰਾ ਕੀ ਕਰ ਸਕਦਾ ਹੈ?

**ਤੁਧੁ ਬਾਝੁ ਸਮਰਥ ਕੋਇ ਨਾਹੀ**
**ਕ੍ਰਿਪਾ ਕਰਿ ਬਨਵਾਰੀਆ ॥**

ਤੇਰੇ ਬਿਨਾਂ ਹੋਰ ਕੋਈ ਸਮਰੱਥ ਨਹੀਂ, ਹੇ ਜਗਤ ਰੂਪ ਵਾੜੀ ਦੇ ਮਾਲਕ! ਕਿਰਪਾ ਕਰੋ।

**ਏਸ ਨਉ ਹੋਰੁ ਥਾਉ ਨਾਹੀ**
**ਸਬਦਿ ਲਾਗਿ ਸਵਾਰੀਆ ॥**

ਇਸ ਸਰੀਰ ਨੂੰ ਹੋਰ ਕੋਈ ਥਾਂ ਨਹੀਂ, ਇਹ ਸ਼ਬਦ ਨਾਲ ਜੁੜ ਕੇ ਸੁਧਰ ਗਿਆ ਹੈ।

**ਕਹੈ ਨਾਨਕੁ ਲਿਵੈ ਬਾਝਹੁ**
**ਕਿਆ ਕਰੇ ਵੇਚਾਰੀਆ ॥ ੬ ॥**

ਗੁਰੂ ਜੀ ਕਹਿੰਦੇ ਹਨ-ਕਿ ਪ੍ਰੀਤ ਤੋਂ ਬਗੈਰ ਇਹ ਵਿਚਾਰਾ (ਸਰੀਰ) ਕੀ ਕਰ ਸਕਦਾ ਹੈ?

**ਆਨੰਦੁ ਆਨੰਦੁ ਸਭੁ ਕੋ ਕਹੈ**
**ਆਨੰਦੁ ਗੁਰੂ ਤੇ ਜਾਣਿਆ ॥**

ਅਨੰਦ-ਅਨੰਦ ਤਾਂ ਸਭ ਕੋਈ ਕਹਿੰਦਾ ਹੈ, ਅਨੰਦ ਗੁਰੂ ਤੋਂ ਜਾਣਿਆ ਹੈ।

**ਜਾਣਿਆ ਆਨੰਦੁ ਸਦਾ ਗੁਰ ਤੇ**
**ਕ੍ਰਿਪਾ ਕਰੇ ਪਿਆਰਿਆ ॥**

ਹਮੇਸ਼ਾ ਅਨੰਦ ਦਾ ਪਤਾ ਗੁਰੂ ਤੋਂ ਲੱਗਾ, ਉਹ ਆਪਣੇ ਪਿਆਰਿਆਂ 'ਤੇ ਕਿਰਪਾ ਕਰਦਾ ਹੈ।

**ਕਰਿ ਕਿਰਪਾ ਕਿਲਵਿਖ ਕਟੇ**
**ਗਿਆਨ ਅੰਜਨੁ ਸਾਰਿਆ ।।**

ਮਿਹਰ ਕਰ ਕੇ ਪਾਪ ਤੇ ਦੁੱਖ ਦੂਰ ਕਰਦਾ ਹੈ, ਸੱਚੇ ਗਿਆਨ ਦਾ ਸੁਰਮਾ ਅੱਖਾਂ ਵਿੱਚ ਪਾਉਂਦਾ ਹੈ।

**ਅੰਦਰਹੁ ਜਿਨ ਕਾ ਮੋਹੁ ਤੁਟਾ**
**ਤਿਨ ਕਾ ਸਬਦੁ ਸਚੈ ਸਵਾਰਿਆ ।।**

ਜਿਨ੍ਹਾਂ ਦੇ ਮਨਾਂ ਵਿਚੋਂ ਸੰਸਾਰਕ ਮੋਹ ਟੁੱਟ ਗਿਆ ਹੈ, ਉਨ੍ਹਾਂ ਦਾ ਧਰਮੀ-ਜੀਵਨ ਸੱਚੇ ਨੇ ਸਵਾਰ ਦਿੱਤਾ ਹੈ।

**ਕਹੈ ਨਾਨਕੁ ਏਹੁ ਅਨੰਦੁ ਹੈ**
**ਆਨੰਦੁ ਗੁਰ ਤੇ ਜਾਣਿਆ ।। ੭ ।।**

ਗੁਰੂ ਜੀ ਕਹਿੰਦੇ ਹਨ-ਅਨੰਦ ਇਹੋ ਹੈ ਅਤੇ ਇਹ ਅਨੰਦ ਗੁਰੂ ਤੋਂ ਜਾਣਿਆ ਹੈ।

**ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ।।**

ਪੂਜਯ ਪਿਤਾ! ਜਿਸ ਨੂੰ ਤੂੰ ਦੇਂਦਾ ਹੈਂ, ਓਹੀ ਮਨੁੱਖ ਇਸ ਅਨੰਦ ਨੂੰ ਪਾਉਂਦਾ ਹੈ।

**ਪਾਵੈ ਤ ਸੋ ਜਨੁ ਦੇਹਿ ਜਿਸ ਨੋ**
**ਹੋਰਿ ਕਿਆ ਕਰਹਿ ਵੇਚਾਰਿਆ ।।**

ਉਹ ਮਨੁੱਖ ਪਾਉਂਦਾ ਹੈ, ਜਿਸ ਨੂੰ ਦੇਂਦਾ ਹੈਂ, ਹੋਰ ਵਿਚਾਰੇ ਕੀ ਕਰਨ?

**ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ**
**ਇਕਿ ਨਾਮਿ ਲਾਗਿ ਸਵਾਰਿਆ॥**

ਇਕ ਭਰਮ ਵਿੱਚ ਭੁੱਲ ਕੇ ਦਸੀਂ ਪਾਸੀਂ ਭਟਕਦੇ ਫਿਰਦੇ ਹਨ, ਇਕਨਾਂ ਨੇ ਨਾਮ ਵਿੱਚ ਲੱਗ ਕੇ ਜਨਮ ਸਵਾਰ ਲਿਆ ਹੈ।

**ਗੁਰ ਪਰਸਾਦੀ ਮਨੁ ਭਇਆ ਨਿਰਮਲੁ**
**ਜਿਨਾ ਭਾਣਾ ਭਾਵਏ॥**

ਜਿਨ੍ਹਾਂ ਨੂੰ ਤੇਰਾ ਭਾਣਾ ਚੰਗਾ ਲੱਗਦਾ ਹੈ, ਉਨ੍ਹਾਂ ਦਾ ਮਨ ਗੁਰੂ ਦੀ ਕਿਰਪਾ ਨਾਲ ਸਾਫ਼ ਹੋ ਗਿਆ।

**ਕਹੈ ਨਾਨਕੁ ਜਿਸੁ ਦੇਹਿ ਪਿਆਰੇ**
**ਸੋਈ ਜਨੁ ਪਾਵਏ॥੮॥**

ਗੁਰੂ ਸਾਹਿਬ ਕਹਿੰਦੇ ਹਨ—ਹੇ ਪਿਆਰੇ ਪ੍ਰਭੂ! ਜਿਸ ਨੂੰ ਤੂੰ ਦੇਂਦਾ ਹੈਂ, ਓਹੀ ਮਨੁੱਖ ਪਾਉਂਦਾ ਹੈ।

**ਆਵਹੁ ਸੰਤ ਪਿਆਰਿਹੋ**
**ਅਕਥ ਕੀ ਕਰਹ ਕਹਾਣੀ॥**

ਪਿਆਰੇ ਸੰਤੋ! ਆਓ, ਉਸ ਅੱਕਥ ਪ੍ਰਭੂ ਦਾ ਬਿਆਨ ਕਰੀਏ।

**ਕਰਹ ਕਹਾਣੀ ਅਕਥ ਕੇਰੀ**
**ਕਿਤੁ ਦੁਆਰੇ ਪਾਈਐ॥**

ਅਕਥਨੀਯ ਦੀ ਇਹ ਗੱਲ ਕਰੀਏ ਕਿ ਉਹ ਕਿਸ ਤਰੀਕੇ ਨਾਲ ਪਾ ਸਕਦੇ ਹਾਂ।

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ**
**ਹੁਕਮਿ ਮੰਨਿਐ ਪਾਈਐ॥**

ਤਨ, ਮਨ, ਧਨ, ਸਭ ਕੁਝ, ਗੁਰੂ ਨੂੰ ਅਰਪਣ ਕਰ ਕੇ ਹੁਕਮ ਮੰਨ ਕੇ ਪ੍ਰਾਪਤ ਕਰੀਦਾ ਹੈ।

**ਹੁਕਮੁ ਮੰਨਿਹੁ ਗੁਰੂ ਕੇਰਾ**
**ਗਾਵਹੁ ਸਚੀ ਬਾਣੀ॥**

ਗੁਰੂ ਦਾ ਹੁਕਮ ਮੰਨੋ ਅਤੇ ਸੱਚੀ ਬਾਣੀ ਨੂੰ ਗਾਓ।

**ਕਹੈ ਨਾਨਕੁ ਸੁਣਹੁ ਸੰਤਹੁ**
**ਕਥਿਹੁ ਅਕਥ ਕਹਾਣੀ॥੯॥**

ਗੁਰੂ ਜੀ ਕਹਿੰਦੇ ਹਨ-ਹੇ ਸੰਤੋ ! ਸੁਣੋ, ਤੁਸੀਂ ਅੱਕਥ ਪ੍ਰਭੂ ਦੀ ਗੱਲ ਕਰੋ।

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ।।**

ਹੇ ਚੰਚਲ ਮਨ! ਚਲਾਕੀ ਨਾਲ ਕਿਸੇ ਉਸ ਨੂੰ ਨਹੀਂ ਪਾਇਆ।

**ਚਤੁਰਾਈ ਨ ਪਾਇਆ ਕਿਨੈ**
**ਤੂ ਸੁਣਿ ਮੰਨ ਮੇਰਿਆ ।।**

ਹੇ ਮੇਰੇ ਮਨ! ਤੂੰ ਸੁਣ, ਕਿਸੇ ਨੇ ਵੀ ਚਲਾਕੀ ਨਾਲ ਨਹੀਂ ਪਾਇਆ।

**ਏਹ ਮਾਇਆ ਮੋਹਣੀ**
**ਜਿਨਿ ਏਤੁ ਭਰਮਿ ਭੁਲਾਇਆ ।।**

ਇਹ ਮਾਇਆ ਮਨ ਨੂੰ ਮੋਹਣ ਵਾਲੀ ਹੈ, ਜਿਸ ਨੇ ਇਸ ਭਰਮ ਵਿੱਚ ਸੰਸਾਰ ਨੂੰ ਭੁਲਾਇਆ ਹੋਇਆ ਹੈ।

**ਮਾਇਆ ਤ ਮੋਹਣੀ ਤਿਨੈ ਕੀਤੀ**
**ਜਿਨਿ ਠਗਉਲੀ ਪਾਈਆ ।।**

ਇਹ ਮੋਹ ਲੈਣੀ ਮਾਇਆ ਉਸ ਨੇ ਰਚੀ ਹੈ, ਜਿਸ ਨੇ ਇਹ ਠੱਗ-ਬੂਟੀ ਲਾ ਛੱਡੀ ਹੈ।

**ਕੁਰਬਾਣੁ ਕੀਤਾ ਤਿਸੈ ਵਿਟਹੁ**
**ਜਿਨਿ ਮੋਹੁ ਮੀਠਾ ਲਾਇਆ ।।**

ਆਪਣਾ ਆਪ ਉਸ ਉਪਰੋਂ ਕੁਰਬਾਨ ਕੀਤਾ ਹੈ, ਜਿਸ ਨੇ ਮਾਇਆ ਦਾ ਮਿੱਠਾ ਮੋਹ ਲਾਇਆ ਹੈ।

**ਕਹੈ ਨਾਨਕੁ ਮਨ ਚੰਚਲ**
**ਚਤੁਰਾਈ ਕਿਨੈ ਨ ਪਾਇਆ ॥ ੧੦ ॥**

ਗੁਰੂ ਜੀ ਕਹਿੰਦੇ ਹਨ-ਹੇ ਚੰਚਲ ਮਨ ! ਚਲਾਕੀ ਨਾਲ ਕਿਸੇ ਉਸ ਨੂੰ ਨਹੀਂ ਪਾਇਆ।

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**

ਹੇ ਪਿਆਰੇ ਮਨਾ! ਤੂੰ ਸਦਾ ਸੱਚ (ਰੱਬ) ਨੂੰ ਯਾਦ ਰੱਖ।

**ਏਹੁ ਕੁਟੰਬੁ ਤੂ ਜਿ ਦੇਖਦਾ**
**ਚਲੈ ਨਾਹੀ ਤੇਰੈ ਨਾਲੇ ॥**

ਇਹ ਜੋ ਪਰਿਵਾਰ ਤੂੰ ਦੇਖ ਰਿਹਾ ਹੈਂ, ਤੇਰੇ ਨਾਲ ਨਹੀਂ ਜਾਏਗਾ।

**ਸਾਥਿ ਤੇਰੈ ਚਲੈ ਨਾਹੀ**
**ਤਿਸੁ ਨਾਲਿ ਕਿਉ ਚਿਤੁ ਲਾਈਐ ॥**

ਜਦ ਇਹ ਤੇਰੇ ਨਾਲ ਨਹੀਂ ਜਾਏਗਾ ਤਾਂ ਫਿਰ ਇਸ ਨਾਲ ਕਿਉ ਦਿਲ ਲਗਾਈਏ?

**ਐਸਾ ਕੰਮੁ ਮੂਲੇ ਨ ਕੀਚੈ**
**ਜਿਤੁ ਅੰਤਿ ਪਛੋਤਾਈਐ ।।**

ਅਜੇਹਾ ਕੰਮ ਬਿਲਕੁਲ ਨਹੀਂ ਕਰਨਾ ਚਾਹੀਦਾ, ਜਿਸ ਕਰ ਕੇ ਅੰਤ ਨੂੰ ਪਛਤਾਣਾ ਪਵੇ।

**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ।।**

ਤੂੰ ਸੱਚੇ ਗੁਰੂ ਦਾ ਉਪਦੇਸ਼ ਸੁਣ, ਜੋ ਕਿ ਤੇਰੇ ਨਾਲ ਰਹੇਗਾ।

**ਕਹੈ ਨਾਨਕੁ ਮਨ ਪਿਆਰੇ**
**ਤੂ ਸਦਾ ਸਚੁ ਸਮਾਲੇ ।। ੧੧ ।।**

ਗੁਰੂ ਸਾਹਿਬ ਕਹਿੰਦੇ ਹਨ-ਹੇ ਮੇਰੇ ਪਿਆਰੇ ਮਨ! ਤੂੰ ਹਮੇਸ਼ਾ ਸੱਚ ਨੂੰ ਯਾਦ ਰੱਖ।

**ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ।।**

ਪਹੁੰਚ ਤੇ ਗਿਆਨ ਇੰਦਰਿਆਂ ਤੋਂ ਪਰੇ ! ਕਿਸੇ ਵੀ ਤੇਰਾ ਅੰਤ ਨਹੀਂ ਪਾਇਆ।

**ਅੰਤੋ ਨ ਪਾਇਆ ਕਿਨੈ ਤੇਰਾ**
**ਆਪਣਾ ਆਪੁ ਤੂ ਜਾਣਹੇ ।।**

ਕਿਸੇ ਵੀ ਤੇਰਾ ਅੰਤ ਨਹੀ ਪਾਇਆ, ਤੂੰ ਆਪ ਹੀ

ਆਪਣਾ ਆਪ ਜਾਣਦਾ ਹੈਂ।

**ਜੀਅ ਜੰਤ ਸਭਿ ਖੇਲੁ ਤੇਰਾ**
**ਕਿਆ ਕੋ ਆਖਿ ਵਖਾਣਏ॥**

ਜੀਵ-ਜੰਤੂ ਸਭ ਤੇਰਾ ਇਕ ਖੇਲ ਹਨ, ਕੋਈ ਤੇਰੇ ਬਾਰੇ ਕੀ ਕਹਿ ਕੇ ਬਿਆਨ ਕਰੇ।

**ਆਖਹਿ ਤ ਵੇਖਹਿ ਸਭੁ ਤੂਹੈ**
**ਜਿਨਿ ਜਗਤੁ ਉਪਾਇਆ॥**

ਸਭ ਕੁਝ ਤੂੰ ਹੀ ਆਖਦਾ ਤੇ ਵੇਖਦਾ ਹੈਂ, ਜਿਸ ਨੇ ਸੰਸਾਰ ਨੂੰ ਪੈਦਾ ਕੀਤਾ ਹੈ।

**ਕਹੈ ਨਾਨਕੁ ਤੂ ਸਦਾ ਅਗੰਮੁ ਹੈ**
**ਤੇਰਾ ਅੰਤੁ ਨ ਪਾਇਆ॥੧੨॥**

ਗੁਰੂ ਜੀ ਕਹਿੰਦੇ ਹਨ-ਤੂੰ ਹਮੇਸ਼ਾ ਅਪਹੁੰਚ ਹੈਂ, ਤੇਰਾ ਅੰਤ ਕਿਸੇ ਵੀ ਨਹੀਂ ਪਾਇਆ।

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ**
**ਸੁ ਅੰਮ੍ਰਿਤੁ ਗੁਰ ਤੇ ਪਾਇਆ॥**

ਦੇਵਤੇ, ਮਨੁੱਖ ਤੇ ਮੁਨੀ-ਜਨ ਅੰਮ੍ਰਿਤ ਖੋਜਦੇ ਹਨ। ਉਹ ਅੰਮ੍ਰਿਤ (ਨਾਮ) ਗੁਰੂ ਤੋਂ ਪਰਾਪਤ ਹੋਇਆ ਹੈ।

**ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ।।**

ਗੁਰੂ ਨੇ ਕਿਰਪਾ ਕੀਤੀ-ਅੰਮ੍ਰਿਤ ਪਰਾਪਤ ਕੀਤਾ ਹੈ ਤੇ ਸੱਚਾ ਰੱਬ ਮਨ ਵਿੱਚ ਵਸਾਇਆ ਹੈ।

**ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ।।**

ਜੀਵ-ਜੰਤੂ ਸਾਰੇ ਤੂੰ ਹੀ ਪੈਦਾ ਕੀਤੇ ਹਨ, ਪਰ ਕੋਈ ਵਿਰਲਾ ਹੀ ਗੁਰੂ ਨੂੰ ਦੇਖ ਕੇ ਉਸ ਦੀ ਸ਼ਰਨ ਲੈਣ ਆਉਂਦਾ ਹੈ।

**ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ।।**

ਲਾਲਚ, ਮੋਹ, ਹੰਕਾਰ ਦੂਰ ਹੋਇਆ ਤੇ ਸਤਿਗੁਰੂ ਚੰਗਾ ਲੱਗਾ।

**ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ।। ੧੩।।**

ਗੁਰੂ ਜੀ ਕਹਿੰਦੇ ਹਨ-ਜਿਸ 'ਤੇ ਆਪ ਦਿਆਲ ਹੁੰਦਾ ਹੈ, ਉਸ ਨੇ ਨਾਮ-ਅੰਮ੍ਰਿਤ ਗੁਰੂ ਤੋਂ ਪਰਾਪਤ ਕੀਤਾ ਹੈ।

**ਭਗਤਾ ਕੀ ਚਾਲ ਨਿਰਾਲੀ ।।**

ਭਗਤਾਂ ਦੀ ਮਰਯਾਦਾ ਜਗਤ ਨਾਲੋਂ ਵੱਖ ਹੁੰਦੀ ਹੈ।

**ਚਾਲਾ ਨਿਰਾਲੀ ਭਗਤਾਹ ਕੇਰੀ**
**ਬਿਖਮ ਮਾਰਗਿ ਚਲਣਾ ।।**

ਭਗਤਾਂ ਦੀ ਮਰਯਾਦਾ ਅਨੋਖੀ ਹੀ ਹੈ, ਇਹ ਤਾਂ ਔਖੇ ਰਾਹ 'ਤੇ ਚੱਲਣਾ ਹੈ।

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ**
**ਬਹੁਤੁ ਨਾਹੀ ਬੋਲਣਾ ।।**

ਲਾਲਚ, ਮੋਹ, ਹੰਕਾਰ ਤੇ ਇੱਛਾਵਾਂ ਦਾ ਤਿਆਗ ਕਰ ਕੇ ਬਹੁਤ ਬੋਲਣਾ ਵੀ ਨਹੀਂ।

**ਖੰਨਿਅਹੁ ਤਿਖੀ ਵਾਲਹੁ ਨਿਕੀ**
**ਏਤੁ ਮਾਰਗਿ ਜਾਣਾ ।।**

ਇਸ ਰਸਤੇ 'ਤੇ ਜਾਣਾ ਹੈ ਜੋ ਖੰਡੇ ਦੀ ਧਾਰ ਤੋਂ ਵੀ ਤੇਜ ਤੇ ਵਾਲ ਨਾਲੋਂ ਵੀ ਬਰੀਕ ਹੈ।

**ਗੁਰ ਪਰਸਾਦੀ ਜਿਨੀ ਆਪੁ ਤਜਿਆ**
**ਹਰਿ ਵਾਸਨਾ ਸਮਾਣੀ ।।**

ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਨੇ ਆਪਾ ਭਾਵ

ਛੱਡਿਆ ਹੈ, ਉਨ੍ਹਾਂ ਵਿੱਚ ਹਰੀ ਦੀ ਸ਼ਰਧਾ ਆ ਸਮਾਂਦੀ ਹੈ।

**ਕਹੈ ਨਾਨਕੁ ਚਾਲ ਭਗਤਾ**
**ਜੁਗਹੁ ਜੁਗੁ ਨਿਰਾਲੀ।।੧੪।।**

ਗੁਰੂ ਜੀ ਕਹਿੰਦੇ ਹਨ-ਭਗਤਾਂ ਦੀ ਮਰਯਾਦਾ ਜੁਗਾਂ ਜੁਗਾਂਤਰਾਂ ਤੋਂ ਅਨੋਖੀ ਹੈ।

**ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ**
**ਹੋਰੁ ਕਿਆ ਜਾਣਾ ਗੁਣ ਤੇਰੇ।।**

ਹੇ ਮਾਲਕ! ਜਿਵੇਂ ਤੂੰ ਚਲਾਉਂਦਾ ਹੈਂ, ਤਿਵੇਂ ਅਸੀਂ ਚਲਦੇ ਹਾਂ! ਹੋਰ ਤੇਰੇ ਗੁਣ ਮੈਂ ਕੀ ਜਾਣਾਂ?

**ਜਿਵ ਤੂ ਚਲਾਇਹਿ ਤਿਵੈ ਚਲਹ**
**ਜਿਨਾ ਮਾਰਗਿ ਪਾਵਹੇ।।**

ਜਿਸ ਤਰ੍ਹਾਂ ਤੂੰ ਤੋਰਦਾ ਹੈਂ, ਉਸੇ ਤਰ੍ਹਾਂ ਹੀ ਤੁਰਦੇ ਹਨ, ਜਿਨ੍ਹਾਂ ਨੂੰ ਤੂੰ ਆਪਣੇ ਰਾਹ 'ਤੇ ਪਾਉਂਦਾ ਹੈਂ।

**ਕਰਿ ਕਿਰਪਾ ਜਿਨ ਨਾਮਿ ਲਾਇਹਿ**
**ਸਿ ਹਰਿ ਹਰਿ ਸਦਾ ਧਿਆਵਹੇ।।**

ਮਿਹਰ ਕਰ ਕੇ, ਜਿਨ੍ਹਾਂ ਨੂੰ ਨਾਮ ਵਿੱਚ ਲਾ ਲੈਂਦਾ ਹੈਂ,

ਉਹ ਸਦਾ ਹਰੀ-ਹਰੀ ਸਿਮਰਦੇ ਹਨ।

**ਜਿਸ ਨੋ ਕਥਾ ਸੁਣਾਇਹਿ ਆਪਣੀ**
**ਸਿ ਗੁਰਦੁਆਰੈ ਸੁਖੁ ਪਾਵਹੇ॥**

ਜਿਸ ਨੂੰ ਤੂੰ ਆਪਣੀ ਕਥਾ ਸੁਣਾਉਂਦਾ ਹੈਂ, ਉਹ ਗੁਰੂ ਦੇ ਜ਼ਰੀਏ ਸੁਖ ਪਾਉਂਦਾ ਹੈ।

**ਕਹੈ ਨਾਨਕੁ ਸਚੇ ਸਾਹਿਬ**
**ਜਿਉ ਭਾਵੈ ਤਿਵੈ ਚਲਾਵਹੇ॥੧੫॥**

ਗੁਰੂ ਜੀ ਕਹਿੰਦੇ ਹਨ-ਹੇ ਸੱਚੇ ਮਾਲਕ! ਜਿਸ ਤਰ੍ਹਾਂ ਤੈਨੂੰ ਭਾਉਂਦਾ ਹੈ, ਉਸ ਤਰ੍ਹਾਂ ਹੀ ਸਾਨੂੰ ਚਲਾਉਂਦਾ ਹੈਂ।

**ਏਹੁ ਸੋਹਿਲਾ ਸਬਦੁ ਸੁਹਾਵਾ॥**

ਇਹ ਸੋਹਣਾ ਸ਼ਬਦ (ਬਾਣੀ) ਹਰੀ ਦਾ ਜਸ ਹੈ।

**ਸਬਦੋ ਸੁਹਾਵਾ ਸਦਾ ਸੋਹਿਲਾ**
**ਸਤਿਗੁਰੂ ਸੁਣਾਇਆ॥**

ਸੋਹਣਾ ਸ਼ਬਦ ਸਦਾ ਹੀ ਹਰੀ ਦਾ ਜਸ ਹੈ, ਜੋ ਸੱਚੇ ਗੁਰੂ ਨੇ ਸੁਣਾਇਆ ਹੈ।

**ਏਹੁ ਤਿਨ ਕੈ ਮੰਨਿ ਵਸਿਆ**
**ਜਿਨ ਧੁਰਹੁ ਲਿਖਿਆ ਆਇਆ॥**

ਇਹ ਸ਼ਬਦ ਉਨ੍ਹਾਂ ਦੇ ਮਨ ਵਿੱਚ ਵਸਿਆ ਹੈ, ਜਿਨ੍ਹਾਂ ਨੂੰ ਧੁਰ ਤੋਂ ਹੀ ਲਿਖਿਆ ਆਇਆ ਹੈ।

**ਇਕਿ ਫਿਰਹਿ ਘਨੇਰੇ ਕਰਹਿ ਗਲਾ**
**ਗਲੀ ਕਿਨੈ ਨ ਪਾਇਆ ।।**

ਇਕ ਬਹੁਤੀ ਗਿਣਤੀ ਵਿੱਚ ਤੁਰੇ-ਫਿਰਦੇ ਹਨ ਤੇ ਗੱਲਾਂ ਬਣਾਉਂਦੇ ਹਨ। ਨਿਰੀਆਂ ਗੱਲਾਂ ਨਾਲ ਕਿਸੇ ਨੇ ਪ੍ਰਾਪਤ ਨਹੀਂ ਕੀਤਾ।

**ਕਹੈ ਨਾਨਕੁ ਸਬਦੁ ਸੋਹਿਲਾ**
**ਸਤਿਗੁਰੂ ਸੁਣਾਇਆ ।। ੧੬ ।।**

ਗੁਰੂ ਜੀ ਕਹਿੰਦੇ ਹਨ-ਸ਼ਬਦ ਰੂਪੀ ਜਸ ਸੱਚੇ ਗੁਰੂ ਨੇ ਸੁਣਾਇਆ ਹੈ।

**ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ।।**

ਜਿਨ੍ਹਾਂ ਨੇ ਪ੍ਰਭੂ ਨੂੰ ਸਿਮਰਿਆ ਹੈ, ਉਹ ਪਵਿੱਤਰ ਹੋ ਗਏ ਹਨ।

**ਹਰਿ ਧਿਆਇਆ ਪਵਿਤੁ ਹੋਏ**
**ਗੁਰਮੁਖਿ ਜਿਨੀ ਧਿਆਇਆ ।।**

ਜਿਨ੍ਹਾਂ ਹਰੀ ਨੂੰ ਸਿਮਰਿਆ, ਉਹ ਪਵਿੱਤਰ ਹੋ ਗਏ

ਹਨ, ਜਿਨ੍ਹਾਂ ਗੁਰੂ ਦੁਆਰਾ ਸਿਮਰਨ ਕੀਤਾ।

**ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ**
**ਪਵਿਤੁ ਸੰਗਤਿ ਸਬਾਈਆ ॥**

ਉਹ ਮਾਤਾ ਪਿਤਾ ਤੇ ਪਰਿਵਾਰ ਸਮੇਤ ਸਭ ਪਵਿੱਤਰ ਹੋ ਗਏ, ਉਨ੍ਹਾਂ ਨਾਲ ਸਾਰੀ ਸੰਗਤ ਵੀ ਪਵਿੱਤਰ ਹੋ ਗਈ।

**ਕਹਦੇ ਪਵਿਤੁ ਸੁਣਦੇ ਪਵਿਤੁ**
**ਸੇ ਪਵਿਤੁ ਜਿਨੀ ਮੰਨਿ ਵਸਾਇਆ ॥**

ਕਹਿਣ ਵਾਲੇ ਪਵਿੱਤਰ ਹਨ, ਸੁਣਨ ਵਾਲੇ ਪਵਿੱਤਰ ਹਨ, ਜਿਨ੍ਹਾਂ ਨੇ ਤੈਨੂੰ ਮਨ ਵਿੱਚ ਵਸਾਇਆ, ਉਹ ਸਾਰੇ ਪਵਿੱਤਰ ਹਨ।

**ਕਹੈ ਨਾਨਕੁ ਸੇ ਪਵਿਤੁ**
**ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥ ੧੭ ॥**

ਗੁਰੂ ਜੀ ਕਹਿੰਦੇ ਹਨ-ਉਹ ਪਵਿੱਤਰ ਹਨ, ਜਿਨ੍ਹਾਂ ਨੇ ਗੁਰੂ ਦੁਆਰਾ ਹਰੀ-ਹਰੀ ਸਿਮਰਿਆ ਹੈ।

**ਕਰਮੀ ਸਹਜੁ ਨ ਊਪਜੈ**
**ਵਿਣੁ ਸਹਜੈ ਸਹਸਾ ਨ ਜਾਇ ॥**

ਕਰਮ-ਕਾਂਡ ਨਾਲ ਪ੍ਰਭੂ-ਗਿਆਨ ਪੈਦਾ ਨਹੀਂ ਹੁੰਦਾ,

ਗਿਆਨ ਬਿਨਾਂ ਭਰਮ ਨਹੀਂ ਜਾਂਦਾ।

**ਨਹ ਜਾਇ ਸਹਸਾ ਕਿਤੈ ਸੰਜਮਿ**
**ਰਹੇ ਕਰਮ ਕਮਾਏ॥**

ਭਰਮ ਕਿਸੇ ਢੰਗ ਨਾਲ ਨਹੀਂ ਜਾ ਸਕਦਾ, ਭਾਵੇਂ ਲੋਕੀਂ ਕਰਮ-ਕਾਂਡ ਕਰਦੇ ਥੱਕ ਚੁੱਕੇ ਹਨ।

**ਸਹਸੈ ਜੀਉ ਮਲੀਣੁ ਹੈ**
**ਕਿਤੁ ਸੰਜਮਿ ਧੋਤਾ ਜਾਏ॥**

ਭਰਮਾਂ ਕਾਰਨ ਮਨ ਅਪਵਿੱਤਰ ਹੈ, ਇਹ ਕਿਸ ਢੰਗ ਨਾਲ ਧੋਤਾ ਜਾਏ? ਉੱਤਰ-

**ਮੰਨੁ ਧੋਵਹੁ ਸਬਦਿ ਲਾਗਹੁ**
**ਹਰਿ ਸਿਉ ਰਹਹੁ ਚਿਤੁ ਲਾਇ॥**

ਸ਼ਬਦ ਵਿੱਚ ਲਗਾ ਕੇ ਮਨ ਨੂੰ ਧੋਵੇ, ਹਰੀ ਨਾਲ ਚਿਤ ਜੋੜੀ ਰੱਖੇ।

**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ**
**ਇਹੁ ਸਹਸਾ ਇਵ ਜਾਇ॥੧੮॥**

ਗੁਰੂ ਜੀ ਕਹਿੰਦੇ ਹਨ-ਗੁਰੂ ਦੀ ਕਿਰਪਾ ਨਾਲ ਗਿਆਨ ਉਪਜਦਾ ਹੈ, ਇਹ ਭਰਮ ਇੰਜ ਜਾਂਦਾ ਹੈ।

**ਜੀਅਹੁ ਮੈਲੇ ਬਾਹਰਹੁ ਨਿਰਮਲ ॥**

ਜੋ ਦਿਲੋਂ ਖੋਟੇ, ਪਰ ਬਾਹਰੋਂ ਸਾਫ਼ ਹਨ।

**ਬਾਹਰਹੁ ਨਿਰਮਲ ਜੀਅਹੁ ਤ ਮੈਲੇ**
**ਤਿਨੀ ਜਨਮੁ ਜੂਐ ਹਾਰਿਆ ॥**

ਬਾਹਰੋਂ ਸਾਫ਼ ਹਨ, ਪਰ ਦਿਲੋਂ ਮੈਲੇ ਹਨ, ਉਨ੍ਹਾਂ ਨੇ ਆਪਣਾ ਜਨਮ ਜੂਏ ਵਿੱਚ ਹਾਰ ਦਿੱਤਾ ਹੈ।

**ਏਹ ਤਿਸਨਾ ਵਡਾ ਰੋਗੁ ਲਗਾ**
**ਮਰਣੁ ਮਨਹੁ ਵਿਸਾਰਿਆ ॥**

ਇਹ ਤ੍ਰਿਸ਼ਨਾ ਹੀ ਉਨ੍ਹਾਂ ਨੂੰ ਵੱਡਾ ਰੋਗ ਲੱਗਾ ਹੋਇਆ ਹੈ, ਉਨ੍ਹਾਂ ਨੇ ਮੌਤ ਨੂੰ ਮਨ ਤੋਂ ਵਿਸਾਰਿਆ ਹੋਇਆ ਹੈ।

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ**
**ਫਿਰਹਿ ਜਿਉ ਬੇਤਾਲਿਆ ॥**

ਵੇਦਾਂ ਵਿੱਚ ਜੋ ਨਾਮ ਉੱਤਮ ਦੱਸਿਆ ਗਿਆ ਹੈ, ਉਹ ਤਾਂ ਸੁਣਦੇ ਨਹੀਂ ਅਤੇ ਭੂਤਨਿਆਂ ਵਾਂਗ ਭਟਕਦੇ ਫਿਰਦੇ ਹਨ।

**ਕਹੈ ਨਾਨਕੁ ਜਿਨ ਸਚੁ ਤਜਿਆ**
**ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥ ੧੯ ॥**

ਗੁਰੂ ਜੀ ਕਹਿੰਦੇ ਹਨ-ਜਿਨ੍ਹਾਂ ਨੇ ਸੱਚ ਦਾ ਤਿਆਗ ਕੀਤਾ ਤੇ ਝੂਠ ਨਾਲ ਲੱਗੇ ਹਨ, ਉਹਨਾਂ ਨੇ ਜਨਮ ਜੂਏ ਵਿੱਚ ਅਜਾਈਂ ਗਵਾ ਲਿਆ ਹੈ।

**ਜੀਅਹੁ ਨਿਰਮਲ ਬਾਹਰਹੁ ਨਿਰਮਲ ।।**

ਜੋ ਸਾਫ਼ ਦਿਲ ਹਨ ਤੇ ਬਾਹਰੋਂ ਵੀ ਪਵਿੱਤਰ ਹਨ।

**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ ।।**

ਬਾਹਰੋਂ ਵੀ ਸਾਫ਼ ਤੇ ਦਿਲੋਂ ਵੀ ਸਾਫ਼ ਹਨ ਅਤੇ ਸਤਿਗੁਰੂ ਪਾਸੋਂ ਨੇਕੀ ਕਰਨੀ ਸਿੱਖ ਲਈ ਹੈ।

**ਕੂੜ ਕੀ ਸੋਇ ਪਹੁਚੈ ਨਾਹੀ
ਮਨਸਾ ਸਚਿ ਸਮਾਣੀ ।।**

ਉਨ੍ਹਾਂ ਨੂੰ ਝੂਠ ਦੀ ਸੋਅ ਵੀ ਨਹੀਂ ਪਹੁੰਚਦੀ, ਮਨ ਦੀ ਇੱਛਾ ਸੱਚ ਵਿੱਚ ਸਮਾਈ ਹੁੰਦੀ ਹੈ।

**ਜਨਮੁ ਰਤਨੁ ਜਿਨੀ ਖਟਿਆ
ਭਲੇ ਸੇ ਵਣਜਾਰੇ ।।**

ਜਿਨ੍ਹਾਂ ਨੇ ਜਨਮ ਦੇ ਰਤਨ ਨੂੰ ਖੱਟ ਲਿਆ ਹੈ, ਉਹ ਵਪਾਰੀ ਚੰਗੇ ਹਨ।

**ਕਹੈ ਨਾਨਕੁ ਜਿਨ ਮੰਨੁ ਨਿਰਮਲੁ**
**ਸਦਾ ਰਹਹਿ ਗੁਰ ਨਾਲੇ ॥੨੦॥**

ਗੁਰੂ ਜੀ ਕਹਿੰਦੇ ਹਨ ਕਿ ਜੋ ਦਿਲੋਂ ਸਾਫ਼ ਹਨ, ਉਹ ਸਦਾ ਗੁਰੂ ਦੇ ਨਾਲ ਰਹਿੰਦੇ ਹਨ।

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**

ਜੇ ਕੋਈ ਸਿੱਖ ਗੁਰੂ ਦੇ ਹਜ਼ੂਰ ਹਾਜ਼ਰ ਹੋਵੇ।

**ਹੋਵੈ ਤ ਸਨਮੁਖੁ ਸਿਖੁ ਕੋਈ**
**ਜੀਅਹੁ ਰਹੈ ਗੁਰ ਨਾਲੇ ॥**

ਹਾਂ, ਜੇ ਕੋਈ ਸਿੱਖ ਦਿਲੋਂ ਹਾਜ਼ਰ ਹੋਵੇ ਤਾਂ ਦਿਲੋਂ ਗੁਰੂ ਦੇ ਨਾਲ ਰਹੇ।

**ਗੁਰ ਕੇ ਚਰਨ ਹਿਰਦੈ ਧਿਆਏ**
**ਅੰਤਰ ਆਤਮੈ ਸਮਾਲੇ ॥**

ਗੁਰੂ ਦੇ ਚਰਨਾਂ ਦਾ ਦਿਲ ਵਿੱਚ ਧਿਆਨ ਕਰੇ ਅਤੇ ਹਿਰਦੇ ਅੰਦਰ ਸਿਮਰਨ ਕਰੇ।

**ਆਪੁ ਛਡਿ ਸਦਾ ਰਹੈ ਪਰਣੈ**
**ਗੁਰ ਬਿਨੁ ਅਵਰੁ ਨ ਜਾਣੈ ਕੋਏ ॥**

ਆਪਾ ਭਾਵ ਛੋੜ ਕੇ ਗੁਰੂ ਭਰੋਸੇ ਵਿੱਚ ਰਹੇ, ਗੁਰੂ ਦੇ

ਬਿਨਾਂ ਹੋਰ ਕੋਈ ਸਹਾਰਾ ਨਾ ਸਮਝੇ।

**ਕਹੈ ਨਾਨਕੁ ਸੁਣਹੁ ਸੰਤਹੁ**
**ਸੋ ਸਿਖੁ ਸਨਮੁਖੁ ਹੋਏ॥੨੧॥**

ਗੁਰੂ ਜੀ ਕਹਿੰਦੇ ਹਨ-ਹੇ ਸੰਤੋ ! ਸੁਣੋ, ਐਸਾ ਸਿੱਖ ਗੁਰੂ ਦੀ ਹਾਜ਼ਰੀ ਵਿੱਚ ਹੁੰਦਾ ਹੈ।

**ਜੇ ਕੋ ਗੁਰ ਤੇ ਵੇਮੁਖੁ ਹੋਵੈ**
**ਬਿਨੁ ਸਤਿਗੁਰ ਮੁਕਤਿ ਨ ਪਾਵੈ॥**

ਜੇ ਕੋਈ ਗੁਰੂ ਤੋਂ ਬੇਮੁਖ ਹੋ ਜਾਵੇ ਤਾਂ ਉਹ ਸਤਿਗੁਰੂ ਤੋਂ ਬਿਨਾਂ ਮੁਕਤੀ ਨਹੀ ਪਾਉਂਦਾ।

**ਪਾਵੈ ਮੁਕਤਿ ਨ ਹੋਰ ਥੈ ਕੋਈ**
**ਪੁਛਹੁ ਬਿਬੇਕੀਆ ਜਾਏ॥**

ਕਿਸੇ ਹੋਰ ਥਾਉਂ ਉਹ ਮੁਕਤੀ ਨਹੀਂ ਪਾਉਂਦਾ, ਜਾ ਕੇ ਵਿਚਾਰਵਾਨਾਂ ਤੋਂ ਪੁੱਛ ਲਓ।

**ਅਨੇਕ ਜੂਨੀ ਭਰਮਿ ਆਵੈ**
**ਵਿਣੁ ਸਤਿਗੁਰ ਮੁਕਤਿ ਨ ਪਾਏ॥**

ਉਹ ਅਨੇਕਾਂ ਜੂਨਾਂ ਵਿੱਚ ਭਰਮਦਾ ਹੋਇਆ ਕਿਉਂ ਨਾ ਆਵੇ, ਸਤਿਗੁਰੂ ਤੋਂ ਬਿਨਾਂ ਮੁਕਤੀ ਨਹੀਂ ਪਾਉਂਦਾ।

**ਫਿਰਿ ਮੁਕਤਿ ਪਾਏ ਲਾਗਿ ਚਰਣੀ**
**ਸਤਿਗੁਰੂ ਸਬਦੁ ਸੁਣਾਏ ॥**

ਗੁਰੂ ਦੀ ਚਰਨੀਂ ਲੱਗ ਕੇ ਫਿਰ ਮੁਕਤੀ ਪਾਉਂਦਾ ਹੈ, ਜਦੋਂ ਸਤਿਗੁਰੂ ਸ਼ਬਦ ਸੁਣਾਉਂਦੇ ਹਨ।

**ਕਹੈ ਨਾਨਕੁ ਵੀਚਾਰਿ ਦੇਖਹੁ**
**ਵਿਣੁ ਸਤਿਗੁਰ ਮੁਕਤਿ ਨ ਪਾਏ ॥ ੨੨ ॥**

ਗੁਰੂ ਜੀ ਕਹਿੰਦੇ ਹਨ ਕਿ ਵਿਚਾਰ ਕੇ ਦੇਖ ਲਓ ਬਗ਼ੈਰ ਸਤਿਗੁਰੂ ਦੇ ਮੁਕਤੀ ਨਹੀਂ ਪਾਉਂਦਾ।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ**
**ਗਾਵਹੁ ਸਚੀ ਬਾਣੀ ॥**

ਹੇ ਸਤਿਗੁਰੂ ਦੇ ਪਿਆਰੇ ਸਿੱਖੋ! ਸੱਚੀ ਬਾਣੀ ਗਾਵੋ।

**ਬਾਣੀ ਤ ਗਾਵਹੁ ਗੁਰੂ ਕੇਰੀ**
**ਬਾਣੀਆ ਸਿਰਿ ਬਾਣੀ ॥**

ਬਾਣੀ ਗੁਰੂ ਦੀ ਹੀ ਗਾਵੋ, ਜੋ ਸਭਨਾਂ ਬਾਣੀਆਂ ’ਚੋਂ ਸ਼੍ਰੋਮਣੀ ਬਾਣੀ ਹੈ।

**ਜਿਨ ਕਉ ਨਦਰਿ ਕਰਮੁ ਹੋਵੈ**
**ਹਿਰਦੈ ਤਿਨਾ ਸਮਾਣੀ ॥**

ਜਿਨ੍ਹਾਂ ਉੱਪਰ ਗੁਰੂ ਦੀ ਮਿਹਰ ਦੀ ਨਜ਼ਰ ਹੁੰਦੀ ਹੈ ਬਾਣੀ ਉਨ੍ਹਾਂ ਦੇ ਦਿਲ ਵਿੱਚ ਸਮਾਉਂਦੀ ਹੈ।

**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥**

ਅੰਮ੍ਰਿਤ ਪੀਓ ਤੇ ਹਮੇਸ਼ਾ ਹਰੀ ਦੇ ਪ੍ਰੇਮ ਵਿੱਚ ਰਹੋ ਅਤੇ ਧਨੁਖਧਾਰੀ ਪ੍ਰਭੂ ਦਾ ਸਿਮਰਨ ਕਰੋ।

**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥੨੩॥**

ਗੁਰੂ ਜੀ ਕਹਿੰਦੇ ਹਨ-ਹਮੇਸ਼ਾ ਹੀ ਇਹ ਸੱਚੀ ਬਾਣੀ ਗਾਵੋ।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥**

ਸੱਚੇ ਗੁਰੂ ਦੀ ਬਾਣੀ ਤੋਂ ਬਿਨਾਂ ਹੋਰ ਬਾਣੀ ਝੂਠੀ ਹੈ।

**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥**

ਸੱਚੇ ਗੁਰੂ ਦੇ ਬਗ਼ੈਰ ਹੋਰ ਬਾਣੀ ਝੂਠੀ ਹੈ, ਹੋਰ ਬਾਣੀ ਕੱਚੀ ਹੈ।

**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥**

ਕਹਿਣ ਵਾਲੇ ਝੂਠੇ ਹਨ, ਸੁਣਨ ਵਾਲੇ ਕੱਚੇ ਹਨ ਤੇ ਉਹ ਝੂਠੇ ਹਨ ਜੋ ਇਸ ਨੂੰ ਕਹਿ ਕੇ ਬਿਆਨ ਕਰਦੇ ਹਨ।

**ਹਰਿ ਹਰਿ ਨਿਤ ਕਰਹਿ ਰਸਨਾ**
**ਕਹਿਆ ਕਛੂ ਨ ਜਾਣੀ॥**

ਭਾਵੇਂ ਜ਼ਬਾਨ ਨਾਲ ਹਰ ਰੋਜ਼ ਹਰੀ-ਹਰੀ ਕਹਿੰਦੇ ਹਨ, ਪਰ ਜੋ ਕੁਝ ਕਹਿੰਦੇ ਹਨ ਉਸ ਦਾ ਮਤਲਬ ਨਹੀਂ ਜਾਣਦੇ।

**ਚਿਤੁ ਜਿਨ ਕਾ ਹਿਰਿ ਲਇਆ ਮਾਇਆ**
**ਬੋਲਨਿ ਪਏ ਰਵਾਣੀ॥**

ਜਿਨ੍ਹਾਂ ਦਾ ਮਨ ਮਾਇਆ ਨੇ ਠੱਗ ਲਿਆ ਹੈ, ਉਹ ਬਗ਼ੈਰ ਸਮਝਣ ਦੇ ਹੀ ਬੋਲੀ ਜਾਂਦੇ ਹਨ।

**ਕਹੈ ਨਾਨਕੁ ਸਤਿਗੁਰੂ ਬਾਝਹੁ**
**ਹੋਰ ਕਚੀ ਬਾਣੀ॥੨੪॥**

ਗੁਰੂ ਜੀ ਕਹਿੰਦੇ ਹਨ-ਸੱਚੇ ਗੁਰੂ ਦੇ ਬਗ਼ੈਰ ਹੋਰ ਸਭ ਬਾਣੀ ਕੱਚੀ ਹੈ।

**ਗੁਰ ਕਾ ਸਬਦੁ ਰਤੰਨੁ ਹੈ**
**ਹੀਰੇ ਜਿਤੁ ਜੜਾਉ ॥**

ਗੁਰੂ ਕਾ ਸ਼ਬਦ ਰਤਨ ਦੀ ਤਰ੍ਹਾਂ ਹੈ, ਜਿਸ ਵਿੱਚ ਹੀਰੇ ਜੜੇ ਹੋਏ ਹਨ।

**ਸਬਦੁ ਰਤਨੁ ਜਿਤੁ ਮੰਨੁ ਲਾਗਾ**
**ਏਹੁ ਹੋਆ ਸਮਾਉ ॥**

ਸ਼ਬਦ ਰੂਪੀ ਰਤਨ ਜਿਸ ਮਨ 'ਤੇ ਪ੍ਰਭਾਵਿਤ ਹੋਇਆ, ਇਹ ਮਨ ਉਸ ਵਿੱਚ ਹੀ ਅਭੇਦ ਹੋ ਗਿਆ।

**ਸਬਦ ਸੇਤੀ ਮਨੁ ਮਿਲਿਆ**
**ਸਚੈ ਲਾਇਆ ਭਾਉ ॥**

ਸ਼ਬਦ ਨਾਲ ਮਨ ਮਿਲ ਗਿਆ ਤੇ ਸੱਚੇ ਪ੍ਰਮੇਸ਼ਰ ਨਾਲ ਪਿਆਰ ਪੈ ਗਿਆ।

**ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥**

ਪ੍ਰਭੂ ਆਪੇ ਜਿਸ ਨੂੰ ਪਰਗਟ ਕਰਦਾ ਹੈ, ਉਹ ਜਾਣ ਜਾਂਦਾ ਹੈ ਕਿ ਉਹ ਆਪ ਹੀ ਹੀਰਾ ਤੇ ਰਤਨ ਹੈ।

**ਕਹੈ ਨਾਨਕੁ ਸਬਦੁ ਰਤਨੁ ਹੈ**
**ਹੀਰਾ ਜਿਤੁ ਜੜਾਉ ॥ ੨੫ ॥**

ਗੁਰੂ ਸਾਹਿਬ ਕਹਿੰਦੇ ਹਨ-ਗੁਰੂ ਦਾ ਸ਼ਬਦ ਰਤਨ ਦੀ ਤਰ੍ਹਾਂ ਹੈ, ਜਿਸ ਵਿੱਚ ਹੀਰੇ ਜੜੇ ਹੋਏ ਹਨ।

**ਸਿਵ ਸਕਤਿ ਆਪਿ ਉਪਾਇ ਕੈ**
**ਕਰਤਾ ਆਪੇ ਹੁਕਮੁ ਵਰਤਾਏ॥**

ਸ਼ਾਂਤੀ ਤੇ ਤ੍ਰਿਸ਼ਨਾ ਆਪ ਹੀ ਪੈਦਾ ਕਰ ਕੇ ਕਰਤਾਰ ਆਪ ਹੀ ਹੁਕਮ ਵਰਤੋਂ ਵਿੱਚ ਲਿਆਂਦਾ ਹੈ।

**ਹੁਕਮੁ ਵਰਤਾਏ ਆਪਿ ਵੇਖੈ**
**ਗੁਰਮੁਖਿ ਕਿਸੈ ਬੁਝਾਏ॥**

ਹੁਕਮ ਦੀ ਵਰਤੋਂ ਕਰ ਕੇ ਆਪੇ ਵੇਖਦਾ ਹੈ ਅਤੇ ਕਿਸੇ ਗੁਰਮੁਖ ਨੂੰ ਪ੍ਰਗਟ ਕਰਦਾ ਹੈ।

**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥**

(ਕਿ ਉਹ ਸੰਸਕਾਰ) ਬੰਧਨ ਤੋੜੇ ਅਤੇ ਸ਼ਬਦ ਮਨ ਵਿੱਚ ਵਸਾ ਕੇ ਮੁਕਤ ਹੋ ਜਾਵੇ।

**ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ**
**ਏਕਸ ਸਿਉ ਲਿਵ ਲਾਏ॥**

ਗੁਰਮੁਖ ਉਹੀ ਹੁੰਦਾ ਹੈ, ਜਿਸ ਨੂੰ ਉਹ ਆਪ ਬਣਾਏ ਅਤੇ ਉਹੀ ਇਕੋ ਪ੍ਰਭੂ ਨਾਲ ਪਿਆਰ ਪਾਉਂਦਾ ਹੈ।

**ਕਹੈ ਨਾਨਕੁ ਆਪਿ ਕਰਤਾ**
**ਆਪੇ ਹੁਕਮੁ ਬੁਝਾਏ ॥੨੬॥**

ਗੁਰੂ ਜੀ ਕਹਿੰਦੇ ਹਨ-ਉਹ ਆਪ ਹੀ ਕਰਤਾ ਹੈ ਤੇ ਆਪ ਹੀ ਆਪਣੇ ਹੁਕਮ ਨੂੰ ਸਮਝਾਉਂਦਾ ਹੈ।

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ**
**ਤਤੈ ਸਾਰ ਨ ਜਾਣੀ ॥**

ਸਿਮ੍ਰਿਤੀਆਂ ਤੇ ਸ਼ਾਸਤਰ ਪੁੰਨ ਪਾਪ ਵਿਚਾਰਦੇ ਹਨ, ਪਰ ਮਨੁੱਖ ਨੇ ਅਸਲ ਹਕੀਕਤ ਨੂੰ ਨਹੀਂ ਜਾਣਿਆ।

**ਤਤੈ ਸਾਰ ਨ ਜਾਣੀ ਗੁਰੂ ਬਾਝਹੁ**
**ਤਤੈ ਸਾਰ ਨ ਜਾਣੀ ॥**

ਅਸਲੀਅਤ ਨਹੀਂ ਜਾਣੀ, ਗੁਰੂ ਤੋਂ ਬਿਨਾਂ ਅਸਲ ਹਕੀਕਤ ਨਹੀਂ ਜਾਣੀ।

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ**
**ਸੁਤਿਆ ਰੈਣਿ ਵਿਹਾਣੀ ॥**

ਸੰਸਾਰ ਤਿੰਨਾਂ ਗੁਣਾਂ ਦੇ ਭਰਮਾਂ ਵਿੱਚ ਸੁੱਤਾ ਪਿਆ ਹੈ। ਸੁੱਤਿਆਂ ਹੀ (ਜੀਵਨ ਦੀ) ਰਾਤ ਬੀਤ ਗਈ।

**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ।।**

ਗੁਰੂ ਦੀ ਕਿਰਪਾ ਨਾਲ ਉਹ ਜੀਵ ਜਾਗੇ ਹਨ, ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਵੱਸਿਆ ਹੈ, ਉਹ ਅੰਮ੍ਰਿਤ ਰੂਪੀ ਬਚਨ ਬੋਲਦੇ ਹਨ।

**ਕਹੈ ਨਾਨਕੁ ਸੋ ਤਤੁ ਪਾਏ
ਜਿਸ ਨੋ ਅਨਦਿਨੁ ਹਰਿ ਲਿਵ ਲਾਗੈ
ਜਾਗਤ ਰੈਣਿ ਵਿਹਾਣੀ ।। ੨੭ ।।**

ਗੁਰੂ ਜੀ ਕਹਿੰਦੇ ਹਨ-ਉਹ ਅਸਲੀਅਤ ਨੂੰ ਪਾਉਂਦਾ ਹੈ, ਜਿਸ ਨੂੰ ਦਿਨ ਰਾਤ ਪ੍ਰਭੂ ਦੇ ਪਿਆਰ ਦੀ ਲਿਵ ਲੱਗਦੀ ਹੈ; ਉਹ ਸੁਚੇਤ ਹੋ ਕੇ ਜੀਵਨ ਰੂਪੀ ਰਾਤ ਬਿਤਾਉਂਦੇ ਹਨ।

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ
ਸੋ ਕਿਉ ਮਨਹੁ ਵਿਸਾਰੀਐ ।।**

ਮਾਂ ਦੇ ਗਰਭ ਵਿੱਚ ਜੋ (ਬੱਚੇ ਦੀ) ਪਾਲਣਾ ਕਰਦਾ ਹੈ, ਉਸ ਨੂੰ ਦਿਲੋਂ ਕਿਉਂ ਭੁਲਾਈਏ?

**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ
ਜਿ ਅਗਨਿ ਮਹਿ ਆਹਾਰੁ ਪਹੁਚਾਵਏ ।।**

ਐਡਾ ਵੱਡਾ ਦਾਤਾ ਦਿਲੋਂ ਕਿਉ ਭੁਲਾਈਏ, ਜੋ (ਗਰਭ ਦੀ) ਅੱਗ ਵਿੱਚ ਖਾਣਾ ਪਹੁੰਚਾਉਂਦਾ ਹੈ।

**ਓਸ ਨੋ ਕਿਹੁ ਪੋਹਿ ਨ ਸਕੀ**
**ਜਿਸ ਨਉ ਆਪਣੀ ਲਿਵ ਲਾਵਏ ।।**

ਜਿਸ ਨੂੰ ਆਪਣੀ ਪ੍ਰੀਤੀ ਲਾਉਂਦਾ ਹੈ, ਉਸ ਨੂੰ ਕੋਈ ਦੁੱਖ ਦਰਦ ਅਸਰ ਨਹੀਂ ਕਰ ਸਕਦਾ।

**ਆਪਣੀ ਲਿਵ ਆਪੇ ਲਾਏ**
**ਗੁਰਮੁਖਿ ਸਦਾ ਸਮਾਲੀਐ ।।**

ਆਪਣੀ ਪ੍ਰੀਤ ਵਿੱਚ ਆਪ ਹੀ ਲਾਉਂਦਾ ਹੈ, ਆਓ, ਐਸੇ ਪ੍ਰਭੂ ਦਾ ਗੁਰੂ ਰਾਹੀਂ ਸਦਾ ਸਿਮਰਨ ਕਰੀਏ।

**ਕਹੈ ਨਾਨਕੁ ਏਵਡੁ ਦਾਤਾ**
**ਸੋ ਕਿਉ ਮਨਹੁ ਵਿਸਾਰੀਐ ।। ੨੯ ।।**

ਗੁਰੂ ਜੀ ਕਹਿੰਦੇ ਹਨ-ਜੋ ਇਤਨਾ ਵੱਡਾ ਦਾਤਾ ਹੈ, ਉਸ ਨੂੰ ਮਨੋਂ ਕਿਉ ਭੁਲਾਈਏ ?

**ਜੈਸੀ ਅਗਨਿ ਉਦਰ ਮਹਿ**
**ਤੈਸੀ ਬਾਹਰਿ ਮਾਇਆ ।।**

ਜਿਸ ਤਰ੍ਹਾਂ ਦੀ ਅੱਗ ਗਰਭ ਵਿੱਚ ਹੈ, ਉਹੋ ਜਿਹੀ

ਹੀ ਗਰਭ ਤੋਂ ਬਾਹਰ ਮਾਇਆਵੀ ਅੱਗ ਹੈ।

**ਮਾਇਆ ਅਗਨਿ ਸਭ ਇਕੋ ਜੇਹੀ**
**ਕਰਤੈ ਖੇਲੁ ਰਚਾਇਆ॥**

ਸਾਰੀ ਮਾਇਆ ਤੇ ਅੱਗ ਇਕੋ ਤਰ੍ਹਾਂ ਹਨ, ਇਹ ਕਰਤਾਰ ਨੇ ਖੇਲ ਰਚਿਆ ਹੈ।

**ਜਾ ਤਿਸੁ ਭਾਣਾ ਤਾ ਜੰਮਿਆ**
**ਪਰਵਾਰਿ ਭਲਾ ਭਾਇਆ॥**

ਜਦ ਉਸ ਦੀ ਇੱਛਾ ਹੋਈ ਤਾਂ ਜੀਵ ਜੰਮਿਆ ਤੇ ਪਰਿਵਾਰ ਨੂੰ ਚੰਗਾ ਲੱਗਾ।

**ਲਿਵ ਛੁੜਕੀ ਲਗੀ ਤ੍ਰਿਸਨਾ**
**ਮਾਇਆ ਅਮਰੁ ਵਰਤਾਇਆ॥**

ਪ੍ਰਭੂ ਦੀ ਪ੍ਰੀਤੀ ਟੁੱਟ ਗਈ, ਤ੍ਰਿਸ਼ਨਾ ਲੱਗ ਗਈ ; ਇੰਜ ਮਾਇਆ ਨੇ ਹੁਕਮ ਵਰਤਾ ਦਿੱਤਾ।

**ਏਹ ਮਾਇਆ ਜਿਤੁ ਹਰਿ ਵਿਸਰੈ**
**ਮੋਹੁ ਉਪਜੈ ਭਾਉ ਦੂਜਾ ਲਾਇਆ॥**

ਇਹ ਮਾਇਆ ਹੀ ਹੈ ਜਿਸ ਕਾਰਨ ਹਰੀ ਵਿਸਰ ਜਾਂਦਾ ਹੈ, ਮੋਹ ਪੈਦਾ ਹੁੰਦਾ ਹੈ ਤੇ ਦੂਜੇ ਪਾਸੇ ਪਿਆਰ ਲੱਗ

ਜਾਂਦਾ ਹੈ।

**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ।। ੨੯ ।।**

ਗੁਰੂ ਜੀ ਕਹਿੰਦੇ ਹਨ-ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਦੀ ਲਿਵ ਹਰੀ ਨਾਲ ਲੱਗ ਗਈ ਹੈ, ਉਨ੍ਹਾਂ ਨੇ ਮਾਇਆ ਵਿੱਚ ਹੀ ਪ੍ਰਭੂ ਨੂੰ ਪਾ ਲਿਆ ਹੈ।

**ਹਰਿ ਆਪਿ ਅਮੁਲਕੁ ਹੈ**
**ਮੁਲਿ ਨ ਪਾਇਆ ਜਾਇ ।।**

ਪ੍ਰਮੇਸ਼ਰ ਆਪ ਬੇ-ਕੀਮਤਾ ਹੈ, ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ।

**ਮੁਲਿ ਨ ਪਾਇਆ ਜਾਇ ਕਿਸੈ ਵਿਟਹੁ**
**ਰਹੇ ਲੋਕ ਵਿਲਲਾਇ ।।**

ਲੋਕ ਵਿਲ੍ਹਕਦੇ ਫਿਰਦੇ ਹਨ, ਕਿਸੇ ਕੋਲੋਂ ਉਸ ਦਾ ਮੁੱਲ ਨਹੀਂ ਪਾਇਆ ਜਾਂਦਾ।

**ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ।।**

ਜੇ ਐਸਾ ਸਤਿਗੁਰੂ ਮਿਲ ਜਾਏ, ਜਿਸ ਨਾਲ ਅੰਦਰੋਂ

ਆਪਾ ਭਾਵ ਮਿਟ ਜਾਏ ਤਾਂ ਉਸ ਨੂੰ ਸਿਰ ਸੌਂਪ ਦੇਈਏ।

**ਜਿਸ ਦਾ ਜੀਉ ਤਿਸੁ ਮਿਲਿ ਰਹੈ**
**ਹਰਿ ਵਸੈ ਮਨਿ ਆਇ॥**

ਇਹ ਜੀਵ ਜਿਸ ਦਾ ਪੈਦਾ ਕੀਤਾ ਹੈ, ਉਸ ਨਾਲ ਜੁੜਿਆ ਰਹੇ, ਪ੍ਰਭੂ ਉਸ ਦੇ ਮਨ ਵਿੱਚ ਵਸ ਜਾਏ।

**ਹਰਿ ਆਪਿ ਅਮੁਲਕੁ ਹੈ**
**ਭਾਗ ਤਿਨਾ ਕੇ ਨਾਨਕਾ**
**ਜਿਨ ਹਰਿ ਪਲੈ ਪਾਇ॥ ੩੦॥**

ਪ੍ਰਭੂ ਆਪ ਬੇ-ਕੀਮਤ ਹੈ, ਹੇ ਨਾਨਕ ! ਉਹਨਾਂ ਦੇ ਭਾਗ ਚੰਗੇ ਹਨ; ਜਿਹਨਾਂ ਦੇ ਪੱਲੇ ਉਹ ਹਰੀ ਨਾਮ ਪਾ ਦੇਂਦਾ ਹੈ।

**ਹਰਿ ਰਾਸਿ ਮੇਰੀ ਮਨੁ ਵਣਜਾਰਾ॥**

ਪ੍ਰਭੂ ਮੇਰੀ ਪੂੰਜੀ ਤੇ ਮਨ ਵਪਾਰੀ ਹੈ।

**ਹਰਿ ਰਾਸਿ ਮੇਰੀ ਮਨੁ ਵਣਜਾਰਾ**
**ਸਤਿਗੁਰ ਤੇ ਰਾਸਿ ਜਾਣੀ॥**

ਹਾਂ! ਹਰੀ ਮੇਰੀ ਰਾਸ਼ੀ ਤੇ ਮਨ ਵਪਾਰੀ ਹੈ, ਇਸ ਪੂੰਜੀ ਨੂੰ ਸੱਚੇ ਗੁਰੂ ਤੋਂ ਜਾਣਿਆ ਹੈ।

**ਹਰਿ ਹਰਿ ਨਿਤ ਜਪਿਹੁ ਜੀਅਹੁ**
**ਲਾਹਾ ਖਟਿਹੁ ਦਿਹਾੜੀ॥**

ਦਿਲੋਂ ਸਦਾ ਹਰੀ-ਹਰੀ ਜਪੋ ਤੇ ਜੀਵਨ ਰੂਪ ਦਿਨ ਦਾ ਲਾਭ ਖੱਟੋ।

**ਏਹੁ ਧਨੁ ਤਿਨਾ ਮਿਲਿਆ**
**ਜਿਨ ਹਰਿ ਆਪੇ ਭਾਣਾ॥**

ਇਹ ਨਾਮ ਰੂਪੀ ਧਨ ਉਹਨਾਂ ਨੂੰ ਮਿਲਦਾ ਹੈ, ਜਿਹਨਾਂ ਨੂੰ ਪ੍ਰਭੂ ਆਪ ਚਾਹੁੰਦਾ ਹੈ।

**ਕਹੈ ਨਾਨਕੁ ਹਰਿ ਰਾਸਿ ਮੇਰੀ**
**ਮਨੁ ਹੋਆ ਵਣਜਾਰਾ॥੩੧॥**

ਗੁਰੂ ਜੀ ਕਹਿੰਦੇ ਹਨ, ਕਿ ਪ੍ਰਭੂ ਮੇਰੀ ਪੂੰਜੀ ਹੈ ਤੇ ਮਨ ਵਪਾਰੀ ਹੋ ਗਿਆ ਹੈ।

**ਏ ਰਸਨਾ ਤੂ ਅਨ ਰਸਿ ਰਾਚਿ ਰਹੀ**
**ਤੇਰੀ ਪਿਆਸ ਨ ਜਾਇ॥**

ਹੇ ਜੀਭੇ! ਤੂੰ ਦੂਜੇ ਸੁਆਦਾਂ ਵਿੱਚ ਰਚ ਰਹੀ ਹੈਂ, ਪਰ ਤੇਰੀ ਤ੍ਰਿਸ਼ਨਾ ਰੂਪੀ ਪਿਆਸ ਨਹੀਂ ਮਿਟਦੀ।

**ਪਿਆਸ ਨ ਜਾਇ ਹੋਰਤੁ ਕਿਤੈ**
**ਜਿਚਰੁ ਹਰਿ ਰਸੁ ਪਲੈ ਨ ਪਾਇ ॥**

ਹੋਰ ਕਿਸੇ ਤਰੀਕੇ ਪਿਆਸ ਨਹੀਂ ਮਿਟਦੀ, ਜਦ ਤਕ ਕਿ ਹਰੀ-ਰਸ ਪੱਲੇ ਨਾ ਪਵੇ।

**ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ**
**ਬਹੁੜਿ ਨ ਤ੍ਰਿਸਨਾ ਲਾਗੈ ਆਇ ॥**

ਹਰੀ-ਰਸ ਪੱਲੇ ਪਾ ਕੇ ਜੋ ਹਰੀ-ਰਸ ਨੂੰ ਪੀਂਦਾ ਹੈ, ਉਸ ਨੂੰ ਤ੍ਰਿਸ਼ਨਾ ਮੁੜ ਕੇ ਨਹੀਂ ਲੱਗਦੀ।

**ਏਹੁ ਹਰਿ ਰਸੁ ਕਰਮੀ ਪਾਈਐ**
**ਸਤਿਗੁਰੁ ਮਿਲੈ ਜਿਸੁ ਆਇ ॥**

ਇਹ ਹਰੀ-ਰਸ ਭਾਗਾਂ ਨਾਲ ਉਹ ਪਾਉਂਦਾ ਹੈ, ਜਿਸ ਨੂੰ ਸਤਿਗੁਰੂ ਆ ਮਿਲੇ।

**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ**
**ਜਾ ਹਰਿ ਵਸੈ ਮਨਿ ਆਇ ॥ ੩੨ ॥**

ਗੁਰੂ ਜੀ ਕਹਿੰਦੇ ਹਨ-ਹੋਰ ਦੂਜੇ ਸੁਆਦ ਸਭ ਭੁੱਲ ਜਾਂਦੇ ਹਨ, ਜਦੋਂ ਹਰੀ ਦਿਲ ਵਿੱਚ ਆ ਵਸਦਾ ਹੈ।

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥**

ਹੇ ਮੇਰੇ ਸਰੀਰਾ ! ਤਾਂ ਤੂੰ ਦੁਨੀਆਂ ਵਿੱਚ ਆਇਆ ਹੈਂ, ਜਦੋਂ ਹਰੀ ਨੇ ਆਪਣੀ ਜੋਤਿ ਤੇਰੇ ਵਿੱਚ ਰੱਖੀ ਹੈ।

**ਹਰਿ ਜੋਤਿ ਰਖੀ ਤੁਧੁ ਵਿਚਿ**
**ਤਾ ਤੂ ਜਗ ਮਹਿ ਆਇਆ ॥**

ਹਾਂ! ਹਰੀ ਨੇ ਤੇਰੇ ਅੰਦਰ ਜੋਤਿ ਰੱਖੀ ਤਾਂ ਤੂੰ ਸੰਸਾਰ ਵਿੱਚ ਆਇਆ।

**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**

ਹਰੀ ਆਪੇ ਮਾਤਾ ਤੇ ਆਪੇ ਪਿਤਾ ਹੈ, ਜਿਸ ਨੇ ਜੀਵ ਨੂੰ ਪੈਦਾ ਕਰ ਕੇ ਇਹ ਜਹਾਨ ਦਿਖਾਇਆ ਹੈ।

**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥**

ਗੁਰੂ ਦੀ ਕਿਰਪਾ ਨਾਲ ਜਦ ਜਾਣ ਲਿਆ ਤਾਂ ਕੌਤਕ ਹੋਇਆ ਤੇ ਸੰਸਾਰ ਦਾ ਕੌਤਕ ਦਿਸਣ ਲੱਗ ਪਿਆ।

**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ।। ੩੩ ।।**

ਗੁਰੂ ਜੀ ਕਹਿੰਦੇ ਹਨ ਕਿ ਹਰੀ ਨੇ ਸੰਸਾਰ ਦਾ ਮੁੱਢ ਬੰਨ੍ਹਿਆ, ਉਸ ਵਿੱਚ ਆਪਣੀ ਜੋਤਿ ਟਿਕਾਈ, ਫਿਰ ਤੂੰ ਸੰਸਾਰ ਵਿੱਚ ਪੈਦਾ ਹੋਇਆ, ਹੇ ਜੀਵ!

**ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ।।**

ਪ੍ਰਭੂ ਦਾ ਆਉਣਾ ਸੁਣ ਕੇ ਮਨ ਵਿੱਚ ਖੁਸ਼ੀ ਹੋਈ।

**ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ।।**

ਹੇ ਸਖੀਏ ! ਹਰੀ ਦਾ ਜਸ ਗਾਓ, ਹੁਣ ਸਰੀਰ ਰੂਪੀ ਘਰ ਹਰਿ-ਮੰਦਰ ਬਣ ਗਿਆ ਹੈ।

**ਹਰਿ ਗਾਉ ਮੰਗਲੁ ਨਿਤ ਸਖੀਏ<br>ਸੋਗੁ ਦੂਖੁ ਨ ਵਿਆਪਏ ।।**

ਹੇ ਸਖੀਏ ! ਹਮੇਸ਼ਾਂ ਪ੍ਰਭੂ ਦੇ ਗੀਤ ਗਾਉ, ਇੰਜ ਸੋਗ ਤੇ ਦੁੱਖ ਨਹੀਂ ਹੋਏਗਾ।

**ਗੁਰ ਚਰਨ ਲਾਗੇ ਦਿਨ ਸਭਾਗੇ<br>ਆਪਣਾ ਪਿਰੁ ਜਾਪਏ ।।**

ਗੁਰੂ ਦੇ ਚਰਨੀਂ ਲੱਗਣ ਨਾਲ ਭਾਗਾਂ ਵਾਲੇ ਦਿਨ ਹੋ

ਗਏ ਅਤੇ ਆਪਣਾ ਪਤੀ-ਪਰਮੇਸ਼ਰ ਦਿੱਸਣ ਲੱਗ ਪਿਆ।

**ਅਨਹਤ ਬਾਣੀ ਗੁਰ ਸਬਦਿ ਜਾਣੀ**
**ਹਰਿ ਨਾਮੁ ਹਰਿ ਰਸੁ ਭੋਗੋ॥**

ਮੈਂ ਗੁਰੂ ਦੇ ਸ਼ਬਦ ਰਾਹੀਂ ਨਿਰੰਤਰ ਵੱਜ ਰਹੇ ਨਾਦ ਨੂੰ ਜਾਣਿਆ ਹੈ ਤੇ ਹਰੀ ਦੇ ਨਾਮ ਦਾ ਈਸ਼ਵਰੀ-ਰਸ ਮਾਣਦਾ ਹਾਂ।

**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ**
**ਕਰਣ ਕਾਰਣ ਜੋਗੋ॥੩੪॥**

ਗੁਰੂ ਜੀ ਕਹਿੰਦੇ ਹਨ-ਪ੍ਰਭੂ ਆਪ ਆ ਮਿਲਿਆ ਹੈ, ਜੋ ਕਿ ਕਰਨ ਕਾਰਨ ਸਮਰੱਥ ਹੈ।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ**
**ਕਿਆ ਤੁਧੁ ਕਰਮ ਕਮਾਇਆ॥**

ਹੇ ਮੇਰੇ ਸਰੀਰ! ਇਸ ਸੰਸਾਰ ਵਿੱਚ ਆ ਕੇ ਤੂੰ ਕੀ ਕੰਮ ਕੀਤਾ ਹੈ?

**ਕਿ ਕਰਮ ਕਮਾਇਆ ਤੁਧੁ ਸਰੀਰਾ**
**ਜਾ ਤੂ ਜਗ ਮਹਿ ਆਇਆ॥**

ਤੂੰ ਕਿਹੜਾ ਕੰਮ ਕੀਤਾ ਹੈ? ਜਦ ਤੋਂ ਤੂੰ ਜਗ ਵਿੱਚ

ਆਇਆ ਹੈਂ।

**ਜਿਨਿ ਹਰਿ ਤੇਰਾ ਰਚਨੁ ਰਚਿਆ**
**ਸੋ ਹਰਿ ਮਨਿ ਨ ਵਸਾਇਆ।।**

ਜਿਸ ਨੇ ਤੇਰੀ ਬਣਤ ਬਣਾਈ ਹੈ, ਤੂੰ ਉਸ ਹਰੀ ਨੂੰ ਮਨ ਵਿੱਚ ਨਹੀਂ ਵਸਾਇਆ।

**ਗੁਰ ਪਰਸਾਦੀ ਹਰਿ ਮੰਨਿ ਵਸਿਆ**
**ਪੂਰਬਿ ਲਿਖਿਆ ਪਾਇਆ।।**

ਗੁਰੂ ਦੀ ਕਿਰਪਾ ਨਾਲ ਹਰੀ ਮਨ ਵਿੱਚ ਵਸਿਆ, ਇੰਜ ਪਿਛਲੇ ਕਰਮਾਂ ਦਾ ਲਿਖਿਆ ਫਲ ਪਾਇਆ ਹੈ।

**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ**
**ਜਿਨਿ ਸਤਿਗੁਰ ਸਿਉ ਚਿਤੁ ਲਾਇਆ।। ੩੫।।**

ਗੁਰੂ ਜੀ ਕਹਿੰਦੇ ਹਨ-ਜਿਸ ਨੇ ਸੱਚੇ ਗੁਰੂ ਨਾਲ ਮਨ ਜੋੜ ਲਿਆ ਹੈ, ਉਸ ਦਾ ਸਰੀਰ ਪਰਵਾਨ ਚੜ੍ਹ ਜਾਂਦਾ ਹੈ।

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ।।**

ਹੇ ਮੇਰੀ ਅੱਖੀਓ ! ਹਰੀ ਨੇ ਤੁਹਾਡੇ ਵਿੱਚ ਚਾਨਣ ਪਾਇਆ ਹੈ; ਤੁਸੀਂ ਹਰੀ ਤੋਂ ਬਿਨਾਂ ਹੋਰ ਕੁਝ ਨਾ ਤੱਕੋ।

**ਹਰਿ ਬਿਨੁ ਅਵਰੁ ਨ ਦੇਖਹੁ ਕੋਈ**
**ਨਦਰੀ ਹਰਿ ਨਿਹਾਲਿਆ।।**

ਹਰੀ ਤੋਂ ਬਗੈਰ ਹੋਰ ਕੋਈ ਦੂਜਾ ਨਾ ਦੇਖੋ, ਨਜ਼ਰ ਨਾਲ ਹਰੀ ਨੂੰ ਹੀ ਤੱਕਿਆ ਹੈ।

**ਏਹੁ ਵਿਸੁ ਸੰਸਾਰੁ ਤੁਮ ਦੇਖਦੇ**
**ਏਹੁ ਹਰਿ ਕਾ ਰੂਪੁ ਹੈ**
**ਹਰਿ ਰੂਪੁ ਨਦਰੀ ਆਇਆ।।**

ਇਹ ਸਾਰਾ ਸੰਸਾਰ ਜੋ ਤੁਸੀਂ ਦੇਖਦੇ ਹੋ ਇਹ ਹਰੀ ਦਾ ਹੀ ਰੂਪ ਹੈ, ਹਰੀ ਦਾ ਰੂਪ ਹੀ ਨਜ਼ਰ ਆਇਆ ਹੈ।

**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ**
**ਹਰਿ ਬਿਨੁ ਅਵਰੁ ਨ ਕੋਈ।।**

ਗੁਰੂ ਦੀ ਕਿਰਪਾ ਨਾਲ ਜਾਣਿਆ ਹੈ, ਜਦ ਦੇਖਦਾ ਹਾਂ ਤਾਂ ਇਕ ਹਰੀ ਹੈ, ਹਰੀ ਤੋਂ ਬਿਨਾਂ ਹੋਰ ਕੋਈ ਨਹੀਂ।

**ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ**
**ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ।। ੩੬।।**

ਗੁਰੂ ਜੀ ਕਹਿੰਦੇ ਹਨ, ਕਿ ਇਹ ਅੱਖਾਂ ਅੰਨ੍ਹੀਆਂ ਸਨ, ਸੱਚੇ ਗੁਰੂ ਨੂੰ ਮਿਲਣ ਨਾਲ ਵਿਵੇਕ ਵਾਲੀ ਨਜ਼ਰ ਹੋ ਗਈ

ਹੈ।

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।।**

ਹੇ ਮੇਰੇ ਕੰਨੋਂ! ਸੱਚੇ ਪ੍ਰਭੂ ਨੇ ਤੁਹਾਨੂੰ ਸੁਣਨ ਲਈ ਭੇਜਿਆ ਹੈ।

**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ।।**

ਸੱਚੇ ਪ੍ਰਭੂ ਨੇ ਸੁਣਨ ਲਈ ਭੇਜੇ ਤੇ ਸਰੀਰ ਨਾਲ ਲਾਏ ਹਨ, ਤੁਸੀਂ ਸੱਚੀ ਬਾਣੀ ਸੁਣੋ।

**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ।।**

ਜਿਸ ਦੇ ਸੁਣਨ ਨਾਲ ਤਨ ਮਨ ਹਰੇ-ਭਰੇ ਹੋਏ ਅਤੇ ਜੀਭ ਰਸ ਵਿੱਚ ਲੀਨ ਹੋ ਗਈ।

**ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ।।**

ਸੱਚੇ ਨਾ ਜਾਣੇ ਜਾਣ ਵਾਲੇ, ਅਸਚਰਜ ਹਰੀ ਦੀ ਹਾਲਤ ਕਹੀ ਨਹੀਂ ਜਾਂਦੀ।

**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ।।੩੭।।**

ਗੁਰੂ ਜੀ ਕਹਿੰਦੇ ਹਨ-ਅੰਮ੍ਰਿਤ ਰੂਪੀ ਨਾਮ ਸੁਣੋ ਤੇ ਪਵਿਤ੍ਰ ਹੋਵੋ, ਤੁਹਾਨੂੰ ਸੱਚ ਸੁਣਨ ਲਈ ਭੇਜਿਆ ਗਿਆ ਹੈ (ਹੇ ਮੇਰੇ ਕੰਨੋਂ!)।

**ਹਰਿ ਜੀਉ ਗੁਫਾ ਅੰਦਰਿ ਰਖਿ ਕੈ**
**ਵਾਜਾ ਪਵਣੁ ਵਜਾਇਆ॥**

ਹਰੀ ਨੇ ਸਰੀਰ ਰੂਪੀ ਗੁਫਾ ਵਿੱਚ ਜੀਵ-ਆਤਮਾ ਨੂੰ ਰੱਖ ਕੇ ਸਵਾਸਾਂ ਦਾ ਵਾਜਾ ਵਜਾਇਆ ਹੈ।

**ਵਜਾਇਆ ਵਾਜਾ ਪਉਣ**
**ਨਉ ਦੁਆਰੇ ਪਰਗਟੁ ਕੀਏ**
**ਦਸਵਾ ਗੁਪਤੁ ਰਖਾਇਆ॥**

ਹਵਾ ਦਾ ਵਾਜਾ ਵਜਾਇਆ, ਨੌਂ ਦਰਵਾਜ਼ੇ (ਰਸਤੇ) ਪਰਗਟ ਕੀਤੇ ਹਨ ਤੇ ਦਸਵਾਂ ਦੁਆਰ ਗੁਪਤ ਰੱਖਿਆ ਹੈ।

**ਗੁਰਦੁਆਰੈ ਲਾਇ ਭਾਵਨੀ**
**ਇਕਨਾ ਦਸਵਾ ਦੁਆਰੁ ਦਿਖਾਇਆ॥**

ਕਈਆਂ ਨੂੰ ਗੁਰੂ ਦੇ ਜ਼ਰੀਏ ਸ਼ਰਧਾ ਨਾਲ ਲਾ ਕੇ ਦਸਵਾਂ ਦੁਆਰ ਵੀ ਦਿਖਾ ਦਿੱਤਾ ਹੈ।

**ਤਹ ਅਨੇਕ ਰੂਪ ਨਾਉ ਨਵ ਨਿਧਿ**
**ਤਿਸ ਦਾ ਅੰਤੁ ਨ ਜਾਈ ਪਾਇਆ ॥**

ਉਥੇ ਕਈ ਰੂਪਾਂ, ਨਾਮ ਤੇ ਨੌਂ ਖ਼ਜ਼ਾਨਿਆਂ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

**ਕਹੇ ਨਾਨਕੁ ਹਰਿ ਪਿਆਰੇ ਜੀਉ**
**ਗੁਫਾ ਅੰਦਰਿ ਰਖਿ ਕੈ**
**ਵਾਜਾ ਪਵਣੁ ਵਜਾਇਆ ॥ ੩੮ ॥**

ਗੁਰੂ ਜੀ ਕਹਿੰਦੇ ਹਨ, ਕਿ ਹਰੀ ਪਿਆਰੇ ਨੇ ਜੀਵ-ਆਤਮਾ ਨੂੰ ਸਰੀਰ ਰੂਪੀ ਗੁਫਾ ਵਿੱਚ ਟਿਕਾ ਕੇ ਹਵਾ ਦਾ ਵਾਜਾ ਵਜਾਇਆ ਹੈ।

**ਏਹੁ ਸਾਚਾ ਸੋਹਿਲਾ ਸਾਚੇ ਘਰਿ ਗਾਵਹੁ ॥**

ਇਹ ਸੱਚਾ ਖ਼ੁਸ਼ੀ ਦਾ ਗੀਤ ਸੱਚੇ ਦੇ ਘਰ (ਹਿਰਦੇ) ਵਿੱਚ ਗਾਵੋ।

**ਗਾਵਹੁ ਤ ਸੋਹਿਲਾ ਘਰਿ ਸਾਚੈ**
**ਜਿਥੈ ਸਦਾ ਸਚੁ ਧਿਆਵਹੇ ॥**

ਖ਼ੁਸ਼ੀ ਦਾ ਗੀਤ ਸੱਚੇ ਦੇ ਘਰ ਵਿੱਚ ਗਾਵੋ, ਜਿਥੇ ਹਮੇਸ਼ਾ ਸੱਚੇ ਪ੍ਰਭੂ ਨੂੰ ਯਾਦ ਕੀਤਾ ਜਾਂਦਾ ਹੈ।

**ਸਚੋ ਧਿਆਵਹਿ ਜਾ ਤੁਧੁ ਭਾਵਹਿ**
**ਗੁਰਮੁਖਿ ਜਿਨਾ ਬੁਝਾਵਹੇ॥**

ਜਦ ਤੈਨੂੰ ਭਾਉਂਦਾ ਹੈ ਤੇ ਉਹ ਸੱਚ ਦਾ ਸਿਮਰਨ ਕਰਦੇ ਹਨ, ਪਰ ਉਹੀ, ਜਿਨ੍ਹਾਂ ਨੂੰ ਗੁਰੂ ਰਾਹੀਂ ਸੋਝੀ ਦੇਂਦਾ ਹੈ।

**ਇਹੁ ਸਚੁ ਸਭਨਾ ਕਾ ਖਸਮੁ ਹੈ**
**ਜਿਸੁ ਬਖਸੇ ਸੋ ਜਨੁ ਪਾਵਹੇ॥**

ਇਹ ਸੱਚ ਸਾਰਿਆਂ ਦਾ ਮਾਲਕ ਹੈ, ਜਿਸ ਨੂੰ ਤੂੰ ਬਖ਼ਸ਼ਦਾ ਹੈਂ, ਉਹੀ ਪਾਉਂਦਾ ਹੈ।

**ਕਹੈ ਨਾਨਕੁ ਸਚੁ ਸੋਹਿਲਾ**
**ਸਚੈ ਘਰਿ ਗਾਵਹੇ॥੩੯॥**

ਗੁਰੂ ਜੀ ਕਹਿੰਦੇ ਹਨ-ਸੱਚਾ ਖੁਸ਼ੀ ਦਾ ਗੀਤ ਸੱਚ ਦੇ ਘਰ (ਹਿਰਦੇ) ਵਿਚ ਗਾਵੇ।

**ਅਨਦੁ ਸੁਣਹੁ ਵਡਭਾਗੀਹੋ**
**ਸਗਲ ਮਨੋਰਥ ਪੂਰੇ॥**

ਹੇ ਵੱਡੇ ਭਾਗਾਂ ਵਾਲਿਓ ! ਅਨੰਦ (ਬਾਣੀ) ਸੁਣੋ, ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ।

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**

ਵਿਆਪਕ ਵਾਹਿਗੁਰੂ ਪਾ ਲਿਆ ਹੈ ਤੇ ਸਾਰੇ ਝੋਰੇ ਮਿਟ ਗਏ ਹਨ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

ਸੱਚੀ ਬਾਣੀ ਸੁਣ ਕੇ ਦੁੱਖ, ਰੋਗ ਤੇ ਕਲੇਸ਼ ਮਿਟ ਗਏ ਹਨ।

**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

ਸੰਤ ਸੱਜਣ ਖੁਸ਼ ਹੋਏ, ਜਿਨ੍ਹਾਂ ਨੇ ਪੂਰੇ ਗੁਰੂ ਤੋਂ ਬਾਣੀ ਨੂੰ ਜਾਣਿਆ ਹੈ।

**ਸੁਣਤੇ ਪੁਨੀਤ ਕਹਤੇ ਪਵਿਤੁ**
**ਸਤਿਗੁਰੁ ਰਹਿਆ ਭਰਪੂਰੇ ॥**

ਸੁਣਨ ਵਾਲੇ ਪਵਿੱਤਰ ਤੇ ਕਹਿਣ ਵਾਲੇ ਵੀ ਪਾਕ ਹਨ, ਸੱਚਾ ਗੁਰੂ ਸਭ ਥਾਈਂ ਵਿਆਪਕ ਹੈ।

**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ**
**ਵਾਜੇ ਅਨਹਦ ਤੂਰੇ ॥੪੦॥੧॥**

ਗੁਰੂ ਜੀ ਬੇਨਤੀ ਕਰਦੇ ਹਨ, ਕਿ ਗੁਰੂ ਦੀ ਚਰਨੀਂ ਲੱਗ ਕੇ ਇਕ ਰਸ ਵਾਜੇ ਵੱਜਦੇ ਹਨ।

# ਰਹਰਾਸਿ

**ਸੋ ਦਰੁ ਰਾਗੁ ਆਸਾ ਮਹਲਾ ੧ ।।**

ਸੋ ਦਰੁ ਸਿਰਲੇਖ ਹੇਠ ਪਹਿਲੀ ਪਾਤਸ਼ਾਹੀ ਦਾ ਆਸਾ ਰਾਗ ਵਿੱਚ ਸ਼ਬਦ।

**੧ ਓ ਸਤਿਗੁਰ ਪ੍ਰਸਾਦਿ ।।**

ਸਦਾ ਥਿਰ ਗੁਰੂ ਦੀ ਕਿਰਪਾ ਨਾਲ, ਜੋ ਇਕ ਹੈ ਤੇ ਸਾਰੇ ਪਸਰਿਆ ਹੈ।

**ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ**
**ਜਿਤੁ ਬਹਿ ਸਰਬ ਸਮਾਲੇ ।।**

ਉਹ ਦਰਵਾਜ਼ਾ ਕੇਸਾ ਹੈ ਅਤੇ ਉਹ ਘਰ ਕੇਸਾ ਹੈ, ਜਿੱਥੇ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ।

**ਵਾਜੇ ਤੇਰੇ ਨਾਦ ਅਨੇਕ ਅਸੰਖਾ**
**ਕੇਤੇ ਤੇਰੇ ਵਾਵਣਹਾਰੇ ।।**

ਬੇਸ਼ੁਮਾਰ ਕਿਸਮਾਂ ਦੇ ਅਣਗਿਣਤ ਤੇਰੇ ਸੰਗੀਤਕ ਸਾਜ ਵੱਜਦੇ ਹਨ ਅਤੇ ਅਨੇਕਾਂ ਹੀ ਤੇਰੇ ਵਜਾਉਣ ਵਾਲੇ ਹਨ।

**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ**
**ਕੇਤੇ ਤੇਰੇ ਗਾਵਣਹਾਰੇ ॥**

ਤੇਰੇ ਕਈ ਗਵਈਏ ਅਨੇਕਾਂ ਰਾਗ ਰਾਗਣੀਆਂ ਸਮੇਤ, ਤੈਨੂੰ ਗਾਉਣ ਵਾਲੇ ਹਨ।

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ**
**ਗਾਵੈ ਰਾਜਾ ਧਰਮੁ ਦੁਆਰੇ ॥**

ਹਵਾ, ਪਾਣੀ ਤੇ ਅੱਗ ਤੈਨੂੰ ਗਾਉਂਦੇ ਹਨ, ਧਰਮ ਰਾਜਾ ਤੇਰੇ ਦਰ 'ਤੇ ਬੈਠਾ ਗਾ ਰਿਹਾ ਹੈ।

**ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ**
**ਲਿਖਿ ਲਿਖਿ ਧਰਮੁ ਬੀਚਾਰੇ ॥**

ਚਿਤ੍ਰ ਤੇ ਗੁਪਤ, ਜੋ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੀ ਲਿਖਤ ਧਰਮ ਰਾਜ ਵੀਚਾਰਦਾ ਹੈ, ਤੈਨੂੰ ਗਾਉਂਦੇ ਹਨ।

**ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ**
**ਸੋਹਨਿ ਤੇਰੇ ਸਦਾ ਸਵਾਰੇ ॥**

ਤੇਰੇ ਸਜਾਏ ਹੋਏ ਸਦੀਵੀ ਸੁੰਦਰ ਸ਼ਿਵ ਜੀ, ਬ੍ਰਹਮਾ ਅਤੇ ਦੇਵੀ ਆਦਿ ਤੈਨੂੰ ਗਾਉਂਦੇ ਹਨ।

**ਗਾਵਨਿ ਤੁਧਨੋ ਇੰਦ੍ ਇੰਦ੍ਾਸਣਿ ਬੈਠੇ**
**ਦੇਵਤਿਆ ਦਰਿ ਨਾਲੇ ॥**

ਆਪਣੇ ਸਿੰਘਾਸਨਾਂ ਉੱਪਰ ਬੈਠੇ ਇੰਦਰ ਵੀ ਆਪਣੇ ਦੇਵਤਿਆਂ ਦੀਆਂ ਮੰਡਲੀਆਂ ਸਮੇਤ ਗਾ ਰਹੇ ਹਨ।

**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ**
**ਗਾਵਨਿ ਤੁਧਨੋ ਸਾਧ ਬੀਚਾਰੇ ॥**

ਸਮਾਧੀਆਂ ਵਿੱਚ ਲੀਨ ਜੋਗੀਸ਼੍ਵਰ ਅਤੇ ਵਿਚਾਰਾਂ ਵਿੱਚ ਲੱਗੇ ਹੋਏ ਸਾਧੂ ਲੋਕ ਤੇਰੀ ਸ਼ੋਭਾ ਕਰ ਰਹੇ ਹਨ।

**ਗਾਵਨਿ ਤੁਧਨੋ ਜਤੀ ਸਤੀ ਸੰਤੋਖੀ**
**ਗਾਵਨਿ ਤੁਧਨੋ ਵੀਰ ਕਰਾਰੇ ॥**

ਸੰਜਮ-ਸ਼ੀਲ, ਸੱਚ ਵਿੱਚ ਵਿਚਰਨ ਵਾਲੇ, ਸੰਤੁਸ਼ਟ ਪੁਰਖ ਤੈਨੂੰ ਗਾਉਂਦੇ ਹਨ ਅਤੇ ਤਕੜੇ ਯੋਧੇ ਤੇਰਾ ਜਸ ਕਰਦੇ ਹਨ।

**ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ**
**ਜੁਗੁ ਜੁਗੁ ਵੇਦਾ ਨਾਲੇ ॥**

ਵੱਡੇ ਵੱਡੇ ਰਿਖੀ, ਸਾਰਿਆਂ ਜੁਗਾਂ ਤੋਂ ਵੇਦਾਂ ਨੂੰ ਪੜ੍ਹਨ ਵਾਲੇ ਵਿਦਵਾਨਾਂ ਸਮੇਤ ਤੇਰੀ ਉਪਮਾ ਕਰਦੇ ਹਨ।

**ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ**
**ਸੁਰਗੁ ਮਛੁ ਪਇਆਲੇ ॥**

ਸੁਰਗ, ਮਾਤ ਅਤੇ ਪਾਤਾਲ ਲੋਕ ਦੀਆਂ ਮਨ ਨੂੰ ਮੋਹ ਲੈਣ ਵਾਲੀਆਂ ਸੁੰਦਰੀਆਂ ਤੈਨੂੰ ਗਾਉਂਦੀਆਂ ਹਨ।

**ਗਾਵਨਿ ਤੁਧਨੋ ਰਤਨ ਉਪਾਏ ਤੇਰੇ**
**ਅਠਸਠਿ ਤੀਰਥ ਨਾਲੇ ॥**

ਤੇਰੇ ਪੈਦਾ ਕੀਤੇ ਹੋਏ ਅਮੋਲਕ ਪਦਾਰਥ, ਅਠਾਹਠ ਤੀਰਥਾਂ ਸਮੇਤ, ਤੇਰੀ ਕੀਰਤੀ ਕਰਦੇ ਹਨ।

**ਗਾਵਨਿ ਤੁਧਨੋ ਜੋਧ ਮਹਾਬਲ ਸੂਰਾ**
**ਗਾਵਨਿ ਤੁਧਨੋ ਖਾਣੀ ਚਾਰੇ ॥**

ਵੱਡੇ ਜ਼ੋਰ ਵਾਲੇ ਬਲਵਾਨ ਯੋਧੇ ਤੈਨੂੰ ਗਾਉਂਦੇ ਹਨ ਅਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਵੀ ਗਾਉਂਦੀਆਂ ਹਨ।

**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ**
**ਕਰਿ ਕਰਿ ਰਖੇ ਤੇਰੇ ਧਾਰੇ ॥**

ਸਾਰਾ ਬ੍ਰਹਮੰਡ ਉਸ ਦੇ ਵੱਖ-ਵੱਖ ਹਿੱਸੇ, ਦੇਸ਼ ਜੋ ਤੂੰ ਸਾਜੇ ਅਤੇ ਥਾਉਂ-ਥਾਈਂ ਟਿਕਾਏ ਹਨ, ਤੈਨੂੰ ਗਾਉਂਦੇ ਹਨ।

**ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ**
**ਰਤੇ ਤੇਰੇ ਭਗਤ ਰਸਾਲੇ ।।**

ਤੈਨੂੰ ਉਹੀ ਗਾਉਂਦੇ ਹਨ ਜੋ ਤੇਰੇ ਭਗਤ ਹਨ, ਜਿਹੜੇ ਤੈਨੂੰ ਚੰਗੇ ਲੱਗਦੇ ਹਨ ਅਤੇ ਜੋ ਪ੍ਰੇਮ-ਮਈ ਅਨੰਦ ਵਿੱਚ ਮੱਤੇ ਤੇਰੇ ਨਾਲ ਰੰਗੀਜੇ ਹਨ।

**ਹੋਰਿ ਕੇਤੇ ਤੁਧਨੋ ਗਾਵਨਿ**
**ਸੇ ਮੈ ਚਿਤਿ ਨ ਆਵਨਿ**
**ਨਾਨਕੁ ਕਿਆ ਬੀਚਾਰੇ ।।**

ਹੋਰ ਵੀ ਅਨੇਕ ਤੈਨੂੰ ਗਾਉਂਦੇ ਹਨ, ਜੋ ਮੇਰੇ ਚਿਤ ਵਿੱਚ ਨਹੀਂ ਆਉਂਦੇ, ਨਾਨਕ ਉਨ੍ਹਾਂ ਬਾਰੇ ਕੀ ਵੀਚਾਰ ਕਰ ਸਕਦਾ ਹੈ।

**ਸੋਈ ਸੋਈ ਸਦਾ ਸਚੁ ਸਾਹਿਬੁ**
**ਸਾਚਾ ਸਾਚੀ ਨਾਈ ।।**

ਉਹ ਮਾਲਕ ਸੱਚਾ ਹੈ, ਉਸ ਦੀ ਵਡਿਆਈ ਸੱਚੀ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ।

**ਹੈ ਭੀ ਹੋਸੀ ਜਾਇ ਨ ਜਾਸੀ**
**ਰਚਨਾ ਜਿਨਿ ਰਚਾਈ।।**

ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਹ ਹੁਣ ਭੀ ਹੈ, ਸਦਾ ਹੋਏਗਾ, ਨਾ ਉਹ ਜਾਂਦਾ ਹੈ, ਨਾ ਜਾਏਗਾ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ**
**ਮਾਇਆ ਜਿਨਿ ਉਪਾਈ।।**

ਜਿਸ ਨੇ ਅਨੇਕਾਂ ਰੰਗਾਂ ਅਤੇ ਕਈ ਭਾਂਤਾਂ ਦੀ ਮਾਇਆ ਰੂਪ ਸ੍ਰਿਸ਼ਟੀ ਸਾਜੀ ਹੈ।

**ਕਰਿ ਕਰਿ ਦੇਖੈ ਕੀਤਾ ਆਪਣਾ**
**ਜਿਉ ਤਿਸ ਦੀ ਵਡਿਆਈ।।**

ਉਹ ਆਪਣੀ ਵਡਿਆਈ ਅਨੁਸਾਰ ਆਪ ਹੀ ਉਸ ਦੀ ਸੰਭਾਲਣਾ ਕਰਦਾ ਹੈ।

**ਜੋ ਤਿਸੁ ਭਾਵੈ ਸੋਈ ਕਰਸੀ**
**ਫਿਰਿ ਹੁਕਮੁ ਨ ਕਰਣਾ ਜਾਈ।।**

ਜੋ ਉਸ ਨੂੰ ਭਾਉਂਦਾ ਹੈ, ਉਹੋ ਕਰਦਾ ਹੈ, ਉਸ ਨੂੰ ਫੁਰਮਾਨ ਜਾਰੀ ਨਹੀਂ ਕੀਤਾ ਜਾ ਸਕਦਾ।

**ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ**
**ਨਾਨਕ ਰਹਣੁ ਰਜਾਈ ॥੧॥**

ਉਹ ਬਾਦਸ਼ਾਹ, ਬਾਦਸ਼ਾਹਾਂ ਦਾ ਭੀ ਮਾਲਕ ਹੈ, ਹੇ ਨਾਨਕ ! ਸਾਨੂੰ ਉਸ ਦੀ ਰਜ਼ਾ ਵਿੱਚ ਹੀ ਰਹਿਣਾ ਬਣਦਾ ਹੈ।

**ਆਸਾ ਮਹਲਾ ੧ ॥**

ਆਸਾ ਰਾਗ ਵਿੱਚ ਪਹਿਲੀ ਪਾਤਸ਼ਾਹੀ ਉਚਾਰਦੇ ਹਨ।

**ਸੁਣਿ ਵਡਾ ਆਖੈ ਸਭੁ ਕੋਇ ॥**
**ਕੇਵਡੁ ਵਡਾ ਡੀਠਾ ਹੋਇ ॥**

ਹਰ ਕੋਈ ਤੇਰੇ ਬਾਰੇ ਸੁਣ ਕੇ ਤੈਨੂੰ ਵੱਡਾ ਕਹਿੰਦਾ ਹੈ। ਤੂੰ ਕਿਤਨਾ ਵੱਡਾ ਹੈਂ ? ਉਹੋ ਹੀ ਦੱਸੇ, ਜਿਸ ਨੇ ਤੈਨੂੰ ਦੇਖਿਆ ਹੋਵੇ।

**ਕੀਮਤਿ ਪਾਇ ਨ ਕਹਿਆ ਜਾਇ ॥**
**ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥**

ਤੇਰਾ ਨਾ ਕੋਈ ਮੁਲ ਪਾ ਸਕਦਾ ਹੈ, ਨਾ ਤੈਨੂੰ ਬਿਆਨ ਕਰ ਸਕਦਾ ਹੈ। ਤੈਨੂੰ ਵਰਣਨ ਕਰਨ ਵਾਲੇ ਤੇਰੇ ਵਿੱਚ

ਸਮਾ ਰਹੇ ਹਨ।

**ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ।। ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ।। ੧।। ਰਹਾਉ ।।**

ਹੇ ਮੇਰੇ ਵੱਡੇ ਮਾਲਕ! ਤੂੰ ਅਥਾਹ, ਡੂੰਘਾ, ਗੁਣਾਂ ਦਾ ਖਜ਼ਾਨਾ ਹੈਂ। ਕੋਈ ਨਹੀਂ ਜਾਣਦਾ, ਤੇਰਾ ਕਿਤਨਾ ਜ਼ਿਆਦਾ ਤੇ ਕਿੱਡਾ ਵੱਡਾ ਪਸਾਰਾ ਹੈ। ਠਹਿਰਾਉ।

**ਸਭਿ ਸੁਰਤੀ ਮਿਲਿ ਸੁਰਤਿ ਕਮਾਈ ।।**
**ਸਭ ਕੀਮਤਿ ਮਿਲਿ ਕੀਮਤਿ ਪਾਈ ।।**

ਵੇਦਾਂ ਦੇ ਜਾਣਨ ਵਾਲਿਆਂ ਨੇ ਮਿਲ ਕੇ ਸ਼ਰੁਤੀਆਂ ਨੂੰ ਵੀਚਾਰਿਆ। ਸਭ ਮੁੱਲ ਪਾਉਣ ਵਾਲਿਆਂ ਨੇ ਮਿਲ ਕੇ ਮੁੱਲ ਪਾਇਆ।

**ਗਿਆਨੀ ਧਿਆਨੀ ਗੁਰ ਗੁਰਹਾਈ ।।**
**ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ।। ੨ ।।**

ਅਨੇਕਾਂ ਬ੍ਰਹਮਵੇਤਾ ਬਿਰਤੀ ਜੋੜਨ ਵਾਲੇ, ਗੁਰੂਆਂ ਦੇ ਗੁਰੂਆਂ ਪਾਸੋਂ ਵੀ ਤੇਰੀ ਤਿਲ ਮਾਤਰ ਵਡਿਆਈ ਬਿਆਨ ਨਹੀਂ ਹੋ ਸਕਦੀ।

**ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥**
**ਸਿਧਾ ਪੁਰਖਾ ਕੀਆ ਵਡਿਆਈਆ ॥**

ਸਭ ਸਚਾਈਆਂ, ਸਾਰੇ ਤਪ, ਸਭ ਨੇਕੀਆਂ ਅਤੇ ਕਰਾਮਾਤੀ ਪੁਰਖਾਂ ਦੀਆਂ ਵਡਿਆਈਆਂ।

**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥**
**ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥**

ਤੇਰੇ ਬਾਝੋਂ ਕਿਸੇ ਨੇ ਐਸੀਆਂ ਰਿੱਧੀਆਂ ਸਿੱਧੀਆਂ ਪ੍ਰਾਪਤ ਨਹੀਂ ਕੀਤੀਆਂ। ਜਦ ਤੇਰੀ ਮਿਹਰ ਨਾਲ ਮਿਲ-ਦੀਆਂ ਹਨ ਤਾਂ ਫਿਰ ਇਹ ਡੱਕੀਆਂ ਨਹੀਂ ਜਾ ਸਕਦੀਆਂ।

**ਆਖਣ ਵਾਲਾ ਕਿਆ ਵੇਚਾਰਾ ॥**
**ਸਿਫਤੀ ਭਰੇ ਤੇਰੇ ਭੰਡਾਰਾ ॥**

ਕਹਿਣ ਵਾਲਾ ਵਿਚਾਰਾ ਕੀ ਹੈ? ਤੇਰੀਆਂ ਸਿਫਤਾਂ ਦੇ ਤਾਂ ਭੰਡਾਰੇ ਭਰੇ ਪਏ ਹਨ।

**ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥**
**ਨਾਨਕ ਸਚੁ ਸਵਾਰਣਹਾਰਾ ॥੪॥੨॥**

ਜਿਸ ਨੂੰ ਤੂੰ ਦੇਂਦਾ ਹੈਂ, ਉਸ ਦੀ ਆਪਣੀ ਕੀ ਤਦਬੀਰ ਹੈ। ਹੇ ਨਾਨਕ! ਉਹ ਸੱਚਾ ਤੇ ਸਵਾਰਨ ਵਾਲਾ ਹੈ।

**ਆਸਾ ਮਹਲਾ ੧ ।।**

ਆਸਾ ਰਾਗ ਵਿੱਚ ਪਹਿਲੀ ਪਾਤਸ਼ਾਹੀ ਉਚਾਰਨ ਕਰਦੇ ਹਨ।

**ਆਖਾ ਜੀਵਾ ਵਿਸਰੈ ਮਰਿ ਜਾਉ ।।**
**ਆਖਣਿ ਅਉਖਾ ਸਾਚਾ ਨਾਉ ।।**

ਪ੍ਰਭੂ ਦਾ ਨਾਮ ਲੈਂਦਾ ਹਾਂ ਤਾਂ ਜੀਊਂਦਾ ਹਾਂ। ਉਹ ਵਿਸਰ ਜਾਏ ਤਾਂ ਮੈ ਮਰ ਜਾਂਦਾ ਹਾਂ, ਸੱਚਾ ਨਾਮ ਲੈਣਾ ਔਖਾ ਹੈ।

**ਸਾਚੇ ਨਾਮ ਕੀ ਲਾਗੈ ਭੂਖ ।।**
**ਉਤੁ ਭੂਖੈ ਖਾਇ ਚਲੀਅਹਿ ਦੂਖ ।। ੧ ।।**

ਪਰ ਜੇ ਸੱਚੇ ਨਾਮ ਦੀ ਭੁੱਖ ਲੱਗ ਜਾਏ ਤਾਂ ਉਸ ਭੁੱਖ ਨਾਲ ਦੁੱਖ ਖਾਧੇ (ਖਤਮ ਹੋ) ਜਾਂਦੇ ਹਨ।

**ਸੋ ਕਿਉ ਵਿਸਰੈ ਮੇਰੀ ਮਾਇ ।।**
**ਸਾਚਾ ਸਾਹਿਬੁ ਸਾਚੈ ਨਾਇ ।। ੧ ।। ਰਹਾਉ ।।**

ਹੇ ਮਾਂ ! ਉਹ ਨਾਮ ਕਿਉਂ ਭੁੱਲੇ ? ਉਹ ਮਾਲਕ ਸੱਚਾ ਹੈ, ਉਸ ਦਾ ਨਾਮ ਭੀ ਸੱਚਾ ਹੈ।

**ਸਾਚੇ ਨਾਮ ਕੀ ਤਿਲੁ ਵਡਿਆਈ॥**
**ਆਖਿ ਥਕੇ ਕੀਮਤਿ ਨਹੀ ਪਾਈ॥**

ਸੱਚੇ ਨਾਮ ਦੀ ਰਤਾ ਜਿੰਨੀ ਉਪਮਾ ਕਹਿੰਦੇ ਹੋਏ ਲੋਕੀਂ ਹਾਰ ਗਏ ਪਰ ਉਸ ਦਾ ਮੁੱਲ ਨਹੀਂ ਪਾ ਸਕੇ।

**ਜੇ ਸਭਿ ਮਿਲਿ ਕੈ ਆਖਣ ਪਾਹਿ॥**
**ਵਡਾ ਨ ਹੋਵੈ ਘਾਟਿ ਨ ਜਾਇ॥੨॥**

ਜੇ ਸਾਰੇ ਰਲ ਕੇ ਵੀ ਕਹਿਣ ਲੱਗ ਜਾਣ, ਤਾਂ ਨਾ ਉਹ ਹੋਰ ਵੱਡਾ ਹੋ ਜਾਏਗਾ ਤੇ ਨਾ ਹੀ ਘਟ ਜਾਏਗਾ।

**ਨਾ ਓਹੁ ਮਰੈ ਨ ਹੋਵੈ ਸੋਗੁ॥**
**ਦੇਦਾ ਰਹੈ ਨ ਚੂਕੈ ਭੋਗੁ॥**

ਉਹ ਮਰਦਾ ਨਹੀਂ, ਉਸ ਲਈ ਕੋਈ ਸੋਗ ਨਹੀਂ। ਉਹ ਦਈ ਜਾਂਦਾ ਹੈ, ਉਸ ਦੀ ਸਾਮੱਗਰੀ ਖਤਮ ਨਹੀਂ ਹੁੰਦੀ।

**ਗੁਣੁ ਏਹੋ ਹੋਰੁ ਨਾਹੀ ਕੋਇ॥**
**ਨਾ ਕੋ ਹੋਆ ਨਾ ਕੋ ਹੋਇ॥੩॥**

ਉਸ ਦਾ ਖਾਸ ਗੁਣ ਇਹੋ ਹੈ ਕਿ ਉਸ ਜਿਹਾ ਹੋਰ ਕੋਈ ਨਹੀਂ। ਨਾ ਕੋਈ ਹੋਇਆ ਹੈ ਤੇ ਨਾ ਕੋਈ ਹੋਏਗਾ।

**ਜੇਵਡੁ ਆਪਿ ਤੇਵਡ ਤੇਰੀ ਦਾਤਿ ॥**
**ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥**

ਜਿੱਡਾ ਵੱਡਾ ਤੂੰ ਆਪ ਹੈਂ, ਓਡੀਆਂ ਵੱਡੀਆਂ ਹਨ ਤੇਰੀਆਂ ਬਖ਼ਸ਼ਸ਼ਾਂ। ਜਿਸ ਨੇ ਦਿਨ ਕੀਤਾ ਹੈ ਤੇ ਫਿਰ ਰਾਤ ਵੀ ਬਣਾ ਦਿੱਤੀ ਹੈ।

**ਖਸਮੁ ਵਿਸਾਰਹਿ ਤੇ ਕਮਜਾਤਿ ॥**
**ਨਾਨਕ ਨਾਵੈ ਬਾਝੁ ਸਨਾਤਿ ॥੪॥੩॥**

ਐਸੇ ਮਾਲਕ ਨੂੰ ਜੋ ਭੁਲਾਉਂਦੇ ਹਨ, ਉਹ ਕਮੀਨੇ ਹਨ। ਹੇ ਨਾਨਕ! ਨਾਮ ਤੋਂ ਬਗੈਰ ਬੰਦੇ ਅਤਿ ਨੀਚ ਹਨ।

**ਰਾਗੁ ਗੂਜਰੀ ਮਹਲਾ ੪ ॥**

ਗੂਜਰੀ ਰਾਗ ਵਿੱਚ ਚੌਥੇ ਪਾਤਸ਼ਾਹ ਉਚਾਰਦੇ ਹਨ।

**ਹਰਿ ਕੇ ਜਨ ਸਤਿਗੁਰ ਸਤਪੁਰਖਾ**
**ਬਿਨਉ ਕਰਉ ਗੁਰ ਪਾਸਿ ॥**

ਹੇ ਹਰੀ ਦੇ ਭਗਤ ! ਸੱਚੇ ਗੁਰੂ ਤੇ ਸੱਚੇ ਪੁਰਸ਼ ਗੁਰਦੇਵ ਜੀਓ! ਆਪ ਪਾਸ ਬੇਨਤੀ ਕਰਦਾ ਹਾਂ।

**ਹਮ ਕੀਰੇ ਕਿਰਮ ਸਤਿਗੁਰ ਸਰਣਾਈ**
**ਕਰਿ ਦਇਆ ਨਾਮੁ ਪਰਗਾਸਿ ॥੧॥**

ਮੈਂ ਕੀੜੇ ਤੇ ਕਿਰਮ (ਨਾਚੀਜ਼) ਨੇ ਸਤਿਗੁਰੂ ਦੀ ਸ਼ਰਨ ਲਈ ਹੈ, ਮਿਹਰ ਕਰਕੇ ਮੈਨੂੰ ਹਰੀ ਦੇ ਨਾਮ ਨਾਲ ਰੌਸ਼ਨ ਕਰ ਦਿਓ।

**ਮੇਰੇ ਮੀਤ ਗੁਰਦੇਵ**
**ਮੋ ਕਉ ਰਾਮ ਨਾਮੁ ਪਰਗਾਸਿ॥**

ਹੇ ਮੇਰੇ ਮਿੱਤਰ ਗੁਰਦੇਵ ਜੀ! ਮੈਨੂੰ ਰਾਮ ਦੇ ਨਾਮ ਨਾਲ ਰੁਸ਼ਨਾ ਦਿਓ।

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ**
**ਹਰਿ ਕੀਰਤਿ ਹਮਰੀ ਰਹਰਾਸਿ॥੧॥ ਰਹਾਉ॥**

ਗੁਰੂ ਉਪਦੇਸ਼ ਦੁਆਰਾ ਮਿਲਿਆ ਨਾਮ, ਮੇਰੇ ਪ੍ਰਾਣਾਂ ਦਾ ਮਿੱਤਰ ਹੈ ਤੇ ਹਰੀ ਦਾ ਜਸ ਮੇਰੀ ਰੀਤੀ ਹੈ। ਠਹਿਰਾਉ।

**ਹਰਿ ਜਨ ਕੇ ਵਡ ਭਾਗ ਵਡੇਰੇ**
**ਜਿਨ ਹਰਿ ਹਰਿ ਸਰਧਾ ਹਰਿ ਪਿਆਸ॥**

ਹਰੀ ਦੇ ਭਗਤਾਂ ਦੇ ਬੜੇ ਵੱਡੇ ਭਾਗ ਹਨ, ਜਿਨ੍ਹਾਂ ਨੂੰ ਹਰੀ, ਕੇਵਲ ਹਰੀ ਉੱਪਰ ਭਰੋਸਾ ਤੇ ਹਰੀ ਦੀ ਹੀ ਪਿਆਸ ਹੈ।

**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ**
**ਮਿਲਿ ਸੰਗਤਿ ਗੁਣ ਪਰਗਾਸਿ ॥੨॥**

ਉਹ ਹਰੀ, ਜੀ ਹਾਂ ਹਰੀ ਦਾ ਨਾਮ ਮਿਲਣ ਤੇ ਰੱਜ ਜਾਂਦੇ ਹਨ। ਸੱਚੀ ਸੰਗਤ ਵਿੱਚ ਮਿਲਣ ਨਾਲ ਚੰਗੇ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ।

**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ**
**ਤੇ ਭਾਗਹੀਣ ਜਮ ਪਾਸਿ ॥**

ਜਿਨ੍ਹਾਂ ਨੇ ਹਰੀ, ਹਰੀ, ਹਰੀ ਦਾ ਰਸ, ਨਾਮ ਨਹੀਂ ਪਾਇਆ, ਉਹ ਅਭਾਗੇ ਜਮਾਂ ਦੇ ਕੋਲ ਜਾਂਦੇ ਹਨ।

**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ**
**ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥**

ਜੋ ਸੱਚੇ ਗੁਰੂ ਦੀ ਸ਼ਰਨ ਤੇ ਸੰਗਤ ਵਿੱਚ ਨਹੀਂ ਆਏ ਧ੍ਰਿਕਾਰ ਹੈ, ਉਨ੍ਹਾਂ ਦੀ ਜ਼ਿੰਦਗੀ ਨੂੰ ਤੇ ਲਾਹਨਤ ਹੈ ਉਨ੍ਹਾਂ ਦੇ ਜੀਉਣ ਨੂੰ।

**ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ**
**ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥**

ਜਿਨ੍ਹਾਂ ਹਰੀ ਦੇ ਭਗਤਾਂ ਨੂੰ ਸੱਚੇ ਗੁਰਾਂ ਦੀ ਸੰਗਤ

ਪ੍ਰਾਪਤ ਹੋਈ ਹੈ, ਉਨ੍ਹਾਂ ਦੇ ਮੱਥੇ ਉਪਰ ਧੁਰੋਂ ਹੀ ਉੱਤਮ ਲੇਖ ਲਿਖਿਆ ਹੋਇਆ ਹੈ।

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ**
**ਮਿਲਿ ਜਨ ਨਾਨਕ ਨਾਮੁ ਪਰਗਾਸਿ ।। ੪ ।। ੪ ।।**

ਸੱਚੀ ਸੰਗਤ ਧੰਨ ਹੈ, ਮੁਬਾਰਕ ਹੈ, ਜਿਥੋਂ ਹਰੀ ਦਾ ਰਸ ਪ੍ਰਾਪਤ ਹੋਇਆ ਹੈ, ਹੇ ਨਾਨਕ ! ਹਰੀ ਦੇ ਭਗਤਾਂ ਨੂੰ ਮਿਲ ਕੇ ਨਾਮ ਦਾ ਪ੍ਰਕਾਸ਼ ਹੋਇਆ ਹੈ।

**ਰਾਗੁ ਗੂਜਰੀ ਮਹਲਾ ੫ ।।**

ਗੂਜਰੀ ਰਾਗ ਵਿੱਚ ਪੰਜਵੇਂ ਪਾਤਸ਼ਾਹ ਦਾ ਸ਼ਬਦ।

**ਕਾਹੇ ਰੇ ਮਨ ਚਿਤਵਹਿ ਉਦਮੁ**
**ਜਾ ਆਹਰਿ ਹਰਿ ਜੀਉ ਪਰਿਆ ।।**

ਹੇ ਮਨਾ! ਤੂੰ ਤਰਦੱਦਾਂ ਬਾਰੇ ਕਿਉਂ ਸੋਚਦਾ ਹੈਂ, ਜਦ ਕਿ ਪ੍ਰਭੂ ਆਪ ਤੇਰੇ ਲਈ ਯਤਨ ਵਿੱਚ ਲੱਗਾ ਹੋਇਆ ਹੈ।

**ਸੈਲ ਪਥਰ ਮਹਿ ਜੰਤ ਉਪਾਏ**
**ਤਾ ਕਾ ਰਿਜਕੁ ਆਗੈ ਕਰਿ ਧਰਿਆ ।। ੧ ।।**

ਚਟਾਨਾਂ ਤੇ ਪੱਥਰਾਂ ਵਿੱਚ ਉਹ ਜੀਵ ਪੈਦਾ ਕਰਦਾ ਹੈ, ਉਨ੍ਹਾਂ ਦੀ ਖ਼ੁਰਾਕ, ਪਹਿਲਾਂ ਹੀ, ਉਥੇ ਬਣਾ ਕੇ ਰੱਖ

ਦੇਂਦਾ ਹੈ।

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥**

ਮੇਰੇ ਮਿੱਠੜੇ ਸੱਜਣ ਜੀ! ਜੋ ਸੱਚੀ ਸੰਗਤ ਵਿੱਚ ਜੁੜਦਾ ਹੈ, ਉਹ ਤਰ ਜਾਂਦਾ ਹੈ।

**ਗੁਰ ਪਰਸਾਦਿ ਪਰਮ ਪਦੁ ਪਾਇਆ**
**ਸੂਕੇ ਕਾਸਟ ਹਰਿਆ॥੧॥ ਰਹਾਉ॥**

ਗੁਰੂ ਦੀ ਕਿਰਪਾ ਨਾਲ, ਉਸ ਨੇ ਉੱਤਮ ਪਦਵੀ ਪ੍ਰਾਪਤ ਕਰ ਲਈ, ਮਾਨੋਂ ਸੁੱਕੀ ਲੱਕੜੀ ਹਰੀ-ਭਰੀ ਹੋ ਗਈ ਹੈ। ਠਹਿਰਾਉ।

**ਜਨਨਿ ਪਿਤਾ ਲੋਕ ਸੁਤ ਬਨਿਤਾ**
**ਕੋਇ ਨ ਕਿਸ ਕੀ ਧਰਿਆ॥**

ਮਾਂ, ਪਿਉ, ਪੁੱਤਰ, ਵਹੁਟੀ ਤੇ ਹੋਰ ਲੋਕੀਂ, ਕੋਈ ਵੀ ਕਿਸੇ ਦਾ ਆਸਰਾ ਨਹੀਂ ਹਨ।

**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ**
**ਕਾਹੇ ਮਨ ਭਉ ਕਰਿਆ॥੨॥**

ਹਰੇਕ ਜੀਵ ਨੂੰ ਮਾਲਕ ਰਿਜ਼ਕ ਪਹੁੰਚਾਂਦਾ ਹੈ, ਹੇ ਮੇਰੇ ਮਨ! ਤੂੰ ਕਿਉ ਡਰਦਾ ਹੈਂ?

**ਊਡੇ ਊਡਿ ਆਵੈ ਸੈ ਕੋਸਾ**
**ਤਿਸੁ ਪਾਛੈ ਬਚਰੇ ਛਰਿਆ ॥**

ਕੂੰਜ ਉਡਦਿਆਂ-ਉਡਦਿਆਂ ਸੈਂਕੜੇ ਕੋਹਾਂ ਆ ਜਾਂਦੀ ਹੈ, ਉਹ ਆਪਣੇ ਬੱਚੇ ਪਿੱਛੇ ਛਡ ਆਉਂਦੀ ਹੈ।

**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ**
**ਮਨ ਮਹਿ ਸਿਮਰਨੁ ਕਰਿਆ ॥ ੩ ॥**

ਉਹਨਾਂ ਨੂੰ ਕੌਣ ਖਵਾਉਂਦਾ ਤੇ ਚੋਗਾ ਦੇਂਦਾ ਹੈ ? ਕੀ ਤੂੰ ਮਨ ਵਿੱਚ ਕਦੇ ਵਿਚਾਰ ਕੀਤੀ ਹੈ ?

**ਸਭਿ ਨਿਧਾਨ ਦਸ ਅਸਟ ਸਿਧਾਨ**
**ਠਾਕੁਰ ਕਰ ਤਲ ਧਰਿਆ ॥**

ਸਾਰੇ ਖਜ਼ਾਨੇ ਅਤੇ ਅਠਾਰਾਂ ਕਰਾਮਾਤੀ ਸ਼ਕਤੀਆਂ ਮਾਲਕ ਨੇ ਆਪਣੇ ਹੱਥ ਦੀ ਤਲੀ ਉੱਪਰ ਰੱਖੀਆਂ ਹੋਈਆਂ ਹਨ।

**ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ**
**ਤੇਰਾ ਅੰਤੁ ਨ ਪਾਰਾਵਾਰਿਆ ॥ ੪ ॥ ੫ ॥**

ਗੁਰੂ ਜੀ ਕਹਿੰਦੇ ਹਨ-ਦਾਸ ਨਾਨਕ ! ਤੈਥੋਂ ਬਲਿਹਾਰ ਜਾਈਏ, ਸਦਾ ਹੀ ਕੁਰਬਾਨ ਜਾਈਏ, ਕਿਉਂਕਿ ਤੇਰਾ ਉਰਾਰ

ਪਾਰ ਦਾ ਅੰਤ ਕੋਈ ਨਹੀਂ।

**ਰਾਗੁ ਆਸਾ ਮਹਲਾ ੪ ਸੋ ਪੁਰਖੁ**

ਆਸਾ ਰਾਗ ਵਿੱਚ ਚੌਥੀ ਪਾਤਸ਼ਾਹੀ ਉਚਾਰਦੇ ਹਨ। ਸੋ ਪੁਰਖ ਸ਼ਬਦ ਦਾ ਸਿਰਲੇਖ ਹੈ।

**ੴ ਸਤਿਗੁਰ ਪ੍ਰਸਾਦਿ॥**

ਨਿਰਗੁਨ ਤੇ ਸਰਗੁਨ ਸਰੂਪ ਸਦਾ ਥਿਰ ਗੁਰੂ ਦੀ ਕਿਰਪਾ ਨਾਲ।

**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥**

ਉਹ ਪਾਰਬ੍ਰਹਮ ਮਾਇਆ ਰਹਿਤ ਹੈ, ਪਾਰਬ੍ਰਹਮ ਪ੍ਰਭੂ ਬੇ-ਦਾਗ ਹੈ, ਪ੍ਰਭੂ ਪਹੁੰਚ ਤੋਂ ਬਹੁਤ ਪਰੇ ਅਤੇ ਬੇਅੰਤ ਹੈ।

**ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥**

ਸਾਰੇ ਸਿਮਰਦੇ ਹਨ, ਸਾਰੇ ਤੁਹਾਨੂੰ ਹੀ ਸਿਮਰਦੇ ਹਨ, ਹੇ ਪ੍ਰਭੂ! ਸੱਚੇ ਕਰਤਾਰ ਜੀਓ!

**ਸਭਿ ਜੀਅ ਤੁਮਾਰੇ ਜੀ**
**ਤੂੰ ਜੀਆ ਕਾ ਦਾਤਾਰਾ।।**

ਸਾਰੇ ਜੀਵ-ਜੰਤੂ ਤੁਹਾਡੇ ਹੀ ਹਨ ਅਤੇ ਤੁਸੀਂ ਉਨ੍ਹਾਂ ਉੱਪਰ ਬਖਸ਼ਿਸ਼ ਕਰਨ ਵਾਲੇ ਹੋ।

**ਹਰਿ ਧਿਆਵਹੁ ਸੰਤਹੁ ਜੀ**
**ਸਭਿ ਦੂਖ ਵਿਸਾਰਣਹਾਰਾ।।**

ਹੇ ਸੰਤੋ! ਪ੍ਰਭੂ ਦਾ ਸਿਮਰਨ ਕਰੋ, ਜੋ ਸਭ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ।

**ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ**
**ਕਿਆ ਨਾਨਕ ਜੰਤ ਵਿਚਾਰਾ।।੧।।**

ਪ੍ਰਭੂ ਆਪ ਹੀ ਮਾਲਕ ਹਨ, ਪ੍ਰਭੂ ਆਪ ਹੀ ਸੇਵਕ ਹਨ। ਹੇ ਨਾਨਕ! ਜੀਵ ਵਿਚਾਰਾ ਕੀ ਹੈ?

**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ**
**ਹਰਿ ਏਕੋ ਪੁਰਖੁ ਸਮਾਣਾ।।**

ਪ੍ਰਭੂ ਜੀ! ਤੁਸੀਂ ਇਕੋ ਇਕ ਸਰਬ ਵਿਆਪਕ, ਸਭ ਜੀਵਾਂ ਦੇ ਅੰਦਰ ਅਤੇ ਸਾਰਿਆਂ ਦੇ ਹਿਰਦਿਆਂ ਅੰਦਰ ਹੋ।

**ਇਕਿ ਦਾਤੇ ਇਕਿ ਭੇਖਾਰੀ ਜੀ**
**ਸਭਿ ਤੇਰੇ ਚੋਜ ਵਿਡਾਣਾ॥**

ਇਕ ਦਾਤੇ ਹਨ ਤੇ ਇਕ ਭਿਖਾਰੀ ਹਨ, ਇਹ ਸਭ ਤੇਰੇ ਅਸਚਰਜ ਕੌਤਕ ਹਨ।

**ਤੂੰ ਆਪੇ ਦਾਤਾ ਆਪੇ ਭੁਗਤਾ ਜੀ**
**ਹਉ ਤੁਧੁ ਬਿਨੁ ਅਵਰੁ ਨ ਜਾਣਾ॥**

ਤੁਸੀਂ ਆਪੇ ਦਾਤਾ ਤੇ ਆਪੇ ਭੋਗਣ ਵਾਲੇ ਹੋ ਜੀ! ਮੈਂ ਤੁਹਾਡੇ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ।

**ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ**
**ਤੇਰੇ ਕਿਆ ਗੁਣ ਆਖਿ ਵਖਾਣਾ॥**

ਹੇ ਜਗਤ ਤੋਂ ਪਰੇ ਨਿਰਗੁਣ ਰੂਪ ਜੀਓ ! ਤੁਸੀਂ ਬੇਅੰਤ ਤੇ ਬੇ-ਓੜਕ ਹੋ, ਮੈਂ ਤੁਹਾਡੇ ਕਿਹੜੇ-ਕਿਹੜੇ ਗੁਣ ਕਹਿ ਕੇ ਬਿਆਨ ਕਰਾਂ।

**ਜੋ ਸੇਵਹਿ ਜੋ ਸੇਵਹਿ ਤੁਧੁ ਜੀ**
**ਜਨੁ ਨਾਨਕੁ ਤਿਨ ਕੁਰਬਾਣਾ॥੨॥**

ਜੋ ਸਿਮਰਦੇ ਹਨ, ਜੋ ਆਪ ਨੂੰ ਸਿਮਰਦੇ ਹਨ ਜੀ, ਦਾਸ ਨਾਨਕ ਉਨ੍ਹਾਂ ਤੋਂ ਬਲਿਹਾਰ ਹੈ।

**ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ**
**ਸੇ ਜਨ ਜੁਗ ਮਹਿ ਸੁਖਵਾਸੀ॥**

ਜੋ ਪ੍ਰਭੂ ਨੂੰ ਸਿਮਰਦੇ ਹਨ, ਜੋ ਪ੍ਰਭੂ ਜੀ ! ਤੁਹਾਨੂੰ ਸਿਮਰਦੇ ਹਨ, ਉਹ ਪੁਰਸ਼ ਜਗਤ ਵਿੱਚ ਸੁਖੀ ਵਸਦੇ ਹਨ।

**ਸੇ ਮੁਕਤੁ ਸੇ ਮੁਕਤੁ ਭਏ**
**ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ॥**

ਉਹ ਮੁਕਤ ਹੋ ਗਏ, ਜੀ ਹਾਂ ਉਹ ਬੰਦ-ਖਲਾਸ ਹੋ ਗਏ, ਜਿਨ੍ਹਾਂ ਨੇ ਪ੍ਰਭੂ ਨੂੰ ਯਾਦ ਕੀਤਾ, ਉਨ੍ਹਾਂ ਦੀ ਜਮਾਂ ਦੀ ਫਾਹੀ ਕੱਟੀ ਗਈ।

**ਜਿਨ ਨਿਰਭਉ ਜਿਨ ਹਰਿ**
**ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ॥**

ਜਿਨ੍ਹਾਂ ਨੇ ਡਰ ਤੋਂ ਮੁਕਤ ਹਰੀ ਜੀ ਦਾ ਸਿਮਰਨ ਕੀਤਾ ਹੈ; ਉਹ, ਉਨ੍ਹਾਂ ਦਾ ਸਭ ਡਰ ਦੂਰ ਕਰ ਦਏਗਾ।

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ**
**ਤੇ ਹਰਿ ਹਰਿ ਰੂਪਿ ਸਮਾਸੀ॥**

ਜਿਨ੍ਹਾਂ ਨੇ ਸਿਮਰਿਆ ਹੈ, ਜਿਨ੍ਹਾਂ ਨੇ ਮੇਰੇ ਪ੍ਰਭੂ ਜੀ ਨੂੰ ਸਿਮਰਿਆ ਹੈ, ਉਹ ਹਰੀ ਪ੍ਰਭੂ ਦੇ ਰੂਪ ਵਿੱਚ ਸਮਾ ਜਾਣਗੇ।

**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ**
**ਜਨੁ ਨਾਨਕੁ ਤਿਨ ਬਲਿ ਜਾਸੀ॥੩॥**

ਉਹ ਧੰਨ ਹਨ, ਉਹ ਮੁਬਾਰਕ ਹਨ, ਜਿਨ੍ਹਾਂ ਨੇ ਪ੍ਰਭੂ ਜੀ ਨੂੰ ਸਿਮਰਿਆ ਹੈ; ਦਾਸ ਨਾਨਕ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ।

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ**
**ਭਰੇ ਬਿਅੰਤ ਬੇਅੰਤਾ॥**

ਹੇ ਬੇਅੰਤ ਪ੍ਰਭੂ ! ਤੇਰੀ ਭਗਤੀ, ਜੀ ਹਾਂ ਤੇਰੀ ਭਗਤੀ ਦੇ ਬੇਅੰਤ ਭਰੇ ਭੰਡਾਰ ਹਨ।

**ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ**
**ਹਰਿ ਅਨਿਕ ਅਨੇਕ ਅਨੰਤਾ॥**

ਹੇ ਬੇਅੰਤ ਵਾਹਿਗੁਰੂ ! ਤੇਰੇ ਭਗਤ, ਤੇਰੇ ਅਨੇਕਾਂ ਭਗਤ, ਤੈਨੂੰ ਅਨੇਕਾਂ ਤਰੀਕਿਆਂ ਨਾਲ ਸਲਾਹੁੰਦੇ ਹਨ।

**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ**
**ਤਪੁ ਤਾਪਹਿ ਜਪਹਿ ਬੇਅੰਤਾ॥**

ਹੇ ਪ੍ਰਭੂ ਜੀ! ਅਨੇਕਾਂ ਹੀ, ਤੇਰੀ ਅਨੇਕ ਅਨੇਕ ਪਰਕਾਰ ਦੀ ਪੂਜਾ, ਤਪ ਤੇ ਜਪ ਕਰਦੇ ਹਨ।

**ਤੇਰੇ ਅਨੇਕ ਤੇਰੇ ਅਨੇਕ**
**ਪੜਹਿ ਬਹੁ ਸਿਮ੍ਰਿਤਿ ਸਾਸਤ ਜੀ**
**ਕਰਿ ਕਿਰਿਆ ਖਟੁ ਕਰਮ ਕਰੰਤਾ॥**

ਅਨੇਕਾਂ ਹੀ ਤੇਰੇ ਭਗਤ, ਅਨੇਕਾਂ ਹੀ ਕਈ ਤਰ੍ਹਾਂ ਦੇ ਸਿਮ੍ਰਤ ਤੇ ਸ਼ਾਸਤਰ ਪੜ੍ਹਦੇ ਹਨ ਤੇ ਛੇ ਤਰ੍ਹਾਂ ਦੇ ਧਰਮ-ਕਰਮ ਕਰਦੇ ਹਨ।

**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ**
**ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥**

ਹੇ ਨਾਨਕ! ਉਹੋ ਭਗਤ, ਉਹੋ ਭਗਤ ਚੰਗੇ ਹਨ, ਜੋ ਮੇਰੇ ਹਰੀ ਕਰਤਾਰ ਨੂੰ ਚੰਗੇ ਲੱਗਦੇ ਹਨ।

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ**
**ਤੁਧੁ ਜੇਵਡੁ ਅਵਰੁ ਨ ਕੋਈ॥**

ਹੇ ਸਿਰਜਣਹਾਰ ਜੀ! ਤੁਸੀਂ ਪਰਾ-ਪੂਰਬਲੀ ਹਸਤੀ, ਪਰਮ ਸ੍ਰੇਸ਼ਟ ਹੋ, ਤੁਹਾਡੇ ਜਿੱਡਾ ਵੱਡਾ ਹੋਰ ਕੋਈ ਨਹੀਂ।

**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ**
**ਤੂੰ ਨਿਹਚਲੁ ਕਰਤਾ ਸੋਈ॥**

ਤੂੰ ਜੁਗਾਂ ਜੁਗਾਂ ਤੋਂ ਇਕੋ ਹੀ ਹੈਂ; ਹਮੇਸ਼ਾ-ਹਮੇਸ਼ਾ ਤੂੰ ਉਸੇ ਤਰ੍ਹਾਂ ਹੀ ਹੈਂ, ਐਸਾ ਤੂੰ ਸਦੀਵੀ ਸਥਿਰ ਸਿਰਜਣਹਾਰ ਹੈਂ।

**ਤੁਧੁ ਆਪੇ ਭਾਵੈ ਸੋਈ ਵਰਤੈ ਜੀ**
**ਤੂੰ ਆਪੇ ਕਰਹਿ ਸੁ ਹੋਈ॥**

ਜੋ ਕੁਝ ਤੈਨੂੰ ਆਪ ਚੰਗਾ ਲੱਗਦਾ ਹੈ ਉਹ ਹੋ ਜਾਂਦਾ ਹੈ; ਜੋ ਤੂੰ ਆਪ ਕਰਦਾ ਹੈਂ, ਉਹੋ ਹੁੰਦਾ ਹੈ।

**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ**
**ਤੁਧੁ ਆਪੇ ਸਿਰਜਿ ਸਭ ਗੋਈ॥**

ਤੂੰ ਆਪੇ ਹੀ ਸਾਰਾ ਜਗਤ ਰਚਿਆ ਹੈ ਅਤੇ ਸਾਜ ਕੇ ਆਪ ਹੀ ਨਾਸ ਕਰ ਦੇਵੇਂਗਾ।

**ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ**
**ਜੋ ਸਭਸੈ ਕਾ ਜਾਣੋਈ॥੫॥੧॥**

ਦਾਸ ਨਾਨਕ ਸਿਰਜਣਹਾਰ ਦੇ ਗੁਣ ਗਾਉਂਦਾ ਹੈ, ਜੋ ਸਾਰਿਆਂ ਦਾ ਜਾਣਨਹਾਰ ਹੈ।

**ਆਸਾ ਮਹਲਾ ੪ ।।**

ਆਸਾ ਰਾਗ, ਚੌਥੀ ਪਾਤਸ਼ਾਹੀ।।

**ਤੂੰ ਕਰਤਾ ਸਚਿਆਰੁ ਮੈਡਾ ਸਾਂਈ।।**
**ਜੋ ਤਉ ਭਾਵੈ ਸੋਈ ਥੀਸੀ**
**ਜੋ ਤੂੰ ਦੇਹਿ ਸੋਈ ਹਉ ਪਾਈ।। ੧ ।। ਰਹਾਉ।।**

ਤੂੰ ਸੱਚਾ ਸਿਰਜਣਹਾਰ ਮੇਰਾ ਮਾਲਕ ਹੈਂ। ਉਹੀ ਹੁੰਦਾ ਹੈ, ਜੋ ਤੈਨੂੰ ਚੰਗਾ ਲੱਗਦਾ ਹੈ; ਮੈਂ ਉਹੀ ਪ੍ਰਾਪਤ ਕਰਦਾ ਹਾਂ, ਜੋ ਤੂੰ ਦੇਂਦਾ ਹੈਂ। ਠਹਿਰਾਉ।

**ਸਭ ਤੇਰੀ ਤੂੰ ਸਭਨੀ ਧਿਆਇਆ।।**
**ਜਿਸ ਨੋ ਕ੍ਰਿਪਾ ਕਰਹਿ**
**ਤਿਨਿ ਨਾਮ ਰਤਨੁ ਪਾਇਆ।।**

ਸਾਰੀ ਰਚਨਾ ਤੇਰੀ ਹੈ, ਸਭ ਨੇ ਤੈਨੂੰ ਸਿਮਰਿਆ ਹੈ। ਜਿਨ੍ਹਾਂ 'ਤੇ ਤੂੰ ਕਿਰਪਾ ਕਰਦਾ ਹੈਂ, ਉਨ੍ਹਾਂ ਨਾਮ ਰੂਪੀ ਰਤਨ ਪਰਾਪਤ ਕੀਤਾ ਹੈ।

**ਗੁਰਮੁਖਿ ਲਾਧਾ ਮਨਮੁਖਿ ਗਵਾਇਆ।।**
**ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ।।੧।।**

ਗੁਰਮੁਖਾਂ ਨੇ ਲੱਭ ਲਿਆ ਤੇ ਮਨਮੁਖਾਂ ਨੇ ਗਵਾ ਲਿਆ ਹੈ। ਤੂੰ ਆਪ ਹੀ (ਕਿਸੇ ਨੂੰ ਆਪਣੇ ਨਾਲੋਂ) ਵਿਛੋੜਿਆ ਹੈ ਤੇ ਆਪ ਹੀ (ਆਪਣੇ ਨਾਲ) ਮਿਲਾਇਆ ਹੈ।

**ਤੂੰ ਦਰੀਆਉ ਸਭ ਤੁਝ ਹੀ ਮਾਹਿ॥**
**ਤੁਝ ਬਿਨੁ ਦੂਜਾ ਕੋਈ ਨਾਹਿ॥**

ਤੂੰ ਦਰਿਆ ਵਾਂਗ ਵਿਸ਼ਾਲ ਹੈਂ, ਸਭ ਤੇਰੇ ਹੀ ਵਿੱਚ ਹਨ। ਤੇਰੇ ਬਗੈਰ ਹੋਰ ਕੋਈ ਦੂਸਰਾ ਨਹੀਂ ਹੈ।

**ਜੀਅ ਜੰਤ ਸਭਿ ਤੇਰਾ ਖੇਲੁ॥**
**ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ॥੨॥**

ਜੀਵ-ਜੰਤੂ ਸਭ ਤੇਰੀ ਹੀ ਖੇਡ ਹਨ। ਜਿਨ੍ਹਾਂ ਦੇ ਭਾਗਾਂ ਵਿੱਚ ਵਿਛੋੜਾ ਹੈ, ਉਹ ਮਿਲ ਕੇ ਵੀ ਵਿਛੜ ਜਾਂਦੇ ਹਨ ਅਤੇ ਜਿਨ੍ਹਾਂ ਦੇ ਕਰਮਾਂ ਵਿੱਚ ਮੇਲ ਹੈ, ਉਨ੍ਹਾਂ ਦਾ ਤੇਰੇ ਨਾਲ ਮੇਲ ਹੁੰਦਾ ਹੈ।

**ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥**
**ਹਰਿ ਗੁਣ ਸਦ ਹੀ ਆਖਿ ਵਖਾਣੈ॥**

ਜਿਸ ਨੂੰ ਤੂੰ ਆਪਣੀ ਹਕੀਕਤ ਜਣਾਉਂਦਾ ਹੈਂ; ਉਹੀ ਮਨੁੱਖ ਜਾਣਦਾ ਹੈ। ਉਹ ਸਦਾ ਹੀ ਪ੍ਰਭੂ ਦੇ ਗੁਣ ਵਰਣਨ ਕਰਦਾ ਹੈ।

**ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥**
**ਸਹਜੇ ਹੀ ਹਰਿ ਨਾਮਿ ਸਮਾਇਆ ॥੩॥**

ਜਿਸ ਨੇ ਹਰੀ ਸਿਮਰਿਆ ਹੈ, ਉਸ ਨੇ ਸੁਖ ਪਾ ਲਿਆ ਹੈ। ਉਹ ਸਹਿਜੇ ਹੀ ਹਰੀ ਨਾਮ ਵਿੱਚ ਸਮਾ ਜਾਂਦਾ ਹੈ।

**ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥**
**ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥**

ਤੂੰ ਆਪ ਹੀ ਰਚਨਹਾਰ ਹੈਂ ਅਤੇ ਤੇਰੇ ਕਰਨ ਨਾਲ ਹੀ ਸਭ ਕੁਝ ਹੁੰਦਾ ਹੈ। ਤੇਰੇ ਬਾਝੋਂ ਹੋਰ ਦੂਸਰਾ ਕੋਈ ਨਹੀਂ।

**ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥**
**ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥**

ਤੂੰ ਰਚਨਾ ਰਚ-ਰਚ ਕੇ ਵੇਖਦਾ ਤੇ ਉਸ ਨੂੰ ਜਾਣਦਾ ਹੈਂ। ਹੇ ਦਾਸ ਨਾਨਕ ! ਉਸ ਦਾ ਭੇਦ ਗੁਰਾਂ ਰਾਹੀਂ ਪਰਗਟ ਹੁੰਦਾ ਹੈ।

**ਆਸਾ ਮਹਲਾ ੧ ॥**

ਆਸਾ ਰਾਗ, ਪਹਿਲੀ ਪਾਤਸ਼ਾਹੀ।

**ਤਿਤੁ ਸਰਵਰੜੈ ਭਈਲੇ ਨਿਵਾਸਾ**
**ਪਾਣੀ ਪਾਵਕੁ ਤਿਨਹਿ ਕੀਆ ॥**

ਮੱਨੁਖ ਦਾ ਉਸ ਸੰਸਾਰ-ਸਮੁੰਦਰ ਵਿੱਚ ਵਾਸਾ ਹੋਇਆ ਹੈ, ਜਿਥੇ ਪਾਣੀ ਤੇ ਅੱਗ ਉਸੇ (ਕਰਤਾਰ) ਨੇ ਬਣਾਏ ਹਨ।

**ਪੰਕਜੁ ਮੋਹ ਪਗੁ ਨਹੀ ਚਾਲੈ**
**ਹਮ ਦੇਖਾ ਤਹ ਡੂਬੀਅਲੇ ।। ੧ ।।**

ਜਿਥੇ ਮੋਹ ਰੂਪੀ ਚਿੱਕੜ ਵਿੱਚ ਫਸ ਕੇ ਪੈਰ ਅਗਾਂਹ ਨਹੀਂ ਪੁੱਟਿਆ ਜਾਂਦਾ, ਮੈਂ ਉਸ ਨੂੰ ਉਸ ਅੰਦਰ ਡੁੱਬਦਿਆਂ ਦੇਖਦਾ ਹਾਂ।

**ਮਨ ਏਕੁ ਨ ਚੇਤਸਿ ਮੂੜ ਮਨਾ ।।**
**ਹਰਿ ਬਿਸਰਤ ਤੇਰੇ ਗੁਣ ਗਲਿਆ ।।੧ ।।ਰਹਾਉ ।।**

ਹੇ ਮੂਰਖ ਮਨਾ ! ਤੂੰ ਇਕ ਨੂੰ ਨਹੀਂ ਸਿਮਰਦਾ।ਹਰੀ ਨੂੰ ਭੁੱਲਣ ਨਾਲ ਤੇਰੇ ਗੁਣ ਨਾਸ ਹੋ ਰਹੇ ਹਨ। ਠਹਿਰਾਉ।

**ਨਾ ਹਉ ਜਤੀ ਸਤੀ ਨਹੀ ਪੜਿਆ**
**ਮੂਰਖ ਮੁਗਧਾ ਜਨਮੁ ਭਇਆ ।।**

ਨਾ ਮੈਂ ਜਤੀ ਸਤੀ ਹਾਂ ਤੇ ਕੁਝ ਪੜ੍ਹਿਆ ਵੀ ਨਹੀਂ, ਮੂਰਖ ਤੇ ਅਗਿਆਨਤਾ ਵਾਲਾ ਜਨਮ ਹੋਇਆ ਹੈ।

**ਪ੍ਰਣਵਤਿ ਨਾਨਕ ਤਿਨ ਕੀ ਸਰਣਾ**
**ਜਿਨ ਤੂ ਨਾਹੀ ਵੀਸਰਿਆ ।। ੨ ।। ੩ ।।**

ਨਾਨਕ ਉਨ੍ਹਾਂ ਦੀ ਸ਼ਰਨ ਵਿੱਚ ਰਹਿਣ ਦਾ ਇੱਛੁਕ ਹੈ, ਜਿਨ੍ਹਾਂ ਨੂੰ ਤੂੰ ਵਿਸਰਿਆ ਨਹੀਂ ਹੈਂ।

**ਆਸਾ ਮਹਲਾ ੫ ॥**

ਆਸਾ ਰਾਗ, ਪੰਜਵੀਂ, ਪਾਤਸ਼ਾਹੀ।

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

ਹੇ ਜੀਵ! ਤੈਨੂੰ ਮਨੁੱਖਾ-ਦੇਹੀ ਮਿਲੀ ਹੈ। ਪ੍ਰਮਾਤਮਾ ਨੂੰ ਮਿਲਣ ਦੀ ਇਹ ਤੇਰੀ ਵਾਰੀ ਹੈ।

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**

ਹੋਰ ਕਾਰਜ ਤੇਰੇ ਕਿਸੇ ਭੀ ਕੰਮ ਨਹੀਂ। ਸਾਧ ਸੰਗਤ ਵਿੱਚ ਮਿਲ ਅਤੇ ਕੇਵਲ ਪ੍ਰਭੂ-ਨਾਮ ਨੂੰ ਸਿਮਰ।

**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥**

ਸੰਸਾਰ-ਸਮੁੰਦਰ ਨੂੰ ਤਰਨ ਦੇ ਪ੍ਰਬੰਧ ਵਿੱਚ ਲੱਗ। ਮਾਇਆ ਦੇ ਸੁਆਦ ਵਿੱਚ ਤੇਰਾ ਜੀਵਨ ਵਿਅਰਥ ਜਾ ਰਿਹਾ ਹੈ। ਠਹਿਰਾਉ।

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**
**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**

ਮੈਂ ਸਿਮਰਨ, ਕਰੜੀ ਘਾਲ, ਸਵੈ-ਕਾਬੂ ਅਤੇ ਧਰਮ ਦੀ ਕਮਾਈ ਨਹੀਂ ਕੀਤੀ। ਸਾਧੂਆਂ ਦੀ ਟਹਿਲ ਨਹੀਂ ਕੀਤੀ। ਹਰੀ ਰਾਜੇ ਨੂੰ ਨਹੀਂ ਜਾਣਿਆ।

**ਕਹੁ ਨਾਨਕ ਹਮ ਨੀਚ ਕਰੰਮਾ ॥**
**ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

ਹੇ ਨਾਨਕ! ਇੰਜ ਕਹੁ ਕਿ ਮੇਰੇ ਨੀਚ ਕਰਮ ਹਨ। ਸ਼ਰਨੀਂ ਪਏ ਦੀ ਲਾਜ ਰੱਖੋ।

**ਪਾ: ੧੦ ॥ ਕਬਿਯੋ ਬਾਚ ਬੇਨਤੀ ॥**

ਪਾਤਸ਼ਾਹੀ ਦਸਵੀਂ। ਕਵੀ ਵਲੋਂ ਕੀਤੀ ਪ੍ਰਾਰਥਨਾ।

**ਚੌਪਈ ॥**

ਛੰਦ ਦਾ ਨਾਮ ਹੈ।

**ਹਮਰੀ ਕਰੋ ਹਾਥ ਦੈ ਰੱਛਾ ॥**
**ਪੂਰਨ ਹੋਇ ਚਿਤ ਕੀ ਇੱਛਾ ॥**

ਹੇ ਪਰਮਾਤਮਾ! ਹੱਥ ਦੇ ਕੇ ਮੇਰੀ ਰੱਖਿਆ ਕਰੋ। ਮੇਰੇ ਮਨ ਦੀ ਇੱਛਾ ਪੂਰੀ ਹੋਵੇ।

**ਤਵ ਚਰਨਨ ਮਨ ਰਹੈ ਹਮਾਰਾ ॥**
**ਅਪਨਾ ਜਾਨ ਕਰੋ ਪ੍ਰਤਿਪਾਰਾ ॥ ੧ ॥**

ਤੁਹਾਡੇ ਚਰਨਾਂ ਵਿੱਚ ਮੇਰਾ ਮਨ ਲੱਗਿਆ ਰਹੇ। ਮੈਨੂੰ ਆਪਣਾ ਜਾਣ ਕੇ ਪਾਲਣਾ ਕਰੋ।

**ਹਮਰੇ ਦੁਸਟ ਸਭੈ ਤੁਮ ਘਾਵਹੁ ॥**
**ਆਪੁ ਹਾਥ ਦੈ ਮੋਹਿ ਬਚਾਵਹੁ ॥**

ਮੇਰੇ ਸਾਰੇ ਵੈਰੀਆਂ ਨੂੰ ਮਾਰ ਮੁਕਾਓ। ਆਪਣਾ ਹੱਥ ਦੇ ਕੇ ਮੈਨੂੰ ਬਚਾ ਲਓ।

**ਸੁਖੀ ਬਸੈ ਮੋਰੋ ਪਰਿਵਾਰਾ ॥**
**ਸੇਵਕ ਸਿਖ ਸਭੈ ਕਰਤਾਰਾ ॥ ੨ ॥**

ਹੇ ਕਰਤਾਰ! ਮੇਰਾ ਪਰਵਾਰ ਅਤੇ ਸਿਖ ਸੇਵਕ ਸਭ ਸੁਖੀ ਵਸਣ।

**ਮੋ ਰੱਛਾ ਨਿਜ ਕਰ ਦੈ ਕਰਿਯੈ ॥**
**ਸਭ ਬੈਰਨ ਕੋ ਆਜ ਸੰਘਰਿਯੈ ॥**

ਮੇਰੀ ਰੱਖਿਆ ਆਪਣਾ ਹੱਥ ਦੇ ਕੇ ਕਰੋ। ਸਾਰੇ ਵੈਰੀਆਂ ਨੂੰ ਅੱਜ ਹੀ ਮਾਰ ਮੁਕਾਓ।

**ਪੂਰਨ ਹੋਇ ਹਮਾਰੀ ਆਸਾ ॥**
**ਤੋਰ ਭਜਨ ਕੀ ਰਹੈ ਪਿਆਸਾ ॥ ੩ ॥**

ਮੇਰੀ ਆਸ ਪੂਰੀ ਹੋਵੇ। ਤੇਰੇ ਭਜਨ ਦੀ ਪਿਆਸ ਲੱਗੀ ਰਹੇ।

**ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥**
**ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥**

ਤੁਹਾਨੂੰ ਛੱਡ ਕੇ ਮੈਂ ਕਿਸੇ ਹੋਰ ਨੂੰ ਨਾ ਸਿਮਰਾਂ। ਜੋ ਮੁਰਾਦ ਚਾਹਵਾਂ ਉਹ ਤੁਹਾਥੋਂ ਪ੍ਰਾਪਤ ਕਰ ਲਵਾਂ।

**ਸੇਵਕ ਸਿਖ ਹਮਾਰੇ ਤਾਰੀਅਹਿ ॥**
**ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥ ੪ ॥**

ਮੇਰੇ ਸਿੱਖ-ਸੇਵਕਾਂ ਨੂੰ ਤਾਰ ਦਿਓ। ਮੇਰੇ ਵੈਰੀਆਂ ਨੂੰ ਚੁਣ-ਚੁਣ ਕੇ ਮਾਰ ਦਿਓ।

**ਆਪ ਹਾਥ ਦੈ ਮੁਝੈ ਉਬਰਿਯੈ ॥**
**ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥**

ਆਪ ਹੱਥ ਦੇ ਕੇ ਮੈਨੂੰ ਉੱਪਰ ਕੱਢ ਲਓ। ਮਰਨ ਦੇ ਸਮੇਂ ਦਾ ਡਰ ਦੂਰ ਕਰੋ।

**ਹੂਜੋ ਸਦਾ ਹਮਾਰੇ ਪੱਛਾ।।**
**ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ।। ੫।।**

ਹਮੇਸ਼ਾ ਮੇਰੇ ਪੱਖੀ ਹੋਵੋ। ਹੇ ਖੜਗ ਦੇ ਨਿਸ਼ਾਨ ਵਾਲੇ ਜੀਓ! ਮੇਰੀ ਰੱਖਿਆ ਕਰੋ।

**ਰਾਖਿ ਲੇਹੁ ਮੁਹਿ ਰਾਖਨਹਾਰੇ।।**
**ਸਾਹਿਬ ਸੰਤ ਸਹਾਇ ਪਿਯਾਰੇ।।**

ਹੇ ਰੱਖਣਹਾਰ ਮਾਲਕ ! ਸੰਤਾਂ ਦੇ ਸਹਾਈ, ਪ੍ਰੀਤਮ ਜੀਓ! ਮੈਨੂੰ ਰੱਖ ਲਓ।

**ਦੀਨ ਬੰਧੁ ਦੁਸਟਨ ਕੇ ਹੰਤਾ।।**
**ਤੁਮ ਹੋ ਪੁਰੀ ਚਤੁਰ ਦਸ ਕੰਤਾ।। ੬।।**

ਹੇ ਅਨਾਥਾਂ ਦੇ ਸੱਜਣ ! ਦੁਸ਼ਟਾਂ ਦੇ ਨਾਸ ਕਰਨ ਵਾਲੇ! ਤੁਸੀਂ ਚੌਦਾਂ ਲੋਕਾਂ (ਭਾਵ ਸਾਰੀ ਸ੍ਰਿਸ਼ਟੀ) ਦੇ ਮਾਲਕ ਹੋ।

**ਕਾਲ ਪਾਇ ਬ੍ਰਹਮਾ ਬਪੁ ਧਰਾ।।**
**ਕਾਲ ਪਾਇ ਸਿਵ ਜੂ ਅਵਤਰਾ।।**

ਸਮਾਂ ਪਾ ਕੇ ਬ੍ਰਹਮਾ ਨੇ ਸਰੀਰ ਧਾਰਿਆ। ਸਮਾਂ ਪਾ ਕੇ ਸ਼ਿਵ ਜੀ ਨੇ ਜਨਮ ਲਿਆ।

**ਕਾਲ ਪਾਇ ਕਰ ਬਿਸਨੁ ਪ੍ਰਕਾਸਾ ।।**
**ਸਕਲ ਕਾਲ ਕਾ ਕੀਆ ਤਮਾਸਾ ।। ੭।।**

ਸਮਾਂ ਪਾ ਕੇ ਵਿਸ਼ਨੂੰ ਪ੍ਰਕਾਸ਼ਮਾਨ ਹੋਇਆ। ਇਹ ਸਾਰਾ ਸਮੇਂ ਦਾ ਹੀ ਤਮਾਸ਼ਾ ਹੈ।

**ਜਵਨ ਕਾਲ ਜੋਗੀ ਸਿਵ ਕੀਓ ।।**
**ਬੇਦ ਰਾਜ ਬ੍ਰਹਮਾ ਜੂ ਥੀਓ ।।**

ਜਿਸ ਕਾਲ ਨੇ ਸ਼ਿਵ ਜੋਗੀ ਬਣਾਇਆ। ਜਿਸ ਤੋਂ ਵੇਦਾਂ ਦੇ ਰਾਜਾ ਬ੍ਰਹਮਾ ਜੀ ਹੋਏ।

**ਜਵਨ ਕਾਲ ਸਭ ਲੋਕ ਸਵਾਰਾ ।।**
**ਨਮਸਕਾਰ ਹੈ ਤਾਹਿ ਹਮਾਰਾ ।। ੮।।**

ਜਿਸ ਕਾਲ ਨੇ ਸਾਰਾ ਸੰਸਾਰ ਸਵਾਰਿਆ ਹੈ। ਮੇਰੀ ਉਸ ਨੂੰ ਨਮਸਕਾਰ ਹੈ।

**ਜਵਨ ਕਾਲ ਸਭ ਜਗਤ ਬਨਾਯੋ ।।**
**ਦੇਵ ਦੈਤ ਜੱਛਨ ਉਪਜਾਯੋ ।।**

ਜਿਸ ਕਾਲ ਨੇ ਸਾਰੇ ਜਗਤ ਨੂੰ ਬਣਾਇਆ ਹੈ। ਦੇਵਤੇ, ਦੈਂਤ ਤੇ ਜੱਛਾਂ ਨੂੰ ਪੈਦਾ ਕੀਤਾ ਹੈ।

**ਆਦਿ ਅੰਤਿ ਏਕੈ ਅਵਤਾਰਾ ॥**
**ਸੋਈ ਗੁਰੂ ਸਮਝਿਯਹੁ ਹਮਾਰਾ ॥ ੯ ॥**

ਜੋ ਮੁੱਢ ਤੋਂ ਅੰਤ ਤੱਕ ਇਕੋ ਅਵਤਾਰ ਹੈ। ਉਸੇ ਨੂੰ ਮੇਰਾ ਗੁਰੂ ਸਮਝੋ।

**ਨਮਸਕਾਰ ਤਿਸ ਹੀ ਕੋ ਹਮਾਰੀ ॥**
**ਸਕਲ ਪ੍ਰਜਾ ਜਿਨ ਆਪ ਸਵਾਰੀ ॥**

ਮੇਰਾ ਉਸ ਨੂੰ ਪਰਣਾਮ ਹੈ, ਜਿਸ ਨੇ ਸਾਰੀ ਖਲਕਤ ਸੰਵਾਰੀ ਹੈ।

**ਸਿਵਕਨ ਕੋ ਸਿਵਗੁਨ ਸੁਖ ਦੀਓ ॥**
**ਸਤ੍ਰੁੱਨ ਕੋ ਪਲ ਮੋ ਬਧ ਕੀਓ ॥ ੧੦ ॥**

ਸੇਵਕਾਂ ਨੂੰ ਸ਼ੁਭ ਗੁਣ ਤੇ ਸੁਖ ਦਿੱਤੇ ਹਨ ਅਤੇ ਵੈਰੀਆਂ ਨੂੰ ਪਲ ਵਿੱਚ ਹੀ ਮਾਰ ਦਿੱਤਾ ਹੈ।

**ਘਟ ਘਟ ਕੇ ਅੰਤਰ ਕੀ ਜਾਨਤ ॥**
**ਭਲੇ ਬੁਰੇ ਕੀ ਪੀਰ ਪਛਾਨਤ ॥**

ਉਹ ਹਰ-ਇਕ ਦੇ ਹਿਰਦੇ ਦੀ ਅੰਦਰਲੀ ਜਾਣਦਾ ਹੈ। ਚੰਗੇ ਤੇ ਮੰਦੇ ਦਾ ਦੁੱਖ-ਦਰਦ ਜਾਣਦਾ ਹੈ।

**ਚੀਟੀ ਤੇ ਕੁੰਚਰ ਅਸਥੂਲਾ।।**
**ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ।। ੧੧।।**

ਇਕ ਕੀੜੀ ਤੋਂ ਲੈ ਕੇ ਵੱਡੇ ਹਾਥੀ ਤਕ। ਸਭ ਉੱਪਰ ਮਿਹਰ ਦੀ ਨਜ਼ਰ ਕਰ ਕੇ ਪ੍ਰਸੰਨ ਹੁੰਦਾ ਹੈ।

**ਸੰਤਨ ਦੂਖ ਪਾਏ ਤੇ ਦੂਖੀ।।**
**ਸੁਖ ਪਾਏ ਸਾਧੁਨ ਕੇ ਸੁਖੀ।।**

ਭਗਤਾਂ ਦੇ ਦੁੱਖ ਪਾਉਣ ਨਾਲ ਉਹ ਦੁਖੀ ਹੋ ਜਾਂਦਾ ਹੈ। ਸੰਤਾਂ ਦੇ ਸੁਖ ਪਾਉਣ ਤੇ ਸੁਖੀ ਹੁੰਦਾ ਹੈ।

**ਏਕ ਏਕ ਕੀ ਪੀਰ ਪਛਾਨੈਂ।।**
**ਘਟ ਘਟ ਕੇ ਪਟ ਪਟ ਕੀ ਜਾਨੈਂ।। ੧੨।।**

ਉਹ ਇਕ ਇਕ ਦੀ ਪੀੜ ਪਛਾਣਦਾ ਹੈ। ਹਰ ਇਕ ਸਰੀਰ ਦੇ ਅੰਦਰਲੇ ਭੇਦ ਜਾਣਦਾ ਹੈ।

**ਜਬ ਉਦਕਰਖ ਕਰਾ ਕਰਤਾਰਾ।।**
**ਪ੍ਰਜਾ ਧਰਤ ਤਬ ਦੇਹ ਅਪਾਰਾ।।**

ਹੇ ਕਰਤਾਰ! ਜਦੋਂ ਤੂੰ ਪਸਾਰਾ ਕੀਤਾ। ਖਲਕਤ ਨੇ ਬੇਅੰਤ ਤਰ੍ਹਾਂ ਦੇ ਸਰੀਰ ਧਾਰਨ ਕੀਤੇ।

**ਜਬ ਆਕਰਖ ਕਰਤ ਹੋ ਕਬਹੂੰ ॥**
**ਤੁਮ ਮੈ ਮਿਲਤ ਦੇਹ ਧਰ ਸਭਹੂੰ ॥ ੧੩ ॥**

ਜਦ ਕਦੀ ਤੁਸੀਂ ਪਸਾਰੇ ਨੂੰ ਆਪਣੇ ਵਿੱਚ ਖਿੱਚ ਲੈਂਦੇ ਹੋ (ਤਾਂ) ਸਾਰੇ ਸਰੀਰ ਤੇਰੇ ਵਿੱਚ ਮਿਲ ਜਾਂਦੇ ਹਨ।

**ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥**
**ਆਪੁ ਆਪਨੀ ਬੂਝ ਉਚਾਰੈ ॥**

ਸ੍ਰਿਸ਼ਟੀ ਵਿੱਚ ਸਾਰੇ ਜਿਤਨੇ ਸਰੀਰ ਧਾਰਨ ਕੀਤੇ ਹਨ, ਉਹ ਆਪੋ ਆਪਣੀ ਸਮਝ ਅਨੁਸਾਰ ਤੈਨੂੰ ਕਥਨ ਕਰਦੇ ਹਨ।

**ਤੁਮ ਸਭ ਹੀ ਤੇ ਰਹਤ ਨਿਰਾਲਮ ॥**
**ਜਾਨਤ ਬੇਦ ਭੇਦ ਅਰ ਆਲਮ ॥ ੧੪ ॥**

ਤੁਸੀਂ ਸਾਰਿਆਂ ਤੋਂ ਨਿਰਲੇਪ ਰਹਿੰਦੇ ਹੋ। ਇਹ ਭੇਦ ਵੇਦ ਤੇ ਵਿਦਵਾਨ ਜਾਣਦੇ ਹਨ।

**ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥**
**ਆਦਿ ਅਨੀਲ ਅਨਾਦਿ ਅਸੰਭ ॥**

ਆਕਾਰ ਰਹਿਤ, ਦੋਸ਼ ਰਹਿਤ, ਜਿਸ ਨੂੰ ਆਸਰੇ ਦੀ ਲੋੜ ਨਹੀਂ, ਜੋ ਸਭ ਦਾ ਮੁੱਢ, ਅਰੂਪ ਹੈ, ਜਿਸ ਦਾ ਕੋਈ

ਮੁੱਢ ਨਹੀਂ ਤੇ ਜਨਮ-ਰਹਿਤ ਹੈ।

**ਤਾ ਕਾ ਮੂੜ੍ਹ ਉਚਾਰਤ ਭੇਦਾ॥**
**ਜਾ ਕੋ ਭੇਵ ਨ ਪਾਵਤ ਬੇਦਾ॥੧੫॥**

ਮੂਰਖ ਉਸ ਦਾ ਭੇਦ ਉਚਾਰਦਾ ਹੈ, ਜਿਸ ਦਾ ਭੇਦ ਵੇਦ ਵੀ ਨਹੀਂ ਪਾ ਸਕੇ।

**ਤਾ ਕੋ ਕਰਿ ਪਾਹਨ ਅਨੁਮਾਨਤ॥**
**ਮਹਾ ਮੂੜ੍ਹ ਕਛੁ ਭੇਦ ਨ ਜਾਨਤ॥**

ਮੂਰਖ ਉਸ ਨੂੰ ਪੱਥਰ ਕਰ ਕੇ ਅਨੁਮਾਨਦਾ ਹੈ। ਮਹਾਂ ਮੂਰਖ ਉਸ ਦਾ ਕੁਝ ਵੀ ਭੇਦ ਨਹੀਂ ਜਾਣਦਾ।

**ਮਹਾਦੇਵ ਕੋ ਕਹਤ ਸਦਾ ਸਿਵ॥**
**ਨਿਰੰਕਾਰ ਕਾ ਚੀਨਤ ਨਹਿ ਭਿਵ॥੧੬॥**

ਉਹ ਮਹਾਂਦੇਵ ਜੋਗੀ ਨੂੰ ਹੀ ਸਦਾ ਈਸ਼ੂਰ ਦੱਸਦੇ ਹਨ। ਆਕਾਰ-ਰਹਿਤ ਦਾ ਭੇਦ ਨਹੀਂ ਸਮਝਦੇ।

**ਆਪੁ ਆਪਨੀ ਬੁਧਿ ਹੈ ਜੇਤੀ॥**
**ਬਰਨਤ ਭਿੰਨ ਭਿੰਨ ਤੁਹਿ ਤੇਤੀ॥**

ਆਪੋ-ਆਪਣੀ ਜਿਨੀ ਕਿਸੇ ਦੀ ਸਮਝ ਹੈ। ਉਸੇ ਤਰ੍ਹਾਂ ਵੱਖ-ਵੱਖ ਵਰਣਨ ਕਰਦੇ ਹਨ।

**ਤੁਮਰਾ ਲਖਾ ਨ ਜਾਇ ਪਸਾਰਾ ।।**
**ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ।। ੧੭ ।।**

ਤੇਰਾ ਪਸਾਰਾ ਜਾਣਿਆ ਨਹੀਂ ਜਾ ਸਕਦਾ। ਕਿਸ ਤਰੀਕੇ ਨਾਲ ਪਹਿਲਾਂ ਸੰਸਾਰ ਸਾਜਿਆ।

**ਏਕੈ ਰੂਪ ਅਨੂਪ ਸਰੂਪਾ ।।**
**ਰੰਕ ਭਯੋ ਰਾਵ ਕਹੀ ਭੂਪਾ ।।**

ਉਹ ਹਮੇਸ਼ਾਂ ਇਕੋ ਰੂਪ ਹੈ, ਉਸ ਦੀ ਸੂਰਤ ਅਜੀਬ ਹੈ। ਕਿਧਰੇ ਕੰਗਾਲ ਹੈ, ਕਿਧਰੇ ਰਾਜਾ ਮਹਾਰਾਜਾ ਹੈ।

**ਅੰਡਜ ਜੇਰਜ ਸੇਤਜ ਕੀਨੀ ।।**
**ਉਤਭੁਜ ਖਾਨਿ ਬਹੁਰ ਰਚਿ ਦੀਨੀ ।। ੧੮ ।।**

ਅੰਡਿਆਂ ਤੋਂ, ਜਿਉਰ ਤੋਂ ਅਤੇ ਮੁੜ੍ਹਕੇ ਤੋਂ ਪੈਦਾ ਹੋਣ ਵਾਲੀ ਰਚਨਾ ਕੀਤੀ ਹੈ। ਫਿਰ ਧਰਤੀ ਵਿਚੋਂ ਉੱਗਣ ਵਾਲੀਆਂ ਦੀ ਖਾਣੀ ਬਣਾ ਦਿੱਤੀ।

**ਕਹੂੰ ਫੂਲ ਰਾਜਾ ਹ੍ਵੈ ਬੈਠਾ ।।**
**ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ।।**

ਕਿਧਰੇ ਬ੍ਰਹਮਾ ਬਣੀ ਬੈਠਾ ਹੈਂ। ਕਿਧਰੇ ਸਿਮਟ ਕੇ ਸ਼ਿਵ ਜੀ ਵਾਂਗ ਇੱਕਠਾ ਹੋਇਆ ਹੈਂ।

**ਸਗਰੀ ਸ੍ਰਿਸਟਿ ਦਿਖਾਇ ਅਚੰਭਵ ।।**
**ਆਦਿ ਜੁਗਾਦਿ ਸਰੂਪ ਸੁਯੰਭਵ ।। ੧੯ ।।**

ਤੇਰੀ ਸਾਰੀ ਰਚਨਾ ਅਚੰਭਾ ਦਿਖਾ ਰਹੀ ਹੈ। ਤੂੰ ਆਦਿ ਕਾਲ ਤੇ ਜੁਗਾਂ ਦੇ ਸ਼ੁਰੂ ਹੋਣ ਤੋਂ ਸੁੰਦਰ ਸਰੂਪ ਵਾਲਾ ਆਪਣੇ ਆਪ ਹੋਇਆ ਹੈਂ।

**ਅਬ ਰੱਛਾ ਮੇਰੀ ਤੁਮ ਕਰੋ ।।**
**ਸਿੱਖ ਉਬਾਰਿ ਅਸਿੱਖ ਸੰਘਰੋ ।।**

ਹੁਣ ਤੁਸੀਂ ਮੇਰੀ ਰੱਖਿਆ ਕਰੋ। ਸਿੱਖਾਂ ਨੂੰ ਤਾਰੋ ਤੇ ਬੇ-ਮੁਖਾਂ ਦਾ ਨਾਸ਼ ਕਰੋ।

**ਦੁਸ਼ਟ ਜਿਤੇ ਉਠਵਤ ਉਤਪਾਤਾ ।।**
**ਸਕਲ ਮਲੇਛ ਕਰੋ ਰਣ ਘਾਤਾ ।। ੨੦ ।।**

ਜਿਤਨੇ ਵੈਰੀ ਜ਼ੁਲਮ ਲਈ ਹਮਲੇ ਕਰਦੇ ਹਨ, ਸਾਰੇ ਕੁਕਰਮੀਆਂ ਨੂੰ ਯੁੱਧ ਵਿੱਚ ਮਾਰੋ।

**ਜੇ ਅਸਿਧੁਜ ਤਵ ਸਰਨੀ ਪਰੇ ।।**
**ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ।।**

ਹੇ ਖੜਗ ਦੇ ਨਿਸ਼ਾਨ ਵਾਲੇ! ਜੋ ਤੇਰੀ ਸ਼ਰਨ ਪਏ ਹਨ। ਉਨ੍ਹਾਂ ਦੇ ਵੈਰੀ ਦੁਖੀ ਹੋ ਕੇ ਮਰੇ ਹਨ।

**ਪੁਰਖ ਜਵਨ ਪਗ ਪਰੇ ਤਿਹਾਰੇ ।।**
**ਤਿਨ ਕੇ ਤੁਮ ਸੰਕਟ ਸਭ ਟਾਰੇ ।। ੨੧ ।।**

ਜੋ ਤੇਰੀ ਚਰਨੀਂ ਆ ਪਏ ਹਨ, ਉਨ੍ਹਾਂ ਦੇ ਸਾਰੇ ਦੁੱਖ ਕਲੇਸ਼ ਤੂੰ ਟਾਲ ਦਿਤੇ ਹਨ।

**ਜੋ ਕਲਿ ਕੋ ਇਕ ਬਾਰ ਧਿਐਹੈ ।।**
**ਤਾ ਕੇ ਕਾਲ ਨਿਕਟਿ ਨਹਿ ਐਹੈ ।।**

ਜੋ ਅਕਾਲ ਦਾ ਇਕ ਵਾਰ ਵੀ ਧਿਆਨ ਧਰਦਾ ਹੈ, ਉਸ ਦੇ ਨੇੜੇ ਕਾਲ ਨਹੀਂ ਆਉਂਦਾ।

**ਰੱਛਾ ਹੋਇ ਤਾਹਿ ਸਭ ਕਾਲਾ ।।**
**ਦੁਸਟ ਅਰਿਸਟ ਟਰੇਂ ਤਤਕਾਲਾ ।। ੨੨ ।।**

ਉਨ੍ਹਾਂ ਦੀ ਹਰ ਸਮੇਂ ਰੱਖਿਆ ਹੁੰਦੀ ਹੈ। ਉਨ੍ਹਾਂ ਦੇ ਵੈਰੀ ਤੇ ਬਿਪਤਾ ਇਕ ਦਮ ਟਲ ਜਾਂਦੀਆਂ ਹਨ।

**ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ।।**
**ਤਾ ਕੇ ਤਾਪ ਤਨਕ ਮੋ ਹਰਿਹੋ ।।**

ਦਯਾ ਦੀ ਨਜ਼ਰ ਨਾਲ ਜਿਸ ਨੂੰ ਤੱਕਦੇ ਹੋ, ਉਸ ਦੇ ਦੁੱਖ ਛਿਨ ਵਿੱਚ ਨਾਸ ਕਰ ਦੇਂਦੇ ਹੋ।

**ਰਿੱਧਿ ਸਿੱਧਿ ਘਰ ਮੋ ਸਭ ਹੋਈ॥**
**ਦੁਸ਼ਟ ਛਾਹ ਛ੍ਵੈ ਸਕੈ ਨ ਕੋਈ॥੨੩॥**

ਉਸ ਦੇ ਘਰ ਵਿੱਚ ਸਭ ਨਿਆਮਤਾਂ ਤੇ ਬਰਕਤਾਂ ਆ ਜਾਂਦੀਆਂ ਹਨ। ਕੋਈ ਦੁਸ਼ਮਣ ਉਸ ਦੇ ਪਰਛਾਵੇਂ ਨੂੰ ਭੀ ਨਹੀਂ ਛੂਹ ਸਕਦਾ।

**ਏਕ ਬਾਰ ਜਿਨ ਤੁਮੈ ਸੰਭਾਰਾ॥**
**ਕਾਲ ਫਾਸ ਤੇ ਤਾਹਿ ਉਬਾਰਾ॥**

ਜਿਸ ਨੇ ਇਕ ਵਾਰੀ ਵੀ ਤੈਨੂੰ ਯਾਦ ਕੀਤਾ ਹੈ, ਉਸ ਨੂੰ ਮੌਤ ਦੀ ਫਾਹੀ ਤੋਂ ਤੂੰ ਕੱਢ ਲਿਆ।

**ਜਿਨ ਨਰ ਨਾਮ ਤਿਹਾਰੋ ਕਹਾ॥**
**ਦਾਰਿਦ ਦੁਸਟ ਦੋਖ ਤੇ ਰਹਾ॥੨੪॥**

ਜਿਸ ਮਨੁੱਖ ਨੇ ਤੇਰਾ ਨਾਮ ਜਪਿਆ ਹੈ; ਉਹ ਕੰਗਾਲੀ, ਦੁਸ਼ਮਣਾਂ ਤੇ ਪਾਪਾਂ ਤੋਂ ਬਚ ਜਾਂਦਾ ਹੈ।

**ਖੜਗ ਕੇਤ ਮੈ ਸਰਣਿ ਤਿਹਾਰੀ॥**
**ਆਪ ਹਾਥ ਦੈ ਲੇਹੁ ਉਬਾਰੀ॥**

ਹੇ ਖੜਗ ਦੇ ਨਿਸ਼ਾਨ ਵਾਲੇ ! ਮੈਂ ਤੇਰੀ ਸ਼ਰਨ ਹਾਂ। ਆਪ ਹੱਥ ਦੇ ਕੇ ਮੈਨੂੰ ਬਚਾ ਲਓ।

**ਸਰਬ ਠੌਰ ਮੋ ਹੋਹੁ ਸਹਾਈ ॥**
**ਦੁਸਟ ਦੋਖ ਤੇ ਲੇਹੁ ਬਚਾਈ ॥ ੨੫ ॥**

ਮੈਨੂੰ ਸਭ ਥਾਈਂ ਸਹਾਈ ਹੋਵੋ ਅਤੇ ਵੈਰੀਆਂ ਤੇ ਪਾਪਾਂ ਤੋਂ ਬਚਾ ਲਓ।

**ਸ੍ਵੈਯਾ ॥**

**ਪਾਂਇ ਗਹੇ ਜਬ ਤੇ ਤੁਮਰੇ**
**ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥**

ਜਦੋਂ ਤੋਂ ਤੇਰੇ ਚਰਨ ਫੜੇ ਹਨ, ਤਦ ਤੋਂ ਮੈਂ ਕਿਸੇ ਹੋਰ ਨੂੰ ਅੱਖ ਥੱਲੇ ਨਹੀਂ ਲਿਆਂਦਾ।

**ਰਾਮ ਰਹੀਮ ਪੁਰਾਨ ਕੁਰਾਨ**
**ਅਨੇਕ ਕਹੈਂ ਮਤ ਏਕ ਨ ਮਾਨਯੋ ॥**

ਰਾਮ ਤੇ ਮੁਹੰਮਦ ਸਾਹਿਬ, ਪੁਰਾਨ ਤੇ ਕੁਰਾਨ ਅਨੇਕ ਤਰ੍ਹਾਂ ਦੇ ਮੱਤ ਦੱਸਦੇ ਹਨ, ਪਰ ਮੈਂ ਇਕ ਭੀ ਨਹੀਂ ਮੰਨਿਆ।

**ਸਿੰਮ੍ਰਿਤ ਸਾਸਤ੍ਰ ਬੇਦ ਸਭੈ**
**ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥**

ਵੇਦ, ਸ਼ਾਸਤ੍ਰ ਤੇ ਸਿੰਮ੍ਰਤੀਆਂ ਆਦਿ ਸਾਰੇ ਅਨੇਕਾਂ ਭੇਦ ਵਰਣਨ ਕਰਦੇ ਹਨ, ਪਰ ਮੈਂ ਇਕ ਨੂੰ ਭੀ ਨਹੀਂ

ਜਾਣਿਆ।

**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ**
**ਮੈ ਨ ਕਹ੍ਯੋ ਸਭ ਤੋਹਿ ਬਖਾਨ੍ਯੋ।।**

ਹੇ ਖੜਗਧਾਰੀ ! ਤੇਰੀ ਕ੍ਰਿਪਾ ਕਰ ਕੇ ਇਹ ਮੈਂ ਨਹੀਂ ਕਹਿਆ, ਸਭ ਤੂੰ ਹੀ ਬਿਆਨ ਕੀਤਾ ਹੈ।

**ਦੋਹਰਾ।।**

**ਸਗਲ ਦੁਆਰ ਕਉ ਛਾਡਿ ਕੈ**
**ਗਹਿਓ ਤੁਹਾਰੋ ਦੁਆਰ।।**
**ਬਾਂਹਿ ਗਹੇ ਕੀ ਲਾਜ ਅਸ**
**ਗੋਬਿੰਦ ਦਾਸ ਤੁਹਾਰ।।**

ਸਾਰੇ ਦੁਆਰੇ ਛੱਡ ਕੇ ਤੇਰਾ ਦਰ ਫੜਿਆ ਹੈ। ਬਾਂਹ ਫੜੇ ਦੀ ਤੈਨੂੰ ਲਾਜ ਹੈ, ਗੋਬਿੰਦ (ਸਿੰਘ) ਤੇਰਾ ਦਾਸ ਹੈ।

ਰਾਮਕਲੀ ਮਹਲਾ ੩ ਅਨੰਦੁ ੧ ੴ ਸਤਿਗੁਰ ਪ੍ਰਸਾਦਿ।।

**ਅਨੰਦੁ ਭਇਆ ਮੇਰੀ ਮਾਏ**
**ਸਤਿਗੁਰੂ ਮੈ ਪਾਇਆ।।**

ਮੇਰੀ ਮਾਂ ! ਮੈਂ ਸੱਚਾ ਗੁਰੂ ਪਾ ਲਿਆ ਹੈ ਤੇ ਇਸ ਲਈ

ਮੈਨੂੰ ਖੁਸ਼ੀ ਹੋਈ ਹੈ।

**ਸਤਿਗੁਰੁ ਤ ਪਾਇਆ ਸਹਜ ਸੇਤੀ**
**ਮਨਿ ਵਜੀਆ ਵਾਧਾਈਆ॥**

ਸੱਚਾ ਗੁਰੂ ਸਹਿਜੇ ਹੀ ਪਾਇਆ ਹੈ, ਮਨ ਵਿੱਚ ਵਧਾਈਆਂ ਦੀ ਗੂੰਜਾਰ ਹੋਣ ਲਗ ਪਈ ਹੈ।

**ਰਾਗ ਰਤਨ ਪਰਵਾਰ ਪਰੀਆ**
**ਸਬਦ ਗਾਵਣ ਆਈਆ॥**

ਅਮੋਲਕ ਰਾਗ, ਆਪਣੀਆਂ ਰਾਗਣੀਆਂ ਤੇ ਪਰਵਾਰ ਸਮੇਤ ਸ਼ਬਦ ਗਾਉਣ ਆਏ ਹਨ।

**ਸਬਦੋ ਤ ਗਾਵਹੁ ਹਰੀ ਕੇਰਾ**
**ਮਨਿ ਜਿਨੀ ਵਸਾਇਆ॥**

ਪ੍ਰਭੂ ਦਾ ਸ਼ਬਦ ਗਾਵੋ, ਜਿਸ ਨੇ ਮਨ ਨੂੰ ਆਬਾਦ ਕੀਤਾ ਹੈ।

**ਕਹੈ ਨਾਨਕੁ ਅਨੰਦੁ ਹੋਆ**
**ਸਤਿਗੁਰੂ ਮੈ ਪਾਇਆ॥੧॥**

ਗੁਰੂ ਜੀ ਕਹਿੰਦੇ ਹਨ, ਕਿ ਮੈਂ ਸੱਚਾ ਗੁਰੂ ਪਾ ਲਿਆ ਹੈ, ਇਸ ਲਈ ਮੈਨੂੰ ਖੁਸ਼ੀ ਹੋਈ ਹੈ।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

ਹੇ ਮੇਰੇ ਮਨਾ ! ਤੂੰ ਸਦਾ ਹਰੀ ਦੇ ਨਾਲ ਜੁੜਿਆ ਰਹੋ।

**ਹਰਿ ਨਾਲਿ ਰਹੁ ਤੂ ਮੰਨ ਮੇਰੇ**
**ਦੂਖ ਸਭਿ ਵਿਸਾਰਣਾ ॥**

ਹਰੀ ਦੇ ਨਾਲ ਰਹੋ, ਜੋ ਕਿ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ।

**ਅੰਗੀਕਾਰੁ ਓਹੁ ਕਰੇ ਤੇਰਾ**
**ਕਾਰਜ ਸਭਿ ਸਵਾਰਣਾ ॥**

ਉਹ ਤੈਨੂੰ ਕਬੂਲ ਕਰੇਗਾ, ਜੋ ਕਿ ਸਾਰੇ ਕੰਮ ਸਵਾਰਣ ਵਾਲਾ ਹੈ।

**ਸਭਨਾ ਗਲਾ ਸਮਰਥੁ ਸੁਆਮੀ**
**ਸੋ ਕਿਉ ਮਨਹੁ ਵਿਸਾਰੇ ॥**

ਉਹ ਮਾਲਕ ਸਾਰੀਆਂ ਗੱਲਾਂ ਵਿੱਚ ਸਮਰੱਥ ਹੈ। ਉਸ ਨੂੰ ਮਨ ਤੋਂ ਕਿਉਂ ਭੁਲਾਂਦਾ ਹੈਂ ?

**ਕਹੈ ਨਾਨਕੁ ਮੰਨ ਮੇਰੇ**
**ਸਦਾ ਰਹੁ ਹਰਿ ਨਾਲੇ ॥ ੨ ॥**

ਗੁਰੂ ਸਾਹਿਬ ਫੁਰਮਾਂਦੇ ਹਨ-ਹੇ ਮੇਰੇ ਮਨ ! ਤੂੰ ਹਮੇਸ਼ਾਂ ਪ੍ਰਭੂ ਦੇ ਨਾਲ ਰਹੋ।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ।।**

ਹੇ ਸੱਚੇ ਮਾਲਕ! ਤੇਰੇ ਘਰ ਵਿੱਚ ਕਿਹੜੀ ਚੀਜ਼ ਨਹੀਂ ਹੈ?

**ਘਰਿ ਤ ਤੇਰੈ ਸਭੁ ਕਿਛੁ ਹੈ**
**ਜਿਸੁ ਦੇਹਿ ਸੁ ਪਾਵਏ ।।**

ਤੇਰੇ ਘਰ ਵਿੱਚ ਸਭ ਕੁਝ ਹੈ, ਜਿਸ ਨੂੰ ਦੇਂਦਾ ਹੈਂ, ਉਹ ਪਾਉਂਦਾ ਹੈ।

**ਸਦਾ ਸਿਫਤਿ ਸਲਾਹ ਤੇਰੀ**
**ਨਾਮੁ ਮਨਿ ਵਸਾਵਏ ।।**

ਉਹ ਹਮੇਸ਼ਾਂ ਤੇਰੀ ਉਪਮਾ ਤੇ ਜਸ ਕਰਦਾ ਹੈ ਤੇ ਤੇਰਾ ਨਾਮ ਮਨ ਵਿੱਚ ਵਸਾਉਂਦਾ ਹੈ।

**ਨਾਮੁ ਜਿਨ ਕੈ ਮਨਿ ਵਸਿਆ**
**ਵਾਜੇ ਸਬਦ ਘਨੇਰੇ ।।**

ਜਿਨ੍ਹਾਂ ਦੇ ਮਨ ਵਿੱਚ ਨਾਮ ਵਸਿਆ ਹੈ, ਉਨ੍ਹਾਂ ਦੇ ਹਿਰਦੇ ਵਿੱਚ ਬਹੁਤ ਧੁਨੀਆਂ ਵੱਜਦੀਆਂ ਹਨ।

**ਕਹੈ ਨਾਨਕੁ ਸਚੇ ਸਾਹਿਬ**
**ਕਿਆ ਨਾਹੀ ਘਰਿ ਤੇਰੈ ॥ ੩ ॥**

ਗੁਰੂ ਸਾਹਿਬ ਕਹਿੰਦੇ ਹਨ- ਹੇ ਸੱਚੇ ਸਾਹਿਬ! ਤੇਰੇ ਘਰ ਵਿੱਚ ਕੀ ਨਹੀਂ ਹੈ?

**ਸਾਚਾ ਨਾਮੁ ਮੇਰਾ ਆਧਾਰੋ ॥**

ਸੱਚਾ ਨਾਮ ਮੇਰਾ ਆਸਰਾ ਹੈ।

**ਸਾਚੁ ਨਾਮੁ ਅਧਾਰੁ ਮੇਰਾ**
**ਜਿਨਿ ਭੁਖਾ ਸਭਿ ਗਵਾਈਆ ॥**

ਸੱਚਾ ਨਾਮ ਮੇਰਾ ਆਸਰਾ ਹੈ, ਜਿਸ ਨੇ ਮੇਰੀਆਂ ਸਾਰੀਆਂ ਭੁੱਖਾਂ ਮਿਟਾ ਦਿੱਤੀਆਂ ਹਨ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ**
**ਜਿਨਿ ਇਛਾ ਸਭਿ ਪੁਜਾਈਆ ॥**

ਮਨ ਵਿੱਚ ਸ਼ਾਂਤੀ ਕਰ ਕੇ ਸੁਖ ਆ ਵਸਿਆ ਹੈ, ਜਿਸ ਨੇ ਸਾਰੀਆਂ ਮੁਰਾਦਾਂ ਪੂਰੀਆਂ ਕੀਤੀਆਂ ਹਨ।

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ**
**ਜਿਸ ਦੀਆ ਏਹਿ ਵਡਿਆਈਆ ॥**

ਮੈਂ ਹਮੇਸ਼ਾਂ ਗੁਰੂ ਤੋਂ ਕੁਰਬਾਨ ਹਾਂ, ਜਿਸ ਦੀਆਂ ਇਹ

ਵਡਿਆਈਆਂ ਹਨ।

**ਕਹੈ ਨਾਨਕੁ ਸੁਣਹੁ ਸੰਤਹੁ**
**ਸਬਦਿ ਧਰਹੁ ਪਿਆਰੋ ।।**

ਗੁਰੂ ਜੀ ਕਹਿੰਦੇ ਹਨ- ਹੇ ਸੰਤੋ ! ਸੁਣੋ, ਸ਼ਬਦ (ਨਾਮ) ਨਾਲ ਪਿਆਰ ਕਾਇਮ ਕਰੋ।

**ਸਾਚਾ ਨਾਮੁ ਮੇਰਾ ਆਧਾਰੋ ।। ੪ ।।**

ਸੱਚਾ ਨਾਮ ਹੀ ਮੇਰਾ ਆਸਰਾ ਹੈ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ।।**

ਉਸ ਭਾਗਾਂ ਵਾਲੇ ਘਰ (ਹਿਰਦੇ) ਵਿੱਚ ਸ਼੍ਰੋਮਣੀ ਸ਼ਬਦਾਂ ਦੀ ਧੁਨ ਵੱਜੀ ਹੈ।

**ਘਰਿ ਸਭਾਗੈ ਸਬਦ ਵਾਜੇ**
**ਕਲਾ ਜਿਤੁ ਘਰਿ ਧਾਰੀਆ ।।**

ਭਾਗਾਂ ਵਾਲੇ ਉਸ ਹਿਰਦੇ ਵਿਚ ਸ਼ਬਦਾਂ ਦੀ ਧੁਨ ਵੱਜੀ ਹੈ, ਜਿਸ ਹਿਰਦੇ ਵਿੱਚ ਤੂੰ ਸ਼ਕਤੀ ਵਰਤਾਈ ਹੈ।

**ਪੰਚ ਦੂਤ ਤੁਧੁ ਵਸਿ ਕੀਤੇ**
**ਕਾਲੁ ਕੰਟਕੁ ਮਾਰਿਆ ।।**

ਕਾਮਾਦਿਕ ਪੰਜੇ ਵੈਰੀ ਤੂੰ ਹੀ ਵਸ ਕੀਤੇ ਹਨ ਅਤੇ

ਮੌਤ ਜਿਹੇ ਦੁਸ਼ਮਣ ਨੂੰ ਮਾਰ ਮੁਕਾਇਆ ਹੈ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ**
**ਸਿ ਨਾਮਿ ਹਰਿ ਕੈ ਲਾਗੇ॥**

ਧੁਰ ਤੋਂ ਹੀ ਜਿਨ੍ਹਾਂ ਦੇ ਨਸੀਬ ਵਿੱਚ ਤੂੰ ਪਾਇਆ ਹੈ, ਓਹੀ ਹਰਿ ਨਾਮ ਵਿੱਚ ਲੱਗੇ ਹਨ।

**ਕਹੈ ਨਾਨਕੁ ਤਹ ਸੁਖੁ ਹੋਆ**
**ਤਿਤੁ ਘਰਿ ਅਨਹਦ ਵਾਜੇ॥੫॥**

ਗੁਰੂ ਜੀ ਕਹਿੰਦੇ ਹਨ- ਉਥੇ ਸੁਖ ਹੋਇਆ ਹੈ, ਉਸ ਘਰ ਵਿੱਚ ਅਨਹਦ ਸ਼ਬਦ ਵੱਜਿਆ ਹੈ।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥**

ਹੇ ਵੱਡੇ ਭਾਗਾਂ ਵਾਲਿਓ ! ਅਨੰਦ (ਬਾਣੀ) ਸੁਣੋ। ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ।

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥**

ਵਿਆਪਕ ਵਾਹਿਗੁਰੂ ਪਾ ਲਿਆ ਹੈ ਤੇ ਸਾਰੇ ਝੋਰੇ ਮਿਟ ਗਏ ਹਨ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥**

ਸੱਚੀ ਬਾਣੀ ਸੁਣ ਕੇ ਦੁੱਖ ਰੋਗ ਤੇ ਕਲੇਸ਼ ਮਿਟ ਗਏ

ਹਨ।

**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥**

ਸੰਤ ਸੱਜਣ ਖੁਸ਼ ਹੋਏ, ਜਿਨ੍ਹਾਂ ਨੇ ਪੂਰੇ ਗੁਰੂ ਤੋਂ ਬਾਣੀ ਨੂੰ ਜਾਣਿਆ ਹੈ।

**ਸੁਣਤੇ ਪੁਨੀਤ ਕਹਤੇ ਪਵਿਤੁ**
**ਸਤਿਗੁਰੁ ਰਹਿਆ ਭਰਪੂਰੇ॥**

ਸੁਣਨ ਵਾਲੇ ਪਵਿੱਤਰ ਤੇ ਕਹਿਣ ਵਾਲੇ ਵੀ ਪਾਕ ਹਨ, ਸੱਚਾ ਗੁਰੂ ਸਭ ਥਾਈਂ ਵਿਆਪਕ ਹੈ।

**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ**
**ਵਾਜੇ ਅਨਹਦ ਤੂਰੇ॥੪੦॥੧॥**

ਗੁਰੂ ਜੀ ਬੇਨਤੀ ਕਰਦੇ ਹਨ ਕਿ ਗੁਰੂ ਦੀ ਚਰਨੀਂ ਲੱਗ ਕੇ ਇਕ ਰਸ ਵਾਜੇ ਵੱਜਦੇ ਹਨ।

**ਮੁੰਦਾਵਣੀ ਮਹਲਾ ੫॥**

ਮੁਹਰ ਛਾਪ ਪੰਜਵੀ ਪਾਤਸ਼ਾਹੀ॥

**ਥਾਲ ਵਿਚਿ ਤਿੰਨਿ ਵਸਤੂ ਪਈਓ**
**ਸਤੁ ਸੰਤੋਖੁ ਵੀਚਾਰੋ॥**

(ਗੁਰੂ ਗ੍ਰੰਥ ਸਾਹਿਬ ਰੂਪੀ) ਥਾਲ ਵਿੱਚ ਤਿੰਨ ਵਸਤਾਂ

ਹਨ : ਸੱਚ, ਸੰਤੋਖ ਤੇ ਵਿਚਾਰ।

**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ**
**ਜਿਸ ਕਾ ਸਭਸੁ ਅਧਾਰੋ ।।**

ਮਾਲਕ ਦਾ ਅੰਮ੍ਰਿਤ ਰੂਪੀ ਨਾਮ ਵੀ ਪਿਆ ਹੈ, ਜਿਸ ਦਾ ਸਭਨਾਂ ਨੂੰ ਆਸਰਾ ਹੈ।

**ਜੇ ਕੋ ਖਾਵੈ ਜੇ ਕੋ ਭੁੰਚੈ**
**ਤਿਸ ਕਾ ਹੋਇ ਉਧਾਰੋ ।।**

ਜੇ ਕੋਈ ਇਹ ਖਾਵੇ, ਜੇ ਕੋਈ ਇਸ ਦਾ ਅਨੰਦ ਮਾਣੇ, ਉਸ ਦਾ ਪਾਰ ਉਤਾਰਾ ਹੋ ਜਾਏਗਾ।

**ਏਹ ਵਸਤੁ ਤਜੀ ਨਹ ਜਾਈ**
**ਨਿਤ ਨਿਤ ਰਖੁ ਉਰਿ ਧਾਰੋ ।।**

ਇਹ ਵਸਤੂ ਛੱਡੀ ਨਹੀਂ ਜਾ ਸਕਦੀ। ਇਸ ਨੂੰ ਸਦਾ ਹੀ ਹਿਰਦੇ ਵਿੱਚ ਧਾਰਨ ਕਰ ਕੇ ਰੱਖੋ।

**ਤਮ ਸੰਸਾਰੁ ਚਰਨ ਲਗਿ ਤਰੀਐ**
**ਸਭੁ ਨਾਨਕ ਬ੍ਰਹਮ ਪਸਾਰੋ ।।੧।।**

ਹਨੇਰੇ ਰੂਪੀ ਸੰਸਾਰ ਨੂੰ ਪ੍ਰਭੂ ਦੇ ਚਰਨੀਂ ਲੱਗ ਕੇ ਤਰੀਦਾ ਹੈ। ਹੇ ਨਾਨਕ ! ਸਾਰਾ ਬ੍ਰਹਮ ਦਾ ਹੀ ਪਸਾਰਾ ਹੈ।

**ਸਲੋਕ ਮਹਲਾ ੫ ॥**

ਪੰਜਵੀਂ ਪਾਤਸ਼ਾਹੀ ਦਾ ਸਲੋਕ।

**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥**

ਮੈਂ ਤੇਰਾ ਕੀਤਾ ਨਹੀਂ ਜਾਣਿਆ। ਤੂੰ ਮੈਨੂੰ ਇਸ ਲਾਇਕ ਕੀਤਾ ਹੈ।

**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ**
**ਆਪੇ ਤਰਸੁ ਪਇਓਈ ॥**

ਮੈਂ ਗੁਣ-ਹੀਣ ਵਿੱਚ ਕੋਈ ਗੁਣ ਨਹੀਂ, ਤੂੰ ਆਪੇ ਤਰਸ ਕੀਤਾ ਹੈ।

**ਤਰਸੁ ਪਇਆ ਮਿਹਰਾਮਤਿ ਹੋਈ**
**ਸਤਿਗੁਰੁ ਸਜਣੁ ਮਿਲਿਆ ॥**

ਤਰਸ ਪਿਆ ਤੇ ਦਯਾ ਹੋ ਗਈ, ਸਤਿਗੁਰੂ ਸੱਜਣ ਮਿਲ ਪਿਆ।

**ਨਾਨਕ ਨਾਮੁ ਮਿਲੈ ਤਾਂ ਜੀਵਾਂ**
**ਤਨੁ ਮਨੁ ਥੀਵੈ ਹਰਿਆ ॥ ੧ ॥**

ਗੁਰੂ ਜੀ ਕਹਿੰਦੇ ਹਨ- ਮੈਨੂੰ ਨਾਮ ਮਿਲੇ ਤਾਂ ਜੀਵਾਂਗਾ ਅਤੇ ਤਨ ਮਨ ਹਰਿਆ ਹੋਵੇਗਾ।

# ਅਰਦਾਸ

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗੌਤੀ ਜੀ ਸਹਾਇ॥
ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ

ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ,ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ, ਬੋਲੋ ਜੀ ਵਾਹਿਗੁਰੂ ! ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ,

ਵਾਹਿਗੁਰੂ, ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ!

ਸਿਖਾਂ ਨੂੰ ਸਿਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅੱਟਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਸਿੱਖਾਂ ਦਾ ਮਨ ਨੀਵਾਂ, ਮਤ ਉਚੀ, ਮਤ ਦਾ ਰਾਖਾ ਆਪਿ ਵਾਹਿਗੁਰੂ। ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸਚੇ ਪਿਤਾ, ਵਾਹਿਗੁਰੂ! ਆਪ ਦੇ ਹਜ਼ੂਰ ....★ ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ।

---

★ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।

# ਸੋਹਿਲਾ

**ਸੋਹਿਲਾ** : ਬਾਣੀ ਦਾ ਨਾਮ ਹੈ, ਅਰਥ ਹੈ ਜਸ।

**ਰਾਗੁ ਗਉੜੀ ਦੀਪਕੀ ਮਹਲਾ ੧**

ਰਾਗੁ ਗਉੜੀ ਦੀਪਕੀ ਵਿੱਚ ਪਹਿਲੀ ਪਾਤਸ਼ਾਹੀ ਉਚਾਰਦੇ ਹਨ।

**ੴ ਸਤਿਗੁਰ ਪ੍ਰਸਾਦਿ॥**

ਸਦਾ ਥਿਰ ਗੁਰੂ ਦੀ ਕਿਰਪਾ ਨਾਲ ਜੋ ਇਕ ਹੈ ਤੇ ਸਾਰੇ ਪਸਰਿਆ ਹੈ।

**ਜੈ ਘਰਿ ਕੀਰਤਿ ਆਖੀਐ**
**ਕਰਤੇ ਕਾ ਹੋਇ ਬੀਚਾਰੋ॥**
**ਤਿਤੁ ਘਰਿ ਗਾਵਹੁ ਸੋਹਿਲਾ**
**ਸਿਵਰਿਹੁ ਸਿਰਜਣਹਾਰੋ॥੧॥**

ਜਿਸ ਘਰ (ਮਨ) ਵਿੱਚ ਹਰੀ ਦਾ ਜਸ ਕੀਤਾ ਜਾਂਦਾ ਹੈ ਅਤੇ ਕਰਤਾਰ ਦੀ ਵਿਚਾਰ ਹੁੰਦੀ ਹੈ, ਉਸ ਮਨ ਵਿੱਚ ਅਨੰਦ-ਮਈ ਸ਼ਬਦ ਗਾਓ ਅਤੇ ਸਿਰਜਣਹਾਰ ਦਾ ਸਿਮਰਨ ਕਰੋ।

**ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ।।**
**ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ।।**
**੧ ।। ਰਹਾਉ ।।**

ਤੁਸੀਂ ਮੇਰੇ ਨਿਰਭੈ ਹਰੀ ਦਾ ਜਸ ਗਾਓ। ਮੈਂ ਕੁਰਬਾਨ ਹਾਂ, ਜਿਸ ਜਸ ਕਰਕੇ ਸਦਾ ਸੁਖ ਹੁੰਦਾ ਹੈ। ਠਹਿਰਾਉ।

**ਨਿਤ ਨਿਤ ਜੀਅੜੇ ਸਮਾਲੀਅਨਿ**
**ਦੇਖੈਗਾ ਦੇਵਣਹਾਰੁ ।।**

ਹਰ ਵੇਲੇ ਜੀਵਾਂ ਦੀ ਸੰਭਾਲ ਹੋ ਰਹੀ ਹੈ, ਉਹ ਸਾਡੀ ਵੀ ਸੰਭਾਲ ਕਰੇਗਾ।

**ਤੇਰੇ ਦਾਨੈ ਕੀਮਤਿ ਨਾ ਪਵੈ**
**ਤਿਸੁ ਦਾਤੇ ਕਵਣੁ ਸੁਮਾਰੁ ।। ੨ ।।**

ਉਸ ਦੇ ਦਾਨ ਦਾ ਮੁੱਲ ਨਹੀਂ ਪੈ ਸਕਦਾ, ਉਸ ਦਾਤੇ ਦਾ ਲੇਖਾ ਕੌਣ ਕਰ ਸਕਦਾ ਹੈ?

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ।।**

(ਹਰੀ ਦੇ ਮੇਲ ਦਾ) ਸੰਮਤ ਤੇ ਸਮਾਂ ਲਿਖਿਆ ਹੋਇਆ ਹੈ, ਤੁਸੀਂ ਰਲ ਕੇ ਤੇਲ ਚੜ੍ਹਾਓ।

**ਦੇਹੁ ਸਜਣ ਅਸੀਸੜੀਆ**
**ਜਿਉ ਹੋਵੈ ਸਾਹਿਬ ਸਿਉ ਮੇਲੁ ।। ੩ ।।**

ਹੇ ਸੱਜਣੋਂ! ਅਸੀਸਾਂ ਦਿਓ, ਜਿਸ ਕਰਕੇ ਮਾਲਕ ਨਾਲ ਮੇਲ ਹੋ ਜਾਵੇ।

**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ।।**

ਹਰ ਘਰ ਵਿੱਚ ਇਹੋ (ਮੌਤ ਦਾ) ਸੰਦੇਸ਼ ਹੈ, ਹਮੇਸ਼ਾਂ ਸੱਦੇ ਆਉਂਦੇ ਹਨ।

**ਸਦਣਹਾਰਾ ਸਿਮਰੀਐ**
**ਨਾਨਕ ਸੇ ਦਿਹ ਆਵੰਨਿ ।। ੪ ।। ੧ ।।**

ਬੁਲਾਣ ਵਾਲੇ ਹਰੀ ਨੂੰ ਯਾਦ ਕਰੀਏ, ਹੇ ਨਾਨਕ! ਉਹ ਮਿਲਾਪ ਦੇ ਦਿਨ ਆਉਣ।

**ਰਾਗੁ ਆਸਾ ਮਹਲਾ ੧ ।।**

ਆਸਾ ਰਾਗ ਵਿੱਚ ਪਹਿਲੀ ਪਾਤਸ਼ਾਹੀ ਉਚਾਰਨ ਕਰਦੇ ਹਨ।

**ਛਿਅ ਘਰ ਛਿਅ ਗੁਰ ਛਿਅ ਉਪਦੇਸ॥**
**ਗੁਰੁ ਗੁਰੁ ਏਕੋ ਵੇਸ ਅਨੇਕ॥੧॥**

ਛੇ ਸ਼ਾਸਤਰ* ਹਨ, ਉਨ੍ਹਾਂ ਦੇ ਰਚਣ ਵਾਲੇ ਛੇ ਗੁਰੂ ਹਨ ਅਤੇ ਛੇ ਤਰ੍ਹਾਂ ਦੇ ਉਨ੍ਹਾਂ ਦੇ ਉਪਦੇਸ਼ ਹਨ। ਇਨ੍ਹਾਂ ਗੁਰੂਆਂ ਦਾ ਗੁਰੂ ਇਕ ਪ੍ਰਮਾਤਮਾ ਹੈ, ਜਿਸ ਦੇ ਅਨੇਕਾਂ ਰੂਪ ਹਨ।

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥**
**ਸੋ ਘਰੁ ਰਾਖੁ ਵਡਾਈ ਤੋਇ॥੧॥ ਰਹਾਉ॥**

ਹੇ ਬਾਬਾ! ਜਿਸ ਮੱਤ ਵਿੱਚ ਕਰਤਾਰ ਦਾ ਜਸ ਹੁੰਦਾ ਹੈ, ਉਸ ਨੂੰ ਮਨ ਵਿੱਚ ਰੱਖਣ ਨਾਲ ਤੇਰੀ ਵਡਿਆਈ ਹੈ। ਠਹਿਰਾਉ।

---

*** ਛੇ ਸ਼ਾਸਤਰ ਅਤੇ ਉਨ੍ਹਾਂ ਦੇ ਕਰਤਾ :**

| | | | | | |
|---|---|---|---|---|---|
| ੧. | ਸਾਂਖ | ਕਪਲ ਮੁਨੀ। | ੪. | ਮੀਮਾਂਸਾ | ਜੈਮਨੀ ਰਿਸ਼ੀ। |
| ੨. | ਵੈਸ਼ੇਸ਼ਿਕ | ਕਨਾਦ ਮੁਨੀ। | ੫. | ਯੋਗ | ਪਤੰਜਲੀ। |
| ੩. | ਨਿਆਇ | ਗੋਤਮ ਰਿਸ਼ੀ। | ੬. | ਵੇਦਾਂਤ | ਵੇਦ ਵਿਆਸ। |

**ਵਿਸੁਏ ਚਸਿਆ ਘੜੀਆ ਪਹਰਾ**
**ਥਿਤੀ ਵਾਰੀ ਮਾਹੁ ਹੋਆ॥**

ਵਿਸਿਆਂ ਤੋਂ ਚਸੇ ਤੇ ਫਿਰ ਘੜੀਆਂ ਤੇ ਪਹਿਰ ਅਤੇ ਥਿੱਤਾਂ ਤੇ ਵਾਰ ਬਣਦੇ ਹਨ ਅਤੇ ਦਿਨਾਂ ਦਾ ਮਹੀਨਾ ਹੋ ਜਾਂਦਾ ਹੈ।

**ਸੂਰਜੁ ਏਕੋ ਰੁਤਿ ਅਨੇਕ॥**
**ਨਾਨਕ ਕਰਤੇ ਕੇ ਕੇਤੇ ਵੇਸ॥੨॥੨॥**

ਸੂਰਜ ਤਾਂ ਇਕ ਹੈ, ਉਸ ਤੋਂ ਅਨੇਕਾਂ ਰੁੱਤਾਂ ਹੁੰਦੀਆਂ ਹਨ। ਹੇ ਨਾਨਕ! ਇੰਜ ਹੀ ਇਕ ਸਿਰਜਣਹਾਰ ਦੇ ਕਈ ਸਰੂਪ ਹਨ।

**ਰਾਗੁ ਧਨਾਸਰੀ ਮਹਲਾ ੧॥**

ਧਨਾਸਰੀ ਰਾਗ ਵਿੱਚ ਪਹਿਲੀ ਪਾਤਸ਼ਾਹੀ ਉਚਾਰਨ ਕਰਦੇ ਹਨ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ**
**ਤਾਰਿਕਾ ਮੰਡਲ ਜਨਕ ਮੋਤੀ॥**

ਅਕਾਸ਼-ਮਈ ਥਾਲ ਹੈ, ਸੂਰਜ ਤੇ ਚੰਨ ਦੀਵੇ ਬਣੇ ਹਨ; ਤਾਰਿਆਂ ਦੇ ਇੱਕਠ ਜਾਨੋ ਮੋਤੀ ਹਨ।

**ਧੂਪੁ ਮਲਆਨਲੋ ਪਵਣੁ ਚਵਰੋ ਕਰੇ**
**ਸਗਲ ਬਨਰਾਇ ਫੂਲੰਤ ਜੋਤੀ।।੧।।**

ਚੰਦਨ ਦੀ ਮਹਿਕ ਧੂਪ ਹੈ, ਹਵਾ ਚੌਰੀ ਕਰਦੀ ਹੈ। ਹੇ ਜੋਤ ਸਰੂਪ! ਸਾਰੀ ਬਨਾਸਪਤੀ ਮਾਨੋਂ ਫੁੱਲ ਹਨ।

**ਕੈਸੀ ਆਰਤੀ ਹੋਇ।।ਭਵ ਖੰਡਨਾ ਤੇਰੀ ਆਰਤੀ।।**
**ਅਨਹਤਾ ਸਬਦ ਵਾਜੰਤ ਭੇਰੀ।।੧।। ਰਹਾਉ।।**

ਇਹ ਕੈਸੀ ਆਰਤੀ ਹੋ ਰਹੀ ਹੈ। ਹੇ ਭੈ ਨਾਸ਼ਕ! ਤੇਰੀ ਆਰਤੀ ਇਕ-ਰਸ ਨਿਰੰਤਰ। ਇਲਾਹੀ ਸ਼ਬਦ ਮਾਨੋ ਨਗਾਰੇ ਵੱਜ ਰਹੇ ਹਨ। ਠਹਿਰਾਉ।

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ**
**ਸਹਸ ਮੂਰਤਿ ਨਨਾ ਏਕ ਤੋੁਹੀ।।**

ਤੇਰੇ ਹਜ਼ਾਰਾਂ ਨੇਤਰ ਹਨ, ਪਰ ਅਸਲ ਵਿੱਚ ਤੇਰੀ ਕੋਈ ਅੱਖ ਨਹੀਂ; ਤੇਰੇ ਹਜ਼ਾਰਾਂ ਸਰੂਪ ਹਨ, ਪਰ ਤੇਰਾ ਇਕ ਖਾਸ ਸਰੂਪ ਨਹੀਂ।

**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ**
**ਸਹਸ ਤਵ ਗੰਧ ਇਵ ਚਲਤ ਮੋਹੀ।।੨।।**

ਤੇਰੇ ਹਜ਼ਾਰਾਂ ਹੀ ਨਿਰਮਲ ਚਰਨ ਹਨ, ਪਰ ਤੇਰਾ

ਇਕ ਭੀ ਪੈਰ ਨਹੀਂ; ਤੂੰ ਨਾਸਾਂ ਤੋਂ ਬਿਨਾਂ ਹੈ, ਪਰ ਤੇਰੀਆਂ ਹਜ਼ਾਰਾਂ ਨਾਸਾਂ ਹਨ। ਤੇਰੇ ਐਸੇ ਕੌਤਕਾਂ ਨੇ ਮੈਨੂੰ ਮੋਹ ਲਿਆ ਹੈ।

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**

ਸਾਰਿਆਂ ਅੰਦਰ ਜੋਤ ਹੈ, ਇਹ ਜੋਤ ਉਹ ਆਪ ਹੈ; ਉਸ ਦੇ ਚਾਨਣ ਕਰ ਕੇ ਸਭਨਾਂ ਵਿੱਚ ਚਾਨਣ ਹੁੰਦਾ ਹੈ।

**ਗੁਰ ਸਾਖੀ ਜੋਤਿ ਪਰਗਟੁ ਹੋਇ॥**
**ਜੋ ਤਿਸੁ ਭਾਵੈ ਸੁ ਆਰਤੀ ਹੋਇ॥ ੩॥**

ਗੁਰੂ ਦੀ ਸਿਖਿਆ ਕਰ ਕੇ ਇਹ ਜੋਤ ਪਰਗਟ ਹੁੰਦੀ ਹੈ। ਜੋ ਉਸ ਨੂੰ ਪਰਵਾਨ ਹੈ, ਉਹੋ ਆਰਤੀ ਹੁੰਦੀ ਹੈ।

**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ**
**ਅਨਦਿਨੋੁ ਮੋਹਿ ਆਹੀ ਪਿਆਸਾ॥**

ਹਰੀ ਦੇ ਚਰਨ ਕਮਲਾਂ ਦੇ ਸ਼ਹਿਦ ਉਤੇ ਮੇਰਾ ਮਨ ਮਸਤ ਹੋਇਆ ਹੈ ਅਤੇ ਮੈਨੂੰ ਨਿੱਤ ਇਸ ਦੀ ਹੀ ਪਿਆਸ ਹੈ।

**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ**
**ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥**

ਹੇ ਪਰਮਾਤਮਾ! ਨਾਨਕ ਪਪੀਹੇ ਨੂੰ ਮਿਹਰਾਂ ਦਾ ਜਲ ਦੇਹ, ਜਿਸ ਨਾਲ ਮੇਰਾ ਤੇਰੇ ਨਾਮ ਵਿੱਚ ਵਾਸਾ ਹੋ ਜਾਵੇ।

**ਰਾਗੁ ਗਉੜੀ ਪੂਰਬੀ ਮਹਲਾ ੪ ॥**

ਗਉੜੀ ਪੂਰਬੀ ਰਾਗ ਵਿੱਚ ਚੌਥੀ ਪਾਤਸ਼ਾਹੀ ਉਚਾਰਨ ਕਰਦੇ ਹਨ।

**ਕਾਮਿ ਕਰੋਧਿ ਨਗਰੁ ਬਹੁ ਭਰਿਆ**
**ਮਿਲਿ ਸਾਧੂ ਖੰਡਲ ਖੰਡਾ ਹੇ ॥**

ਸਰੀਰ ਕਾਮ ਕਰੋਧ ਨਾਲ ਭਰਿਆ ਹੋਇਆ ਹੈ, ਸੰਤਾਂ ਨੂੰ ਮਿਲਣ ਨਾਲ ਇਹ ਟੁੱਟ ਕੇ ਨਾਸ ਹੋ ਗਏ ਹਨ।

**ਪੂਰਬਿ ਲਿਖਤ ਲਿਖੇ ਗੁਰੁ ਪਾਇਆ**
**ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥**

ਧੁਰੋਂ ਲਿਖੀ ਲਿਖਤ ਅਨੁਸਾਰ ਗੁਰੂ ਨੂੰ ਪਾਇਆ ਹੈ ਅਤੇ ਮਨ ਹਰੀ ਦੇ ਪ੍ਰੇਮ-ਮੰਡਲ ਵਿੱਚ ਟਿਕ ਗਿਆ ਹੈ।

**ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥**
**ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥**

ਉਨ੍ਹਾਂ ਨਾਸ-ਰਹਿਤ ਪ੍ਰਮਾਤਮਾ ਪ੍ਰਾਪਤ ਕਰ ਲਿਆ ਹੈ, ਉਨ੍ਹਾਂ ਦੀ ਸ੍ਰਿਸ਼ਟੀ ਦੇ ਸਭ ਹਿੱਸਿਆਂ ਵਿੱਚ ਸੋਭਾ ਹੁੰਦੀ ਹੈ।

**ਹਮ ਗਰੀਬ ਮਸਕੀਨ ਪ੍ਰਭ ਤੇਰੇ**
**ਹਰਿ ਰਾਖੁ ਰਾਖੁ ਵਡ ਵਡਾ ਹੇ ॥**

ਮੈਂ ਗਰੀਬ ਤੇ ਨਿਮਾਣਾ ਹਾਂ, ਪਰ ਹੇ ਪ੍ਰਭੂ ! ਤੇਰਾ ਹਾਂ; ਮੇਰੀ ਰੱਖਿਆ ਕਰੋ, ਰੱਖਿਆ ਕਰੋ, ਹੇ ਹਰੀ! ਤੂੰ ਵੱਡਿਆਂ ਦਾ ਵੱਡਾ ਹੈਂ।

**ਜਨ ਨਾਨਕ ਨਾਮੁ ਅਧਾਰੁ ਟੇਕ ਹੈ**
**ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥**

ਦਾਸ ਨਾਨਕ ਲਈ ਨਾਮ ਹੀ ਸਹਾਰਾ ਤੇ ਆਸਰਾ ਹੈ, ਹਰੀ ਦੇ ਨਾਮ ਕਰ ਕੇ ਹੀ ਸੁਖ ਮਾਣਿਆ ਹੈ।

**ਰਾਗੁ ਗਉੜੀ ਪੂਰਬੀ ਮਹਲਾ ੫ ॥**

ਗਉੜੀ ਪੂਰਬੀ ਰਾਗ ਵਿੱਚ ਪੰਜਵੀ ਪਾਤਸ਼ਾਹੀ ਉਚਾਰਨ ਕਰਦੇ ਹਨ।

**ਕਰਉ ਬੇਨੰਤੀ ਸੁਣਹੁ ਮੇਰੇ ਮੀਤਾ**
**ਸੰਤ ਟਹਲ ਕੀ ਬੇਲਾ ॥**

ਸੰਤਾਂ ਅੱਗੇ ਹੱਥ ਜੋੜ, ਇਹ ਵਡਾ ਪੁੰਨ ਹੈ। ਉਨ੍ਹਾਂ ਨੂੰ ਲੰਮੇ ਪੈ ਕੇ ਪ੍ਰਣਾਮ ਕਰ, ਇਹ ਵੱਡਾ ਪੁੰਨ ਹੈ।

**ਸਾਕਤ ਹਰਿ ਰਸ ਸਾਦੁ ਨ ਜਾਣਿਆ**
**ਤਿਨ ਅੰਤਰਿ ਹਉਮੈ ਕੰਡਾ ਹੇ॥**

ਪਾਪੀਆਂ ਨੇ ਹਰੀ ਦੇ ਰਸ ਦਾ ਸੁਆਦ ਨਹੀਂ ਜਾਣਿਆ, ਉਨ੍ਹਾਂ ਦੇ ਅੰਦਰ ਹੰਕਾਰ ਦਾ ਕੰਡਾ ਹੈ।

**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ**
**ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥**

ਜਿਉ-ਜਿਉਂ ਚਲਦੇ ਹਨ, ਇਹ ਕੰਡਾ ਉਨ੍ਹਾਂ ਨੂੰ ਚੁਭਦਾ ਹੈ, ਉਹ ਦੁੱਖ ਪਾਉਂਦੇ ਹਨ ਤੇ ਉਹ ਸਿਰ ਉਤੇ ਮੌਤ ਦਾ ਡੰਡਾ ਸਹਿੰਦੇ ਹਨ।

**ਹਰਿ ਜਨ ਹਰਿ ਹਰਿ ਨਾਮਿ ਸਮਾਣੇ**
**ਦੁਖੁ ਜਨਮ ਮਰਣ ਭਵ ਖੰਡਾ ਹੇ॥**

ਹਰੀ ਦੇ ਭਗਤ ਹਰੀ ਨਾਮ ਵਿੱਚ ਲੀਨ ਰਹਿੰਦੇ ਹਨ, ਉਨ੍ਹਾਂ ਦਾ ਜਨਮ ਮਰਨ ਦਾ ਦੁੱਖ ਤੇ ਭੈ ਦੂਰ ਹੋ ਜਾਂਦਾ ਹੈ।

**ਅਬਿਨਾਸੀ ਪੁਰਖੁ ਪਾਇਆ ਪਰਮੇਸਰੁ**
**ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥**

ਮੈਂ ਬੇਨਤੀ ਕਰਦਾ ਹਾਂ- ਮੇਰੇ ਮਿੱਤਰੋ ! ਸੁਣੋ, ਸੰਤਾਂ ਦੀ ਸੇਵਾ ਕਰਨ ਦਾ ਹੁਣ ਚੰਗਾ ਸਮਾਂ ਹੈ।

**ਈਹਾ ਖਾਟਿ ਚਲਹੁ ਹਰਿ ਲਾਹਾ**
**ਆਗੈ ਬਸਨੁ ਸੁਹੇਲਾ ॥੧॥**

ਇਥੇ ਹਰੀ ਦੇ ਨਾਮ ਦਾ ਲਾਭ ਖੱਟ ਕੇ ਜਾਓਗੇ ਤਾਂ ਅੱਗੇ ਪ੍ਰਲੋਕ ਵਿੱਚ ਵਸਣਾ ਸੁਖਦਾਈ ਹੋਏਗਾ।

**ਅਉਧ ਘਟੈ ਦਿਨਸੁ ਰੈਣਾਰੇ ॥**
**ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥**

ਦਿਨ ਰਾਤ ਉਮਰ ਘਟ ਰਹੀ ਹੈ। ਹੇ ਮਨ ! ਗੁਰੂ ਨੂੰ ਮਿਲ ਕੇ ਕਾਰਜ ਰਾਸ ਕਰ ਲੈ। ਠਹਿਰਾਉ।

**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ**
**ਤਰਿਓ ਬ੍ਰਹਮ ਗਿਆਨੀ ॥**

ਇਹ ਦੁਨੀਆਂ ਵਿਸ਼ੇ ਵਿਕਾਰਾਂ ਤੇ ਭਰਮਾਂ ਵਿੱਚ ਡੁੱਬ ਰਹੀ ਹੈ, ਰੱਬ ਨੂੰ ਜਾਣਨ ਵਾਲਾ ਤਰ ਜਾਂਦਾ ਹੈ।

**ਜਿਸਹਿ ਜਗਾਇ ਪੀਆਵੈ ਇਹੁ ਰਸੁ**
**ਅਕਥ ਕਥਾ ਤਿਨਿ ਜਾਨੀ ॥੨॥**

ਜਿਸ ਨੂੰ ਪ੍ਰਭੂ ਜਗਾ ਕੇ ਇਹ ਨਾਮ-ਰਸ ਪਿਆਉਂਦਾ ਹੈ, ਉਸ ਨੇ ਬਿਆਨ ਨਾ ਹੋ ਸਕਣ ਵਾਲੇ ਪ੍ਰਭੂ ਦੀ ਕਥਾ

ਜਾਣ ਲਈ ਹੈ।

**ਜਾ ਕਉ ਆਏ ਸੋਈ ਬਿਹਾਝਹੁ**
**ਹਰਿ ਗੁਰ ਤੇ ਮਨਹਿ ਬਸੇਰਾ ।।**

ਉਹੀ ਵਣਜ ਕਰੋ, ਜਿਸ ਲਈ ਆਏ ਹੋ, ਗੁਰੂ ਦੁਆਰਾ ਪ੍ਰਮੇਸ਼ਰ ਮਨ ਵਿੱਚ ਆ ਵਸਦਾ ਹੈ।

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ**
**ਬਹੁਰਿ ਨ ਹੋਇਗੋ ਫੇਰਾ ।। ੩ ।।**

ਆਪਣੇ ਹਿਰਦੇ ਵਿੱਚ ਸਹਿਜੇ ਹੀ ਸੁਖ ਦਾ ਨਿਵਾਸ ਪਾ ਲਓ, ਇੰਜ ਮੁੜ ਕੇ ਜਨਮ ਮਰਨ ਦਾ ਫੇਰਾ ਨਹੀਂ ਹੋਏਗਾ।

**ਅੰਤਰਜਾਮੀ ਪੁਰਖ ਬਿਧਾਤੇ**
**ਸਰਧਾ ਮਨ ਕੀ ਪੂਰੇ ।।**

ਹੇ ਦਿਲਾਂ ਦੀ ਜਾਣਨ ਵਾਲੇ ਸਰਬ-ਵਿਆਪੀ ਕਰਤਾਰ! ਮਨ ਦੀ ਮੁਰਾਦ ਪੂਰੀ ਕਰਨ ਵਾਲੇ।

**ਨਾਨਕ ਦਾਸੁ ਇਹੈ ਸੁਖੁ ਮਾਗੈ**
**ਮੋ ਕਉ ਕਰਿ ਸੰਤਨ ਕੀ ਧੂਰੇ ।। ੪ ।। ੫ ।।**

ਦਾਸ ਨਾਨਕ ! ਤੈਥੋਂ ਇਹੋ ਸੁਖ ਮੰਗਦਾ ਹੈ, ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜੀ ਬਣਾ ਦਿਓ। ★ ★